ੴ ਸਤਿਗੁਰ ਪ੍ਰਸਾਦਿ ॥

# ਤਵਾਰੀਖ ਗੁਰੂ ਖਾਲਸਾ

## (ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ)

ਕ੍ਰਿਤ:

## ਗਿਆਨੀ ਗਿਆਨ ਸਿੰਘ ਜੀ

# TWARIKH GURU KHALSA

## (History of Guru Arjan Dev ji)

By

## Giani Gian Singh ji

ਸ਼ਹੀਦਾਂ ਦੇ ਸਿਰਤਾਜ
ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ
੪੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 400th Martyrdom Anniversary of
Sri Guru Arjan Dev ji

ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Made Available by:
Bhai Baljinder Singh ji (Rara Sahib)
© Baljinder Singh 16914 Lassen Street, Northridge, CA 91343 USA
*Visit: www.ik13.com* *Email rarasahib@yahoo.com*

Important Notice:
This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

## ਤਤਕਰਾ

Click any of link on right side of the tabe for easy access to a chapter


| | |
|---|---|
| (ਪਾਃ ੫ - ੧) | ਸ੍ਰੀ ਗੁਰੂ ਅਰਜਨ ਦੇਵ ਜੀ ਪਾਤਸ਼ਾਹੀ ੫<br>ਪਾ: ੫ ਅਵਤਾਰ<br>ਸ਼ਾਦੀ ਅਤੇ ਸੰਤਾਨ |
| (ਪਾਃ ੫ - ੨) | ਪ੍ਰਿਥੀਚੰਦ ਦੀ ਬੇਸਮਝੀ |
| (ਪਾਃ ੫ - ੩) | ਸਿੱਖਾਂ ਦਾ ਉੱਦਮ ਤੇ ਭਾਈ ਗੁਰਦਾਸ ਜੀ ਦੀ ਹਿੰਮਤ<br>ਪਿਪਲੀ ਸਾਹਿਬ |
| (ਪਾਃ ੫ - ੪) | ਸ੍ਰੀ ਅੰਮ੍ਰਿਤਸਰ ਤੀਰਥ ਦਾ ਬਣਨਾ<br>ਸੰਤਾਂ ਕੇ ਕਾਰਜ ਆਪਿ ਖਲੋਇਆ<br>ਮਸੰਦਾਂ ਦਾ ਸਰਫਾ |
| (ਪਾਃ ੫ - ੫) | ਸੰਤੋਖਸਰ ਤੀਰਥ ਤਿਆਰ ਹੋਣਾ<br>ਭਾਈ ਸੰਤੋਖ ਪਿਸ਼ੌਰੀ ਸਿੱਖ<br>ਸੰਤੋਖਾ ਯੋਗੀ |
| (ਪਾਃ ੫ - ੬) | ਸਿਖਾਂ ਦੀਆਂ ਘਾਲਣਾਂ ਤੇ ਮੰਝ ਦੀ ਕਥਾ |
| (ਪਾਃ ੫ - ੭) | ਭਾਈ ਬਹੋੜੂ ਦਾ ਪ੍ਰੇਮ |
| (ਪਾਃ ੫ - ੮) | ਸਿੱਧੂ ਜ਼ਿਮੀਂਦਾਰ ਦੀ ਕਥਾ<br>ਭਾਈ ਬਹਿਲੋ |
| (ਪਾਃ ੫ - ੯) | ਕਾਬਲ ਵਾਲੀ ਮਾਈ |
| (ਪਾਃ ੫ - ੧੦) | ਭਾਈ ਬੁੱਧੂ ਲਾਹੌਰੀ |
| (ਪਾਃ ੫ - ੧੧) | ਗੰਗਾ ਰਾਮ ਬ੍ਰਾਹਮਣ<br>ਬਿਧੀਚੰਦ ਸਿਧੀਚੰਦ<br>ਮੂਲਚੰਦ |
| (ਪਾਃ ੫ - ੧੨) | ਭਾਈ ਅਜਬ ਅਜਾਇਬ ਡਰੌਲੀ ਵਾਲੇ<br>ਮੁਕਤੀ ਦਾ ਸੌਖਾ ਉਪਾਅ |
| (ਪਾਃ ੫ - ੧੩) | ਭਾਈ ਕਲਜਾਣੇ ਦੀ ਕਥਾ<br>ਲੇਖ ਨਾ ਮਿਟਈ ਹੇ ਸਖੀ |
| (ਪਾਃ ੫ - ੧੪) | ਸ੍ਰੀ ਦਰਬਾਰ ਸਾਹਿਬ ਜੀ<br>ਦਰਬਾਰ ਸਾਹਿਬ ਦੀ ਨੀਂਹ |
| (ਪਾਃ ੫ - ੧੫) | ਸ੍ਰੀ ਤਰਨ ਤਾਰਨ ਜੀ ਦਾ ਵੱਸਣਾ<br>ਨੂਰਦੀਨ ਅਮੀਰਦੀਨ ਦੀ ਜ਼ਿਆਦਤੀ<br>ਤਰਨਤਾਰਨ ਦੀ ਮਹਿਮਾ |
| (ਪਾਃ ੫ - ੧੬) | ਧਰਮ ਉਪਦੇਸ਼ ਸਿੱਖਾਂ ਪ੍ਰਤਿ<br>ਗ੍ਰਿਹ ਸ਼ਗਨ ਖੰਡਨ |
| (ਪਾਃ ੫ - ੧੭) | ਆਗਰੇ ਦੀ ਸੰਗਤ ਨੂੰ ਗਿਆਨ<br>ਆਗਰੇ ਦੀ ਸੰਗਤ ਨੂੰ ਦਿਲਚਸਪ ਉਪਦੇਸ਼ |
| (ਪਾਃ ੫ - ੧੮) | ਕਰਤਾਰਪੁਰ ਦਾ ਵੱਸਣਾ<br>ਭਾਈ ਹੇਮਾ |

| | |
|---|---|
| | ਥੰਮ੍ਹ ਸਾਹਿਬ |
| (ਪਾ: ੫ - ੧੯) | ਪ੍ਰਿਥੀਚੰਦ ਦੇ ਅਧਿਕ ਵਿਰੋਧ ਦਾ ਕਾਰਣ<br>ਮਾਤਾ ਗੰਗਾ<br>ਬਾਬਾ ਬੁੱਢਾ ਜੀ ਦੇ ਵਚਨ<br>ਵਡਾਲੀ ਭਾਈ ਭਾਗੂ ਦੇ ਘਰ |
| (ਪਾ: ੫ - ੨੦) | ਗੁਰੂ ਹਰਿਗੋਬਿੰਦ ਜੀ ਦਾ ਪ੍ਰਗਟ ਹੋਣਾ ਤੇ ਪ੍ਰਿਥੀਏ ਦੇ ਹੱਥ ਕਰਨੇ<br>ਛਿਹਰਟਾ ਸਾਹਿਬ<br>ਸੋਭੀ ਦਾਈ ਦੀ ਕਰਤੂਤ<br>ਇੱਕ ਹੋਰ ਡਾਇਣ ਦਾ ਕਾਰਾ<br>ਸਪੇਰੇ ਤੋਂ ਸੱਪ ਛਡਾਇਆ<br>ਦੁਨੀ ਚੰਦ ਦੁਸ਼ਟ ਬ੍ਰਾਹਮਣ |
| (ਪਾ: ੫ - ੨੧) | ਪ੍ਰਿਥੀਚੰਦ ਨੇ ਹੇਹਰ ਪਿੰਡ ਤੇ ਤੀਰਥ ਰਚਣਾ |
| (ਪਾ: ੫ - ੨੨) | ਗੁਰੂ ਅਰਜਨ ਸਾਹਿਬ ਜੀ ਦਾ ਫੇਰ ਲਾਹੌਰ ਜਾਣਾ |
| (ਪਾ: ੫ - ੨੩) | ਲਾਹੌਰ ਦੀ ਬਾਉਲੀ ਲਗਾਉਣੀ<br>ਛੱਜੂ ਅਤੇ ਪਠਾਣ ਦਾ ਝਗੜਾ |
| (ਪਾ: ੫ - ੨੪) | ਕਲਜਾਨ ਕਾਰ ਜਾਤ੍ਰਾ<br>ਭਾਈ ਗੁੰਦਾਰਾ |
| (ਪਾ: ੫ - ੨੫) | ਸਿੱਖਾਂ ਦਾ ਸਿਦਕ ਤੇ ਜੋਗੀ ਦਾ ਮੇਲ।<br>ਮਹੇਸ਼ਾ ਜੋਗੀ<br>ਭਾਈ ਤਿਲਕੂ |
| (ਪਾ: ੫ - ੨੬) | ਸ੍ਰੀਚੰਦ ਦਾ ਮਿਲਾਪ ਬਾਰਠ ਤੇ ਗੁਰੂ ਕੀ ਰੌੜ<br>ਭਾਈ ਕਮਲੀਆ<br>ਅਹਿਦੀਆ ਆਉਣ ਵਾਲਾ ਵਚਨ<br>ਬਾਰਠ ਸ੍ਰੀਚੰਦ ਜੀ ਨੂੰ ਮਿਲੇ<br>ਸ੍ਰੀਚੰਦ ਜੀ ਵਲੋਂ ਵਰਦਾਨ |
| (ਪਾ: ੫ - ੨੭) | ਵਜ਼ੀਰ ਖਾਂ ਦਾ ਰੋਗ ਹਟਣਾ |
| (ਪਾ: ੫ - ੨੮) | ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ<br>ਬਾਣੀਆਂ ਦਾ ਵਿਸਥਾਰ ਸਹਿਤ ਵੇਰਵਾ<br>ਭਾਈ ਬੰਨੋ |
| (ਪਾ: ੫ - ੨੯) | ਬ੍ਰਾਹਮਣ ਤੇ ਪੱਥਰ ਪੂਜਾ |
| (ਪਾ: ੫ - ੩੦) | ਸੱਤੇ ਬਲਵੰਡ ਤੇ ਭਾਈ ਲੱਧੇ ਦੀ ਕਥਾ |
| (ਪਾ: ੫ - ੩੧) | ਪ੍ਰਿਥੀਚੰਦ ਤੇ ਚੰਦੂਸ਼ਾਹੀ ਦਾ ਵਿਰੋਧ<br>ਚੰਦੂ ਦੇ ਲਾਗੀ ਆਏ |
| (ਪਾ: ੫ - ੩੨) | ਮੇਹਰਵਾਨ ਦਾ ਝਗੜਾ ਸੁਲਭੀ ਤੇ ਸੁਲਹੀ ਦਾ ਮਰਨਾ |

| | |
|---|---|
| (ਪਾ਼ ੫ - ੩੩) | ਬਾਦਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਕਰਨਾ |
| (ਪਾ਼ ੫ - ੩੪) | ਬਾਦਸ਼ਾਹ ਦਾ ਗੁਰੂ ਜੀ ਨੂੰ ਮਿਲਣਾ ਤੇ ਬੀਬੀ ਭਾਨੀ, ਮਹਾਂਦੇਵ ਪ੍ਰਿਥੀਏ ਦਾ ਚਲਾਣਾ।<br>ਗੁਰੂ ਜੀ ਨੇ ਕਾਲ ਕਾਰਣ ਪੰਜਾਬ ਦਾ ਮਾਮਲਾ ਮੁਆਫ਼ ਕਰਵਾਇਆ<br>ਮਾਤਾ ਭਾਨੀ ਜੀ ਪ੍ਰਲੋਕ ਗਮਨ<br>ਬਾਬਾ ਮਹਾਂਦੇਵ ਜੀ ਪ੍ਰਲੋਕ ਗਮਨ<br>ਪ੍ਰਿਥੀਚੰਦ ਦਾ ਚਲਾਣਾ |
| (ਪਾ਼ ੫ - ੩੫) | ਗੁਰੂ ਮਹਾਰਾਜ ਜੀ ਦਾ ਜੋਤੀ ਜੋਤਿ ਸਮਾਉਣਾ<br>ਖੁਸਰੋ ਆਗਮਨ<br>ਬਾਦਸ਼ਾਹ ਪਾਸ ਚੁਗਲੀ<br>ਨਾਜ਼ਮ ਲਾਹੌਰ ਦੀ ਪੇਸ਼ਕਸ਼<br>ਚੰਦੂ ਦੁਸ਼ਟ ਦੀ ਕੈਦ ਵਿੱਚ<br>ਮੀਆਂ ਮੀਰ ਜੀ<br>ਚੰਦੂ ਦੀ ਨੂੰਹ<br>ਗੁਰੂ ਜੀ ਦੀ ਸ਼ਹਾਦਤ |

## (ਪਾਃ ੫ - ੧)

# ਸ੍ਰੀ ਗੁਰੂ ਅਰਜਨ ਦੇਵ ਜੀ ਪਾਤਸ਼ਾਹੀ ੫

ਏਹ ਗੁਰੂ ਸਾਹਿਬ {ਪਾ: ੫ ਅਵਤਾਰ} ੧੮ ਵੈਸਾਖ ਵਦੀ ੭ ਮੰਗਲ ਵਾਰ ਰੋਹਣੀ ਨਛੱਤ੍ਰ ਰਾਤ ਢਲੀ ਸੰਮਤ ੧੬੧੦ ਬਿਕ੍ਰਮੀ ੧੫੫੪ ਈ. ੯੮੨ ਹਿਜ਼ਰੀ ਸੰਮਤ ਨਾ. ਸ਼ਾ. ੮੪ ਵਿੱਚ ਹਿਮਾਯੂੰ ਬਾਦਸ਼ਾਹ ਦੇ ਸਮੇਂ ਗੋਇੰਦਵਾਲ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁੱਖੋਂ ਪ੍ਰਗਟ ਹੋਏ। ਪਹਿਲਾ {ਸ਼ਾਦੀ ਅਤੇ ਸੰਤਾਨ} ਵਿਆਹ ਏਹਨਾਂ ਦਾ ਮੌੜ ਪਿੰਡ ਚੰਦਨ ਦਾਸ ਸੁੜੀ ਖੱਤ੍ਰੀ ਦੀ ਬੇਟੀ ਰਾਮਦੇਈ ਨਾਲ ਸੰਮਤ ੧੬੨੨ ਬਿਕ੍ਰਮੀ ਨੂੰ ਹੋਯਾ। ਪਰ ਜਦ ਓਹ ਬਿਨਾਂ ਸੰਤਾਨ ਉਪਜਾਏ ਤਾਂ ਸੰਮਤ ੧੬੪੧ ਬਿਕ੍ਰਮੀ ਨੂੰ ਚਲਾਣਾ ਕਰ ਗਈ ਤਾਂ ਦੂਜਾ ਵਿਆਹ ਮਉ ਪਿੰਡ ਪ੍ਰਗਣੇ ਫਲੌਰ ਕਿਸ਼ਨ ਚੰਦ ਖਤਰੀ ਦੀ ਬੇਟੀ ਗੰਗਾ ਦੇਈ ਨਾਲ ੩ ਹਾੜ ਸੰਮਤ ੧੬੪੬ ਬਿਕ੍ਰਮੀ ਨੂੰ ਹੋਯਾ। ਏਹਨਾਂ ਦੀ ਕੁੱਖੋਂ ਇੱਕ ਪੁੱਤ੍ਰ ਛੀਵੇਂ ਗੁਰੂ ‘ਹਰਿਗੋਬਿੰਦ’ ਜੀ ਪੈਦਾ ਹੋਏ।

ਗੁਰੂ ਸਾਹਿਬ ਨੇ ਗੱਦੀ ਪਰ ਬੈਠ ਕੇ ਓਹ ਬਡੇ ਬਡੇ ਕੰਮ ਕੀਤੇ ਹਨ, ਜੋ ਹਮੇਸ਼ ਵਾਸਤੇ ਇਸ ਸਿੱਖ ਪੰਥ ਦੀ ਬ੍ਰਿਧੀ ਤੇ ਰੌਣਕ ਦਾ ਕਾਰਣ ਹਨ। ਜੈਸਾ ਕਿ ਤੀਰਥ ਲਗਾਏ, ਤਲਾਉ ਬਾਉਲੀਆਂ ਲਗਵਾਈਆਂ, ਕਸਬੇ (ਪਿੰਡ) ਵਸਾਏ, ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਧੀ ਜੋ ਸਿੱਖ ਪੰਥ ਨੂੰ ਹਮੇਸ਼ ਪਰਫੁੱਲਤ ਰੱਖ ਕੇ ਚਾਰ ਪਦਾਰਥ ਦੇਣ ਲਈ ਕਲਪ ਬ੍ਰਿਛ ਨਾਲੋਂ ਭੀ ਹਜ਼ਾਰ ਗੁਣੀ ਚੰਗੀ ਹੈ। ਏਹ ਗੁਰੂ ਸਾਹਿਬ ਭੀ ਪਿਛਲੇ ਗੁਰੂਆਂ ਵਾਂਙ ਢਲੀ ਰਾਤ ਤੋਂ ਜਾਗ ਕੇ ਸੌਚ ਇਸ਼ਨਾਨ ਕਰ, ਆਤਮਾ ਪ੍ਰਮਾਤਮਾ ਦੇ ਧਯਾਨ ਵਿੱਚ ਤਾੜੀ ਲਾ ਕੇ ਏਕਾਂਤ ਅਡੋਲ ਬੈਠ ਜਾਂਦੇ। ਫੇਰ ਸੱਤੇ, ਬਲਵੰਡ ਰਬਾਬੀਆਂ ਤੋਂ ਆਸਾ ਦੀ ਵਾਰ ਗੁਰਬਾਣੀ ਦਾ ਉਚਾਰ ਤੇ ਕੀਰਤਨ ਸੁਣਦੇ। ਦਿਨ ਚੜ੍ਹੇ ਸਿੱਖਾਂ ਨੂੰ ਦਰਸ਼ਨ, ਉਪਦੇਸ਼, ਪਾਹੁਲ ਦੇ ਕੇ ਨਿਹਾਲ ਕਰਦੇ ਰਹਿੰਦੇ ਅਤੇ ਨਾਮ ਦਾ ਤੇ ਅੰਨ ਦਾ ਲੰਗਰ ਹਰ ਵੇਲੇ ਲੱਗਾ ਰਹਿੰਦਾ।

## (ਪਾ: ੫ - ੨)

## ਪ੍ਰਿਥੀਚੰਦ ਦੀ ਬੇਸਮਝੀ

ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਹਮੇਸ਼ ਸੰਗਤਾਂ ਆਈਆਂ ਨੂੰ ਜਥਾ ਜੋਗ ਅੰਨ, ਬਸਤ੍ਰ, ਉਤਾਰਾ ਦੇਣਾ, ਆਦਰ ਕਰਨਾ; ਜਾਂਦੀਆਂ ਨੂੰ ਸਿਰੋਪਾਉ ਦੇਣੇ ਤੇ ਲੰਗਰ ਆਦਿਕ ਗੁਰੂ ਘਰ ਦਾ ਸਭ ਬਿਵਹਾਰ ਲੈਣ ਦੇਣ ਦਾ, ਪ੍ਰਿਥੀਚੰਦ ਦੇ ਹੱਥ ਵਿੱਚ ਹੀ ਰਿਹਾ ਸੀ। ਏਸੇ ਕਰ ਕੇ ਕਾਰ ਭੇਟ ਲਿਆਉਣ ਵਾਲੇ ਮਸੰਦ, ਮੇਵੜੇ, ਸਿੱਖ ਸੇਵਕ ਸਭ ਪ੍ਰਿਥੀਚੰਦ ਨੂੰ ਹੀ ਬਹੁਤਾ ਜਾਣਦੇ ਸੇ ਅਤੇ ਗੁਰੂ ਅਰਜਨ ਦੇਵ ਜੀ ਨੂੰ ਘੱਟ ਪਛਾਨਦੇ ਸੇ। ਸਭ ਆਮਦਨੀ ਗੁਰੂ ਚੱਕ ਦੇ ਖੂਹਾਂ ਦੀ, ਚੜ੍ਹਤ ਦੀ, ਪ੍ਰਿਥੀਚੰਦ ਦੇ ਹੀ ਹੱਥ ਸੀ। ਤਾਂ ਹੀ ਓਸ ਪਾਸ ਬਹੁਤ ਰੁਪਯਾ ਜਮ੍ਹਾ ਹੋ ਗਿਆ ਸੀ। ਗੁਰੂ ਅਰਜਨ ਦੇਵ ਜੀ ਦੇ ਪਾਸ ਸਿਵਾਇ ਪ੍ਰਮੇਸ਼੍ਵਰ ਦੇ ਨਾਮ ਤੇ ਗੁਰਿਆਈ ਦੀ ਗੱਦੀ ਦੇ ਹੋਰ ਕੋਈ ਸੰਸਾਰੀ ਪਦਾਰਥ ਨਹੀਂ ਸੀ। ਜਦ ਗੁਰੂ ਰਾਮਦਾਸ ਜੀ ਗੁਰੂ ਅਰਜਨ ਜੀ ਨੂੰ ਗੁਰਿਆਈ ਦੇ ਗਏ, ਤਾਂ ਪ੍ਰਿਥੀਚੰਦ ਨੇ ਓਸੇ ਦਿਨ ਤੋਂ ਮਨੋਂ ਤਨੋਂ ਗੁਰੂ ਅਰਜਨ ਜੀ ਨਾਲ ਵੈਰ ਬੰਨ੍ਹ ਲਿਆ। ਅਨੇਕ ਉਪੱਦ੍ਰਵ ਕਰਾਉਣੇ ਆਰੰਭ ਕਰ ਦਿੱਤੇ। ਭਾਵੇਂ ਗੁਰੂ ਸਾਹਿਬ ਨੇ ਗੁਰੂ ਕੇ ਬਾਜ਼ਾਰ ਦੀ ਤੇ ਗੁਰੂ ਚੱਕ ਦੇ ਸਭਨਾਂ ਖੂਹਾਂ ਦੀ ਆਮਦਨ ਪ੍ਰਿਥੀਚੰਦ ਤੋਂ ਪੁੱਛੀ ਭੀ ਨਹੀਂ ਸੀ, ਸਗੋਂ ਜ਼ਨਾਨੀਆਂ ਮਰਦਾਵੀਆਂ ਪੁਸ਼ਾਕਾਂ ਤੇ ਪ੍ਰਸ਼ਾਦ ਲੰਗਰੋਂ ਲਾ ਰੱਖਿਆ ਸੀ ਤੇ ਪ੍ਰਿਥੀਚੰਦ ਦੇ ਪੁੱਤ੍ਰ ਮੇਹਰਵਾਨ ਨੂੰ ਆਪਣੇ ਪਾਸ ਰੱਖ ਕੇ ਪੁੱਤਾਂ ਵਾਂਙ ਪਾਲਣਾ ਭੀ ਕਰਦੇ ਸੇ। ਪਰੰਤੂ ਪ੍ਰਿਥੀਚੰਦ:

ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ।

(ਭਾ. ਗੁਰਦਾਸ ਜੀ: ਵਾਰ ੩੫, ਪਉੜੀ ੧)

ਹਰ ਵੇਲੇ ਬੋਲ ਕੁਬੋਲ, ਲੜਾਈ ਝਗੜਾ ਹੀ ਕਰਦਾ ਰਹਿੰਦਾ। ਜਿਉਂ ਜਿਉਂ ਗੁਰੂ ਜੀ ਖ਼ਿਮਾ ਕਰਦੇ ਜਾਣ, ਤਿਉਂ ਤਿਉਂ ਓਹ ਸਿਰ ਚੜ੍ਹਦਾ ਜਾਏ ਤੇ ਪੱਦ੍ਰਾਂ ਵੀਹ ਆਦਮੀ ਲੁੱਚੇ ਲੁੰਡੇ ਲੜਾਕੇ ਆਪਣੇ ਪਾਸ ਰੱਖ ਲਏ। ਹਰ ਵੇਲੇ ਗੁਰੂ ਜੀ ਦੇ ਤਾਕ ਵਿੱਚ ਲਗਾ ਰਹੇ। ਜੋ ਕੁਛ ਨਜ਼ਰ ਭੇਟਾ ਆਵੇ ਸਭ ਚੁੱਕ ਲਵੇ। ਗੁਰੂ ਜੀ ਸ਼ਾਂਤਿ ਸਰੂਪ ਚੁੱਪ ਚਾਪ ਬੈਠੇ ਰਹਿਣ ਤੇ ਕੁਛ ਨਾ ਆਖਣ। ਓੜਕ ਪ੍ਰਿਥੀਚੰਦ ਨੇ ਮਸੰਦਾਂ ਨੂੰ ਲਾਲਚ ਦੇ ਕੇ ਆਪਣੀ ਵੱਲ ਕਰ ਲਿਆ ਤੇ ਦੇਸ ਪ੍ਰਦੇਸ ਥੋਂ ਗੁਰੂ ਬਣ ਕੇ ਕਾਰ ਭੇਟ ਉਗ੍ਰਾਹਣ ਲੱਗਾ ਪਿਆ। ਗੁਰੂ ਸਾਹਿਬ ਵੱਲ ਇੱਕ ਪੈਸਾ ਭੀ ਨਾ ਆਵਣ ਦੇਵੇ। ਅਤੇ ਅਨਰਥ ਦੀ ਗੱਲ ਇਹ ਜੋ ਪ੍ਰਸ਼ਾਦ ਦੇ ਵੇਲੇ ੨੦-੨੫ ਆਦਮੀ ਲੈ ਕੇ ਲੰਗਰ ਵਿੱਚ ਆ ਜਾਏ। ਜੋ ਸੰਗਤਾਂ ਆਵਣ ਓਹ ਪ੍ਰਸ਼ਾਦ ਤਾਂ ਗੁਰੂ ਜੀ ਦੇ ਲੰਗਰੋਂ ਛੱਕਣ ਤੇ ਰੁਪਯਾ ਪੈਸਾ ਸਭ ਪ੍ਰਿਥੀਚੰਦ ਲੈ ਜਾਏ। ਏਥੋਂ ਤੱਕ ਤੰਗੀ ਆਪ ਗੁਰੂ ਜੀ ਨੇ ਸਹਾਰੀ ਕਿ ਘਰ ਦੇ ਕਪੜੇ, ਗਹਿਣੇ, ਵੇਚ ਵੇਚ ਲੰਗਰ ਚਲਾਯਾ। ਓੜਕ ਇੱਕ ਇੱਕ ਰੋਟੀ ਛੋਲਿਆਂ ਦੀ ਮਿਲਣ ਪਰ ਆ ਗਈ, ਪਰੰਤੂ ਗੁਰੂ ਜੀ ਨੇ ਆਪਣੇ ਮੂੰਹੋਂ ਪ੍ਰਿਥੀਏ ਨੂੰ ਕੁੱਝ ਨਾ ਆਖਿਆ।

## (ਪਾਃ ੫ - ੩)

# ਸਿੱਖਾਂ ਦਾ ਉੱਦਮ ਤੇ ਭਾਈ ਗੁਰਦਾਸ ਜੀ ਦੀ ਹਿੰਮਤ

ਸੰਮਤ ੧੬੪੩ ਬਿਕ੍ਰਮੀ ਨੂੰ ਭਾਈ ਗੁਰਦਾਸ ਜੀ; ਜੋ ਬਹੁਤ ਚਿਰ ਦੇ ਆਗਰੇ ਵੱਲ ਗੁਰੂ ਜੀ ਦੀ ਸਿੱਖੀ ਬ੍ਰਿਧਾਵਨ ਗਏ ਹੋਏ ਸੇ, ਗੁਰੂ ਚੱਕ ਆਏ ਤੇ ਗੁਰੂ ਜੀ ਨੂੰ ਆਪਣੇ ਨਿਤ ਨਮਿਤ ਭਜਨ ਪਾਠ ਵਿੱਚ ਲੱਗੇ ਹੋਏ ਸ਼ਾਂਤਿ ਚਿਤ ਦੇਖ ਤੇ ਬਹੁਤ ਖ਼ੁਸ਼ੀ ਹੋਏ। ਪਰ ਜਦ ਆਪਣੀ ਭੈਣ, ਮਾਤਾ ਭਾਨੀ ਜੀ ਨੂੰ ਮੱਥਾ ਟੇਕਣ ਗਏ ਤਾਂ ਛੋਲਿਆਂ ਦੀ ਪ੍ਰਸ਼ਾਦੀ ਛਕਣ ਨੂੰ ਮਿਲੀ। ਜਾਂ ਕਾਰਨ ਪੁੱਛਿਆ ਤਾਂ ਮਾਤਾ ਜੀ ਨੇ ਪ੍ਰਿਥੀਚੰਦ ਦੀਆਂ ਸਭ ਬੁਰਿਆਈਆਂ, ਜਬਰੀਆਂ ਤੇ ਖੁਟਿਆਈਆਂ ਸੁਣਾਈਆਂ ਜਿਸ ਪਰ ਭਾਈ ਗੁਰਦਾਸ ਜੀ ਬੜੇ ਗ਼ੁੱਸੇ ਵਿੱਚ ਆਏ ਤੇ ਲੰਗਰ ਵਿੱਚ ਛੋਲਿਆਂ ਦੀ ਰੋਟੀ! ਸੋ ਭੀ ਰੱਜਵੀਂ ਨਾ ਮਿਲੇ! ਅਤੇ ਪ੍ਰਿਥੀਏ ਨੂੰ ਮਨ ਭਾਣੇ ਖਾਣੇ ਖਾਂਦਾ ਦੇਖ ਕੇ ਬੜੇ ਫ਼ਿਕਰ ਵਿੱਚ ਪੈ ਗਏ ਤੇ ਆਖਣ ਲੱਗੇ, "ਕਲੀ ਕਾਲ ਦੀ ਕਰਤੂਤ ਹੈ

> ਜਪੀ ਤਪੀ ਭੁਖੇ ਰਹਿਨ ਕਰਦੇ ਚੋਰ ਬਹਾਰ।
> ਬਿਭਚਾਰਨ ਬਾਂਛਤ ਲਹੇ ਸਤਵੰਤੀ ਦੁਖਿਆਰ।

ਫੇਰ ਓਸੇ ਦਿਨ ਬਾਬੇ ਬੁੱਢੇ ਜੀ ਪਾਸ ਬਾਸਰਕੇ ਬੀੜ ਵਿੱਚ; ਜਿੱਥੇ ਓਹ ਤਪ ਕਰ ਰਹੇ ਸਨ, ਗਏ ਤੇ ਸਭ ਹਾਲ ਸੁਣਾ ਕੇ ਉਨ੍ਹਾਂ ਨੂੰ ਅੰਮ੍ਰਿਤਸਰ ਲੈ ਆਂਦਾ। ਗੋਇੰਦਵਾਲ ਤੋਂ ਮੋਹਰੀ ਜੀ ਨੂੰ ਤੇ ਭਾਈ ਸਾਲੋ, ਜੇਠੇ, ਪੈੜੇ, ਗੁਰੀਏ ਆਦਿਕ ਉਜਾਗਰ ਉਜਾਗਰ ਸਿੱਖਾਂ ਨੂੰ ਜੋ ਆਪਣੇ ਆਪਣੇ ਘਰ ਗਏ ਹੋਏ ਸੀ, ਬੁਲਾ ਲਿਆ। ਸਭ ਨੇ ਇੱਕ ਮੁਠ ਹੋ ਕੇ ਅੰਮ੍ਰਿਤਸਰ ਦੇ ਚੁਫੇਰੇ ਦੇ ਰਾਹ ਰੋਕ ਲਏ ਤੇ ਲਾਹੌਰ ਦੇ ਰਾਹ ਪਰ, ਜਿਸ ਬਾਦਸ਼ਾਹੀ ਰਸਤੇ ਬਹੁਤ ਸੰਗਤ ਆਯਾ ਕਰਦੀ ਸੀ; ਬਾਬੇ ਬੁੱਢੇ ਜੀ ਨੂੰ ਨਾਲ ਲੈ ਕੇ ਢਾਈਕੁ ਕੋਹ ਉੱਪਰ, ਜੋ ਹੁਣ {ਪਿਪਲੀ ਸਾਹਿਬ} ਪਿੱਪਲੀ ਗੁਰਦੁਆਰਾ ਮਸ਼ਹੂਰ ਹੈ ਆਪ ਜਾ ਬੈਠੇ ਤੇ ਇੱਕ ਝੜ੍ਹਾ ਬਨਾ ਕੇ ਉਸੇ ਉੱਪਰ ਚਾਦਰ ਪਾ ਕੇ ਮੋਰ ਪੰਖ ਦਾ ਮੁੱਠਾ ਬਾਬੇ ਨੂੰ ਫੇਰਨ ਲਗਾਯਾ। ਆਪ ਰਾਹ ਜਾਂਦੀਆਂ ਸੰਗਤਾਂ ਨੂੰ ਘੇਰ ਘੇਰ ਪ੍ਰੇਰ ਪ੍ਰੇਰ ਲਿਆ ਕੇ ਉਸੇ ਥਾਂ ਸੰਗਤ ਤੋਂ ਪੂਜਾ ਭੇਟਾ ਲੈ ਕੇ ਗੁਰੂ ਜੀ ਪਾਸ ਪਹੁੰਚਾਣ ਲਗੇ। ਅਨੇਕ ਸਿਦਕੀ ਸਿੱਖ ਹੁਕਮਨਾਮੇ ਦੇ ਕਰ ਸਭਨਾਂ ਪਰਗਨਿਆਂ ਵਿੱਚ ਭੇਜ ਦਿੱਤੇ ਅਤੇ ਜੋ ਬਾਣੀ ਪ੍ਰਿਥੀਚੰਦ ਮੀਣੇ ਦੇ ਪ੍ਰਥਾਇ ਬਣਾਈ ਓਹ ਬਹੁਤੇ ਸਿੱਖਾਂ ਨੂੰ ਕੰਠ ਕਰਾ ਕੇ ਸੰਗਤਾਂ ਨੂੰ ਸੁਣਾਉਣ ਲਗ ਪਏ, ਜਿਸ ਕਰ ਕੇ ਸਭ ਸਿੱਖ ਪ੍ਰਿਥੀਏ ਨੂੰ ਗੁਰੂ ਘਰ ਦਾ ਦਵੈਖੀ ਤੇ ਅਤਿ ਅਨੀਤ ਦਗੇ ਫਰੇਬ ਕਰਨ ਵਾਲਾ ਗੁਰੂ ਰਾਮਦਾਸ ਜੀ ਦਾ ਤਿਆਗਿਆ ਹੋਯਾ ਸਮਝ ਕੇ ਓਸ ਵੱਲੋਂ ਅਜੇਹੇ ਹਟ ਕੇ ਜੋ ਫੇਰ ਉਧਰ ਤੱਕਣ ਭੀ ਨਹੀਂ। ਕਿਉਂਕਿ ਬਾਬੇ ਬੁੱਢੇ ਤੇ ਭਾਈ ਗੁਰਦਾਸ, ਭਾਈ ਸਾਲੋ, ਭਾਈ ਗੁਰੂਆ, ਪਹਿਲੂ, ਜੇਠਾ, ਪੈੜਾ ਆਦਿਕ ਚੰਗੇ ਚੰਗੇ ਮੰਨੇ ਤੰਨੇ ਹੋਏ ਸਿੱਖ ਗੁਰੂ ਜੀ ਵੱਲ ਸੇ। ਤਾਂ ਹੀ ਸਭ ਸੰਗਤਾਂ ਗੁਰੂ ਅਰਜਨ ਵੱਲ ਝੁਕ ਪਈਆਂ। ਪ੍ਰਿਥੀਚੰਦ ਦੇ ਮਸੰਦਾਂ ਨੂੰ ਸਿੱਖਾਂ ਨੇ ਆਪਣੇ ਆਪਣੇ ਪਿੰਡਾਂ ਵਿੱਚੋਂ ਕੱਢ ਦਿੱਤਾ। ਸਚ ਹੈ:

> ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥

(ਰਾਮਕਲੀ ਵਾਰ-੧, ਮਃ ੧ - ੯੫੩)

ਫੇਰ ਤਾਂ ਜਿਉਂ ਜਿਉਂ ਸਚਾਈ ਫੈਲਦੀ ਗਈ ਤਿਉਂ ਤਿਉਂ ਸੰਗਤਾਂ ਗੁਰੂ ਜੀ ਵੱਲ ਆਈਆਂ। ਥੋੜੇ ਹੀ ਦਿਨਾਂ ਵਿੱਚ ਗੁਰੂ ਜੀ ਦੇ ਖ਼ਜਾਨੇ ਭਰ ਗਏ। ਗਗਨ ਦਾਸ ਆਦਿਕ ਸ਼ਿਕਾਰ ਪੁਰੀਏ, ਲਾਲ ਚੰਦ ਆਦਿਕ ਪਸ਼ੌਰੀਏ, ਬਹਿਲਰਾਮ ਆਦਿਕ ਲਾਹੌਰੀ ਸਿੱਖ ਸ਼ਾਹੂਕਾਰਾਂ ਨੇ ਲੰਗਰ ਦੇ ਬਰਤਨ (ਭਾਂਡੇ), ਮਾਈਆਂ ਦੇ ਕੀਮਤੀ ਬਸਤ੍ਰ ਤੇ ਜ਼ੇਵਰ ਬਣਵਾ ਦਿੱਤੇ। ਫੇਰ ਤਾਂ ਲੰਗਰ ਵਿੱਚ ਚੰਗੇ ਚੰਗੇ ਭੋਜਨ ਸਿੱਖਾਂ, ਸਾਧਾਂ, ਗ਼ਰੀਬਾਂ ਨੂੰ ਮਿਲਣ ਲਗੇ। ਅਠੇ ਪਹਿਰ ਲੋਹ ਤਪਦੀ ਰਹੇ। ਜਦੋਂ ਕੋਈ ਆਵੇ ਖ਼ਾਲੀ ਨਾ ਜਾਵੇ। ਗਹਮਾ ਗਹਿਮ ਤੇ ਚਹਿਲ ਪਹਿਲ ਹੋ ਗਈ।

## (ਪਾਃ ੫ - ੪)

## ਸ੍ਰੀ ਅੰਮ੍ਰਿਤਸਰ ਤੀਰਥ ਦਾ ਬਣਨਾ

ਗੁਰੂ ਅਰਜਨ ਦੇਵ ਜੀ ਬਹੁਤ ਦੂਰ ਅੰਦੇਸ਼, ਧੀਰਜੀ, ਸਤੋਗੁਣੀ, ਸਰਬ ਪ੍ਰਕਾਰ ਈਸ਼੍ਵਰੀ ਬੁਧਿ ਰੱਖਦੇ ਸੇ। ਸੰਗਤਾਂ ਭਾਵੇਂ ਪ੍ਰਿਥੀਚੰਦ ਨੂੰ ਖੋਟਾ ਸਮਝ ਕੇ ਪੂਜਾ ਭੇਟ ਦੇਣੋਂ ਉੱਕਾ ਹੀ ਹੱਟ ਗਈਆਂ ਸਨ, ਪਰ ਲੰਗਰ ਦੀ ਪਰਵਰਸ਼ ਗੁਰੂ ਜੀ ਨੇ ਬੰਦ ਨਾ ਕੀਤੀ। ਹੁਣ ਗੁਰੂ ਜੀ ਅੰਮ੍ਰਿਤਸਰ ਜੀ ਤੀਰਥ ਨੂੰ (ਜਿਸ ਦਾ ਅਰੰਭ ਸ੍ਰੀ ਗੁਰੂ ਰਾਮਦਾਸ ਜੀ ਕਰ ਗਏ ਸੇ) ਤਯਾਰ ਕਰਾਉਣ ਵਿੱਚ ਤਤਪਰ ਹੋਏ ਤੇ ਸਭ ਆਦਮੀ ਏਸੇ ਸ਼ੁਭ ਕਾਰਜ ਪਰ ਖ਼ਰਚ ਕਰਨ ਲਗੇ। ਅਨੇਕ ਪੰਜਾਵੇ ਚੜ੍ਹਾ ਦਿੱਤੇ। ਘੁਮਿਆਰਾਂ ਨੂੰ ਤਾਕੀਦ ਕੀਤੀ। ਭਾਈ ਕਲਯਾਣਾ, ਸਾਲੋ, ਗੁਰੀਆ, ਲੰਗਾਹਾ, ਪ੍ਰੇਮਾ, ਜੇਠਾ, ਪੈੜਾ, ਭੱਲਣ, ਗੁਰਦਾਸ, ਬੂਲਾ, ਬਹਿਲੋ, ਭੰਦੜ ਧਾਰੀ\ ਆਦਿਕ ਸਿੱਖਾਂ ਨੇ ਚੁਫੇਰੇ ਦੇ ਪਿੰਡਾਂ ਵਿੱਚੋਂ ਕੂੜੇ ਤੇ ਪਾਥੀਆਂ ਦੇ ਗੱਡੇ, ਖੋਤੇ ਲਦਵਾ ਕੇ ਬਾਲਣ ਦੇ ਢੇਰ ਲਗਵਾ ਦਿੱਤੇ, ਜਿਸ ਕਰ ਕੇ ਬਹੁਤ ਸ਼ੀਘਰ ਪਜਾਵੇ ਤੇ ਚੂਨੇ ਦੇ ਭੱਠੇ ਤਿਆਰ ਹੋ ਗਏ। ਸੈਂਕੜੇ ਰਾਜ ਮਜ਼ੂਰ ਅਤੇ ਸਿੱਖ ਸੇਵਕ ਤੀਰਥ ਦੀ ਖੁਦਵਾਈ ਚਿਣਵਾਈ ਕਰਨ ਵਾਲਿਆਂ ਦੀ ਭੀੜ ਭਾੜ ਰਹਿਣ ਲੱਗੀ। ਜਿੱਥੇ ਬੈਠ ਕੇ ਗੁਰੂ ਜੀ ਕਾਰ ਕਰਾਯਾ ਕਰਦੇ ਸੇ, ਹੁਣ ਓਹ 'ਮੰਜੀ ਸਾਹਿਬ' ਨਾਮ ਅਸਥਾਨ ਬਣਿਆ ਹੋਆ ਉਜਾਗਰ ਹੈ। ਪੋਥੀਆਂ ਵਿੱਚ ਲਿਖਿਆ ਹੈ ਕਿ ਅਲੌਕਿਕ ਪੁਰਖਾਂ {ਸੰਤਾਂ ਕੇ ਕਾਰਜ ਆਪਿ ਖਲੋਇਆ} ਨੂੰ ਤਾਲ ਦੀ ਕਾਰ ਕੱਢਦੇ ਦੇਖ ਕੇ ਸਿੱਖਾਂ ਨੇ ਗੁਰੂ ਜੀ ਤੋਂ ਪੁੱਛਿਆ। ਓਨ੍ਹਾਂ ਆਖਯਾ, "ਏਹ ਬਿਸ਼ਨੂੰ ਆਦਿਕ ਦੇਵਤਾ ਹਨ। ਭਗਤਾਂ ਦੀ ਮਹਿਮਾ ਵਧਾਉਣ ਵਾਸਤੇ ਕਰਤਾਰ ਸਦਾ ਹੀ ਏਹੋ ਜੇਹੇ ਕੰਮ ਕਰਦਾ ਰਹਿੰਦਾ ਹੈ। ਕਬੀਰ ਭਗਤ ਦੀ ਲਾਜ ਬਨ\ ਰਾਜਾ ਹੋ ਕੇ ਰੱਖੀ ਸੀ, ਸੈਨ ਦੇ ਵਾਸਤੇ ਨਾਈ ਬਣ ਕੇ ਰਾਣੇ ਦੀ ਸੇਵਾ ਕੀਤੀ, ਤਿਲੋਚਨ ਦੇ ਮਜ਼ੂਰ ਬਣ ਕੇ ਰਹੇ, ਧੰਨੇ ਦੇ ਅਨੇਕ ਕੰਮ ਕਾਮੇ ਬਣ ਕੇ ਕਰਦੇ ਰਹੇ। ਹੁਣ ਮਜ਼ੂਰ ਬਣ ਕੇ ਟੋਕਰੀ, ਕਹੀ, ਲੈ ਕੇ ਤੀਰਥ ਪੁੱਟਣ ਆਏ ਹਨ।" ਜਿੱਥੇ ਇੱਕ ਅਤਿ ਤੇਜਮਯ ਪੁਰਖ ਨੂੰ ਤਾਲ ਖੋਦਦਿਆਂ ਸਿੱਖਾਂ ਦੇਖਿਆ ਸੀ, ਓਸੇ ਥਾਂ ਦਾ ਨਾਮ ਹਰਿ ਕੀ ਪੌੜੀ ਹੈ। ਓਸੇ ਵੇਲੇ ਗੁਰੂ ਜੀ ਨੇ ਏਹ ਸ਼ਬਦ ਉਚਾਰਿਆ ਸੀ:

ਸੂਹੀ ਮਹਲਾ ੫ ॥
ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥

(ਸੂਹੀ, ਮਃ ੫ - ੭੮੩)

ਏਹ ਭੀ ਲਿਖਿਆ ਹੈ ਕਿ ਜਦ ਗੁਰੂ ਜੀ ਦੌਰੇ ਗਏ ਤਾਂ {ਮਸੰਦਾਂ ਦਾ ਸਰਫਾ} ਮਸੰਦਾਂ ਨੇ ਬਹੁਤ ਖ਼ਰਚਣ ਦਾ ਸਰਫਾ ਕਰ ਕੇ ਪੌੜੀਆਂ ਦੀ ਇਮਾਰਤ ਵਿੱਚ ਇੱਕ ਇੱਕ ਇੱਟ ਚੂਨੇ ਦੀ ਪਾਸੇ ਵੱਲ ਲਾ ਕੇ ਹੋਰ ਸਾਰੀ ਚਿਣਵਾਈ ਗਾਰੇ ਦੀ ਕਰਵਾਈ। ਜਦ ਗੁਰੂ ਸਾਹਿਬ ਆਏ ਤਾਂ ਵੇਖ ਕੇ ਬਹੁਤ ਗ਼ੁੱਸੇ ਹੋਏ ਤੇ ਬਚਨ ਕੀਤਾ, "ਮਸੰਦਾਂ ਦੀ ਜੜ੍ਹ ਜਾਂਦੀ ਰਹੇ। ਏਹ ਤੀਰਥ ਹੁਣ ਬਰਬਾਦ ਹੋ ਕੇ ਫੇਰ ਇੱਕ ਵਾਰੀ ਬਣੇਗਾ।" ਯਥਾ:

ਚੌਪਈ: ਕੁਛ ਰਿਸ ਧਰ ਕਰ ਗੁਰੂ ਅਲਾਯੋ।
ਇਹੁ ਸਰ ਇੱਕ ਬਿਰ ਜਾਇ ਅਟਾਯੋ।
ਬਨੈ ਨਵੀਨ ਫੇਰ ਸਰ ਸਾਰਾ।
ਕਰ ਹੈ ਬਹੁ ਜੀਵਨ ਨਿਸਤਾਰਾ।

ਰਖੀ ਮਸੰਦਨ ਜੈਸ ਕਚਾਈ।
ਤਿਉਂ ਹੀ ਸਿੱਖ ਫਿਰ ਕਰੈਂ ਪਕਾਈ।
ਗੁਰ ਕਾ ਬਚਨ ਸੱਤ ਸੋ ਭਯੋ।
ਅਹਮਦਸ਼ਾਹ ਜਬੈ ਥਾ ਅਯੋ।
ਮੰਦਰ ਢਾਹਿ ਤਾਲ ਉਖੜਾਯੋ।
ਨਾਹਿ ਨਿਸ਼ਾਨ ਰਹਿਨ ਉਨ ਦਾਯੋ।
ਮਿੱਟੀ ਤਾਲ ਮਾਹਿ ਭਰਵਾਈ।
ਸਾਫ ਕਰਾ ਖੇਤੀ ਬਿਜਵਾਈ।
ਜ਼ੋਰ ਜਬੈ ਸਿੰਘਨ ਫਿਰ ਧਰਾ।
ਮੰਦਰ ਤਾਲ ਤਿਆਰ ਇਹੁ ਕਰਾ।
ਪੰਥ ਪ੍ਰਕਾਸ਼ ਬੀਚ ਇਹੁ ਕਥਾ।
ਹੈ ਸਪਸ਼ਟ ਪੇਖਹੁ ਮਨ ਜਥਾ।
ਮਹਿਮਾ ਇਸ ਤੀਰਥ ਕੀ ਭਾਰੀ।
ਸ੍ਰੀ ਮੁਖ ਤੈ ਗੁਰੂ ਆਪ ਉਚਾਰੀ।

ਯਥਾ:

ਸੋਰਠਿ ਮਹਲਾ ੫ ਘਰੁ ੩ ਦੁਪਦੇ
ੴ ਸਤਿਗੁਰ ਪ੍ਰਸਾਦਿ ॥
ਰਾਮਦਾਸ ਸਰੋਵਰਿ ਨਾਤੇ ॥
ਸਭਿ ਉਤਰੇ ਪਾਪ ਕਮਾਤੇ ॥
ਨਿਰਮਲ ਹੋਏ ਕਰਿ ਇਸਨਾਨਾ ॥
ਗੁਰਿ ਪੂਰੈ ਕੀਨੇ ਦਾਨਾ ॥੧॥
ਸਭਿ ਕੁਸਲ ਖੇਮ ਪ੍ਰਭਿ ਧਾਰੇ ॥
ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥
ਸਾਧਸੰਗਿ ਮਲੁ ਲਾਥੀ ॥
ਪਾਰਬ੍ਰਹਮੁ ਭਇਓ ਸਾਥੀ ॥
ਨਾਨਕ ਨਾਮੁ ਧਿਆਇਆ ॥
ਆਦਿ ਪੁਰਖ ਪ੍ਰਭੁ ਪਾਇਆ ॥੨॥੧॥੬੫॥

(ਸੋਰਠਿ, ਮਃ ੫ - ੬੨੫)

ਅੰਮ੍ਰਿਤਸਰ ਤਾਲ ਦੀ ਟਹਿਲ ਕਰਨ ਲਈ ਜਦ ਗੁਰੂ ਸਾਹਿਬ ਦੇ ਹੁਕਮਨਾਮੇ ਸਾਰੇ ਦੇਸਾਂ ਵਿੱਚ ਮਸੰਦਾਂ ਪਾਸ ਪਹੁੰਚੇ ਤਾਂ ਓਹ ਆਪਣੇ ਆਪਣੇ ਪ੍ਰਗਣੇ ਦੀ ਸੰਗਤ ਲੈ ਕੇ ਆਉਣ ਲਗੇ। ਕੋਈ ਦਸ ਦਿਨ, ਕੋਈ ਬੀਸ ਦਿਨ ਤਾਲ ਦੀ ਟਹਿਲ ਤੇ ਗੁਰੂ ਜੀ ਦੇ ਦਰਸ਼ਨ ਕਰ, ਸ਼ਬਦ ਸਾਖੀ ਉਪਦੇਸ਼ ਸੁਣ, ਮੰਨਨ ਕਰਦੇ ਹੋਏ ਜਥਾ ਜੋਗ ਪੂਜਾ ਦੇ ਕੇ ਤੁਰ ਜਾਂਦੇ। ਪਰ ਓਦੋਂ ਇਹ ਮਰਯਾਦਾ ਸੀ ਕਿ ਬਗੈਰ ਗੁਰੂ ਜੀ ਦੀ ਆਗਯਾ ਦੇ ਕੋਈ ਘਰ ਨਹੀਂ ਜਾਂਦਾ ਸੀ। ਹੁਣ ਵੀ ਏਹ ਰਿਵਾਜ ਬੰਦਈ ਸਿੱਖਾਂ ਵਿੱਚ ਪ੍ਰਚਲਤ ਹੈ। ਭਾਈ ਚੂਹੜ, ਕਾਲਾ, ਪੁਰੀਆ, ਪੈੜਾ, ਕ੍ਰਿਸ਼ਨਾਂ, ਬਾਲਾ, ਸੁਘੜੂ, ਤਿਲੋਕਾ, ਬੂਲਾ, ਚੰਡੀ, ਤੁਲਸੀ, ਭਗੀਰਥ ਕਲਜਾਣਾ, ਬਾਲੂ, ਲਾਲੂ ਗੋਂਦਾ, ਕਿਦਾਰ, ਮੋਹਣ, ਭੁੰਦੜ ਬਹਿਲੋ, ਭਗਤੂ, ਸਾਲੋ, ਭਾਈ ਬੁੱਢਾ, ਭਾਈ ਗੁਰਦਾਸ, ਬਿਧੀਆ, ਜੇਠਾ, ਇਤਯਾਦਿਕ ਬਹੁਤ ਸਾਰੇ ਸਿੱਖ ਤਾਂ ਹਮੇਸ਼ ਗੁਰੂ ਸਾਹਿਬ ਪਾਸ ਹੀ ਰਿਹਾ ਕਰਦੇ ਤੇ ਹੋਰ ਸੈਂਕੜੇ ਰੋਜ਼ ਆਉਂਦੇ ਜਾਂਦੇ ਰਹਿੰਦੇ।

## (ਪਾਃ ੫ - ੫)

## ਸੰਤੋਖਸਰ* ਤੀਰਥ ਤਿਆਰ ਹੋਣਾ

ਗੁਰੂ ਜੀ ਦਾ ਏਹ ਸੁਭਾਵ ਸੀ ਦਿਨ ਢਲੇ ਆਪਣੇ ਮਹਿਲਾਂ ਤੋਂ ਉੱਠ ਕੇ ਹਮੇਸ਼ (ਜਿਥੇ ਹੁਣ ਸੰਤੋਖਸਰ ਹੈ ਤੇ ਜਿੱਥੇ ਇੱਕ ਛਪੜੀ ਤੇ ਬਹੁਤ ਸੰਘਣੇ ਬ੍ਰਿਛ ਸੇ ਇੱਕ ਸ਼ੀਸ਼ਮ ਦੇ ਬ੍ਰਿਛ ਹੇਠ ਜਿਸ ਨੂੰ ਹੁਣ ਟਾਹਲੀ ਸਾਹਿਬ ਆਖਦੇ ਹਨ) ਥੜੇ ਉੱਤੇ ਜਾ ਬੈਠਦੇ ਅਤੇ ਓਸੇ ਸੈਰੇ ਵਿੱਚ ਸੁਚੇਤੇ ਹੁੰਦੇ। ਸਿੱਖਾਂ ਨੇ ਓਸ ਟੋਭੜੀ ਦੇ ਪੱਤਣ ਬਹੁਤ ਚੰਗੇ ਬਣਾ ਰੱਖੇ ਸੇ। ਇੱਕ ਦਿਨ {ਭਾਈ ਸੰਤੋਖ ਪਿਸ਼ੌਰੀ ਸਿੱਖ} ਭਾਈ ਸੰਤੋਖ ਨਾਮੇ ਪਸ਼ੌਰੀ ਅਰੋੜੇ ਸਿੱਖ ਨੇ ਢਾਈ ਸੌ ਮੋਹਰ ਗੁਰੂ ਜੀ ਦੇ ਅੱਗੇ ਭੇਟਾ ਰੱਖ ਕੇ ਅਰਜ਼ ਕੀਤੀ, "ਮਹਾਰਾਜ! ਮੇਰੇ ਘਰ ਸੰਤਾਨ ਨਹੀਂ, ਦੌਲਤ ਬਹੁਤ ਹੈ। ਕਿਸੇ ਤਰ੍ਹਾਂ ਜਗਤ ਵਿੱਚ ਮੇਰਾ ਨਾਮ ਕਾਇਮ ਰਹੇ।" ਗੁਰੂ ਸਾਹਿਬ ਜੀ ਨੇ ਆਖਿਆ, "ਤੇਰਾ ਪੁੱਤ੍ਰ ਐਸਾ ਪ੍ਰਗਟ ਕਰਾਂਗੇ ਜੋ ਕਦੇ ਨਾ ਮਰੇਗਾ ਤੇ ਓਸ ਤੋਂ ਹਜ਼ਾਰਾਂ ਜੀਵ ਵਰੋਸਾਉਣਗੇ।" ਏਹ ਕਹਿ ਕੇ ਓਸੇ ਥਾਂ ਓਸ ਦੀ ਮਾਯਾ ਨਾਲ ਤਾਲ ਪੁਟਾਉਣਾ, ਤੇ ਪੱਕਾ ਬਨਵਾਉਣਾ ਸੰਮਤ ੧੬੪੧ ਬਿਕ੍ਰਮੀ ਨੂੰ ਆਰੰਭ ਕਰ ਦਿੱਤਾ ਜੋ ਸੰਮਤ ੧੬੪੬ ਬਿਕ੍ਰਮੀ ਨੂੰ ਤਿਆਰ ਹੋ ਕੇ ਸੰਤੋਖਸਰ ਨਾਮ ਕਰ ਕੇ ਉਜਾਗਰ ਹੈ। ਏਹ ਤਾਲ ਹੁਣ ਸ਼ਹਿਰ ਵਿੱਚ ਆ ਗਿਆ ਹੈ। ਤਿੰਨ ਪਾਸੇ ਮਕਾਨ ਹਨ ਤੇ ਇੱਕ ਪਾਸੇ ਸਰਕਾਰੀ ਟਾਊਨ ਹਾਲ ਹੈ।

---

*ਲਿਖਿਆ ਹੈ {ਸੰਤੋਖਾ ਯੋਗੀ} ਕਿ ਇਸ ਤਾਲ ਵਿੱਚੋਂ ਇੱਕ ਮਠ ਨਿੱਕਲਿਆ, ਜਿਸ ਵਿੱਚ ਜੋਗੀ ਸਮਾਧੀ ਲਾ ਕੇ ਬੈਠਾ ਹੋਯਾ ਸੀ। ਜਦ ਓਸ ਨੂੰ ਚੈਤੰਨ ਕਰ ਕੇ ਪੁੱਛਿਆ ਤਾਂ ਓਨ ਆਖਿਆ, "ਮੈਂ ਦੁਆਪਰ ਦਾ ਏਸ ਮਠ ਵਿੱਚ ਬੈਠਾ ਹਾਂ। ਏਹ ਮਠ ਜ਼ਮੀਨ ਦੇ ਉੱਪਰ ਸੀ। ਓਸ ਦਿਨ ਤੋਂ ਅੱਜ ਤੱਕ ਏਤਨੀ ਧਰਤੀ ਉਚੀ ਹੋ ਗਈ ਹੈ। ਓਸ ਸਮੇਂ ਏਥੇ ਬਿਆਸਾ ਤੇ ਰਾਵੀ ਨਦੀ ਦੇ ਵਿਚਕਾਰ ਅੰਮ੍ਰਿਤਸਰ ਨਾਮ ਤੀਰਥ ਕਿਨਾਰੇ ਬੇਸ਼ੁਮਾਰ ਸੰਤ, ਰਿਖੀ ਮੁਨੀ ਰਹਿੰਦੇ ਸੇ।" ਗੁਰੂ ਸਾਹਿਬ ਤੋਂ ਏਸ ਸਮੇਂ ਦਾ ਬ੍ਰਿਤਾਂਤ ਤੇ ਗੁਰੂ ਨਾਨਕ ਜੀ ਦੀ ਬਾਣੀ ਸੁਣ ਕੇ ਓਸ ਸੰਤ ਨੇ ਆਖਿਆ, "ਹੁਣ ਤੁਸੀਂ ਸਤਿਗੁਰੂ ਰੂਪ ਨਿੱਤ ਅਵਤਾਰ ਈਸ਼ਵਰ ਦਾ ਹੋ। ਮੈਨੂੰ ਮੋਖ ਦਾ ਉਪਦੇਸ਼ ਦ੍ਰਿੜ੍ਹਾਓ।" ਤਦ ਗੁਰੂ ਜੀ ਨੇ ਓਹਨੂੰ ਬ੍ਰਹਮਗਜਾਨ ਦਾ ਅਧਿਕਾਰੀ ਸਮਝ ਕੇ ਅਭੇਦ ਦਰਸ਼ਨ ਉਪਦੇਸ਼ ਦ੍ਰਿੜ੍ਹਾਯਾ:

ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥
ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧॥
ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥
ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੨॥
ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥
ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥
ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥
ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥ (ਸੂਹੀ, ਮਃ ੫ - ੭੩੬)
ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥ (ਗਉੜੀ ਸੁਖਮਨੀ, ਮਃ ੫ - ੨੭੮)

ਇਤਆਦਿਕ ਸ਼ਬਦ ਸੁਣ ਕੇ ਓਸ ਨੂੰ ਜੀਵ ਈਸ਼ਰ ਦਾ ਅਭੇਦ ਗਿਆਨ ਦ੍ਰਿੜ੍ਹ ਕਰਾ ਦਿੱਤਾ ਜਿਸ ਨੂੰ ਧਾਰਨ ਕਰ ਸਰਪ ਦੀ ਕੁੰਜ ਵਾਂਗੂੰ ਦੇਹ ਛੱਡ ਕੇ (ਜਿਉ ਜਲ ਮੈਂ ਜਲ ਆਇ ਖਟਾਨਾ। ਤਿਉ ਜੋਤੀ ਸੰਗ ਜੋਤਿ ਸਮਾਨਾ) ਬ੍ਰਹਮ ਵਿੱਚ ਅਭੇਦ ਹੋ ਗਿਆ॥

## (ਪਾ: ੫ – ੬)

## ਸਿਖਾਂ ਦੀਆਂ ਘਾਲਣਾਂ ਤੇ ਮੰਝ ਦੀ ਕਥਾ

ਦੁਆਬੇ ਬਿਸਤ ਵਿੱਚ 'ਮੰਜਕੀ' ਦਾ ਮੰਜ ਰਾਜਪੂਤ ਤੀਰਥਾ ਨਾਮ ਹਰ ਵਰ੍ਹੇ ਨਗਾਹੇ ਸਰਵਰ ਪੀਰ ਦੀ ਜਾਤ੍ਰਾ ਨੂੰ ਜਾਯਾ ਕਰਦਾ ਤੇ ਪੀਰ ਦਾ ਮਕਾਨ ਭੀ ਓਸ ਨੇ ਆਪਣੇ ਘਰ ਬਣਾ ਰੱਖਿਆ ਸੀ। ਸੰਮਤ ੧੬੪੨ ਬਿਕ੍ਰਮੀ ਨੂੰ ਨਗਾਹੇ ਤੋਂ ਆਉਂਦਾ ਹੋਯਾ ਗੁਰੂ ਜੀ ਦਾ ਜੱਸ ਸੁਣ ਕੇ ਗੁਰੂ ਚੱਕ (ਅੰਮ੍ਰਿਤਸਰ) ਜੀ ਵਿੱਚ ਠਹਿਰ ਗਿਆ। ਓਥੇ ਰਾਤ ਦਿਨ ਕਥਾ ਕੀਰਤਨ, ਭਜਨ ਪਾਠ, ਦਾਨ ਪੁੰਨ ਹੁੰਦਾ, ਲੰਗਰ ਵਰਤਦਾ, ਕਲਿਯੁਗ ਵਿੱਚ ਸਤਯੁਗ ਲਗਾ ਹੋਯਾ ਦੇਖ ਕੇ ਓਸ ਦਾ ਮਨ ਗੁਰੂ ਜੀ ਵੱਲ ਪ੍ਰੇਰਿਆ ਗਿਆ ਤੇ ਸਿੱਖ ਹੋਣ ਲਈ ਪ੍ਰਾਰਥਨਾ ਕੀਤੀ। ਗੁਰੂ ਜੀ ਨੇ ਆਖਿਆ, "ਸਿੱਖ ਹੋਣਾ ਬੜਾ ਔਖਾ ਹੈ, ਵਾਲ ਨਾਲੋਂ ਬਰੀਕ ਹੋ ਕੇ ਖੰਡੇ ਦੀ ਧਾਰ ਪਰ ਚਲਣਾ ਹੈ।" ਜਾਂ ਓਨ ਫੇਰ ਹਠ ਕੀਤਾ ਤਾਂ ਗੁਰੂ ਜੀ ਨੇ ਕਿਹਾ, "ਪਹਿਲੇ ਆਪਣੇ ਘਰ ਦਾ ਪੀਰਖਾਨਾ ਢਾਹ।" ਤਾਂ ਓਹ ਪੀਰਖਾਨਾ ਢਾਹ ਕੇ ਲੋਗਾਂ ਨੂੰ ਉਪਦੇਸ਼ ਕਰਨ ਲਗਾ ਕਿ ਤੁਸੀਂ ਹਿੰਦੂ ਹੋ ਕੇ ਮੁਸਲਮਾਨ ਨੂੰ ਭੋਗ ਲਗਾ ਹੋਯਾ ਓਸ ਦਾ ਉਚਿਸ਼ਟ (ਜੂਠਾ) ਖਾਂਦੇ ਹੋ ਤੇ ਹਿੰਦੂ ਧਰਮ ਦੇ ਵਿਰੋਧੀ ਤੁਰਕਾਂ ਨੂੰ ਮੰਨਦੇ ਪੂਜਦੇ ਹੋ। ਏਸ ਤਰ੍ਹਾਂ ਤਾਂ ਥੋੜੇ ਦਿਨਾਂ ਵਿੱਚ ਤੁਹਾਡਾ ਕੱਖ ਨਹੀਂ ਰਹਿਣਾ। ਏਸ ਉਪਦੇਸ਼ ਨੂੰ ਸੁਣ ਕੇ ਬਹੁਤ ਲੋਗ ਸੁਲਤਾਨ ਨੂੰ ਪੂਜਣੋਂ ਹਟ ਗਏ। ਫੇਰ ਓਸ ਦੀ ਪ੍ਰੀਖਯਾ ਵਾਸਤੇ ਗੁਰੂ ਜੀ ਨੇ ਮੇਵੜੇ (ਚੋਬਦਾਰ) ਨੂੰ ਦੋ ਵਾਰੀ ਹੁਕਮਨਾਮਾ ਦੇ ਕੇ ਭੇਜਿਆ। ਮੇਵੜੇ ਨੂੰ ਹੁਕਮ ਸੀ ੧੧) ਰੁਪਏ ਪਹਿਲਾਂ ਲੈਣੇ, ਅੰਨ ਜਲ ਫੇਰ ਕਰਨਾ। ਭਾਵੇਂ ਓਸ ਵੇਲੇ ਓਹਨਾਂ ਦੇ ਘਰ ਕੁਛ ਭੀ ਰੁਪਯਾ ਨਹੀਂ ਸੀ ਪਰੰਤੂ ਮੰਜ ਤੇ ਓਸ ਦੀ ਇਸਤ੍ਰੀ ਨੇ ਅਤਯੰਤ ਪਰਸਿੰਨ ਹੋ ਕੇ ਧੰਨਭਾਗਤਾ ਮੰਨੀ ਕਿ ਸਾਨੂੰ ਗੁਰੂ ਜੀ ਨੇ ਯਾਦ ਰੱਖਿਆ ਹੈ। ਪਹਿਲੀ ਵਾਰੀ ਤਾਂ ਆਪਣੀ ਪੁਤ੍ਰੀ ਦਾ ਸਾਕ ਕਰ ਕੇ ਮੇਵੜੇ ਨੂੰ ਰੁਪਏ ਦੇ ਕੇ ਪ੍ਰਸ਼ਾਦ ਛਕਾਇਆ। ਦੂਜੀ ਵਾਰੀ ਓਸ ਦੀ ਇਸਤ੍ਰੀ ਨੇ ਆਪ ਗੈਹਣੇ ਪੈ ਕੇ ਗੁਰੂ ਜੀ ਦਾ ਹੁਕਮ ਪੂਰਾ ਕੀਤਾ। ਜਦ ਮੰਜ ਦੀ ਇਸਤ੍ਰੀ ਗਹਿਣੇ ਪੈ ਗਈ ਤਾਂ ਮੰਜ ਗੁਰੂ ਜੀ ਦੇ ਪਾਸ ਹੀ ਆ ਰਿਹਾ। ਨਿਤਾ ਪ੍ਰਤੀ ਸਵੇਰੇ ਗੁਰੂ ਜੀ ਦੇ ਘੋੜੇ ਵਾਸਤੇ ਘਾਹ ਦੀ ਪੰਡ ਲਿਆਵੇ। ਤੀਜੇ ਪਹਿਰ ਲੰਗਰ ਵਾਸਤੇ ਲੱਕੜੀਆਂ ਦਾ ਭਾਰ ਲਿਆਵੇ ਤੇ ਰਾਤ ਨੂੰ ਪੀਹਣ ਕਰ ਕੇ ਜੋ ਕੁਛ ਮਿਲੇ ਓਸ ਦਾ ਪ੍ਰਸ਼ਾਦ ਛਕੇ। ਇੱਕ ਦਿਨ ਫੇਰ ਸਿਦਕ ਦੇਖਣ ਲਈ ਗੁਰੂ ਜੀ ਨੇ ਓਸ ਨੂੰ ਆਖਿਆ, "ਤੈਂ ਸਿੱਖ ਹੋ ਕੇ ਕੀ ਖੱਟਿਆ? ਧਨ ਨਾਸ, ਇਸਤ੍ਰੀ ਗਹਿਣੇ, ਬੇਟੀ ਵਕ ਗਈ, ਰਾਤ ਦਿਨੇ ਤੈਨੂੰ ਭੀ ਚੈਨ ਨਹੀਂ।" ਮੰਜ ਨੇ, ਜੋ ਹਰ ਵੇਲੇ ਪ੍ਰਸੰਨ ਚਿੱਤ ਰਹਿੰਦਾ ਸੀ; ਬੇਨਤੀ ਕੀਤੀ, "ਮੈਂ ਝੂਠਾ ਧਨ ਗਵਾ ਕੇ ਵਾਹਿਗੁਰੂ ਦਾ ਨਾਮ ਸੱਚਾ ਧਨ ਐਸਾ ਲੱਭਾ ਹੈ ਜਿਸ ਨੂੰ ਚੋਰ ਉਚੱਕਾ ਤੇ ਰਾਜਾ ਭੀ ਨਾ ਲੈ ਸਕੇ।" ਏਹ ਸੁਣ ਕੇ ਗੁਰੂ ਜੀ ਓਸ ਪੁਰ ਬਹੁਤ ਖ਼ੁਸ਼ੀ ਹੋਏ।

ਇਕ ਦਿਨ ਜਦ ਕਾਲੀ ਬੋਲੀ ਹਨੇਰੀ ਆਈ ਤਾਂ ਤ੍ਰਿਕਾਲਾਂ ਵੇਲੇ ਮੰਜ ਲੱਕੜੀਆਂ ਲਈ ਆਂਵਦਾ ਹੋਯਾ ਸੁਲਤਾਨ ਵਿੰਡ ਦੇ ਖੂਹ* ਵਿੱਚ ਡਿੱਗ ਪਿਆ। ਪਾਣੀ ਛੋਟਾ ਹੀ ਸੀ। ਏਸ ਕਰ ਕੇ ਡੁੱਬਿਆਂ ਨਾ। ਮੰਜ ਨੇ ਲੱਕੜੀਆਂ ਦਾ ਭਾਰ ਸਿਰ ਉੱਪਰ ਹੀ ਰੱਖਿਆ ਕਿ ਮਤਾਂ ਭਿੱਜ ਜਾਣ ਤਾਂ ਲੰਗਰ ਵਿੱਚ ਕੋਈ ਔਕੁੜ ਹੋਵੇ। ਏਸ ਹਾਲ ਵਿੱਚ ਭੀ ਆਪਣੇ ਡਿੱਗਣ ਦਾ ਫ਼ਿਕਰ ਨਹੀਂ ਕੀਤਾ। ਪਰ ਗੁਰੂ ਜੀ ਦੇ ਲੰਗਰ ਦਾ ਧਯਾਨ ਰੱਖਿਆ ਤੇ ਗੁਰੂ ਜੀ ਦੀ ਰਜ਼ਾ ਵਿੱਚ ਰਹਿ ਕੇ ਬਾਣੀ ਪੜ੍ਹਦਾ ਰਿਹਾ। ਵੱਡੀ ਰਾਤ ਗਈ ਤੋਂ ਇੱਕ ਜੱਟ ਨੇ (ਜੋ ਪਾਸੋਂ ਦੀ ਲੰਘਿਆ ਸੀ ਤੇ ਅਵਾਜ਼ ਸੁਣੀ ਸਾਸੁ) ਗੁਰੂ ਜੀ ਨੂੰ ਆ ਕੇ ਖ਼ਬਰ ਕੀਤੀ। ਗੁਰੂ ਜੀ ਓਸੇ ਵੇਲੇ ਨੰਗੀ ਪੈਰੀਂ ਉੱਠ ਦੌੜੇ ਤੇ ਹੁਕਮ ਦਿਤਾ, "ਲੱਜਾਂ ਲਿਆਓ।" (ਈਸ਼੍ਵਰ ਭਗਤਾਂ ਦੇ ਵੱਸ ਹੈ) ਸਿੱਖ ਲੱਜਾਂ ਤੇ ਜੋੜਾ ਘੋੜਾ ਲੈ ਕੇ ਜਾਂ ਪਿੱਛੋਂ ਪਹੁੰਚ ਪਏ ਤਾਂ ਇੱਕ ਸਿੱਖ ਨੇ ਮੰਜ ਨੂੰ ਆਖਿਆ, "ਲੱਜ ਫੜ ਕੇ ਪਹਿਲੇ ਤੂੰ ਆ ਜਾਹ ਫੇਰ

---

*ਏਥੇ ਹੁਣ ਜੋਗਾ ਸਿੰਘੀਏ ਸਾਧਾਂ ਨੇ ਪੱਕਾ ਮਕਾਨ ਸ਼ਹਿਰੋਂ ਬਾਹਰ ਬਣਾਯਾ ਹੋਇਆ ਹੈ।

ਲੱਕੜਾਂ ਭੀ ਆ ਜਾਣਗੀਆਂ।" ਪਰ ਮੰਜ ਨੇ ਕਿਹਾ, "ਪਹਿਲੇ ਸੁੱਕੀਆਂ ਲੱਕੜਾਂ ਕੱਢੋਗੇ, ਤਾਂ ਮੈਂ ਨਿਕਲਾਂਗਾ।" ਗੁਰੂ ਜੀ ਨੇ ਬਾਹਰ ਕੱਢ ਕੇ ਖ਼ੁਸ਼ ਹੋ ਕੇ ਕਿਹਾ "ਭਾਈ ਮੰਜ! ਵਰ ਮੰਗ। ਤੇਰੀ ਘਾਲ ਥਾਇ ਪਈ" ਮੰਜ ਨੇ ਬੇਨਤੀ ਕੀਤੀ, "ਜੀ! ਅਜਾਚੀ (ਬਗੈਰ ਇੱਛਜਾ ਦੇ) ਰਹਿ ਕੇ ਆਪ ਦੇ ਚਰਨਾਂ ਦਾ ਧਿਆਨ, ਸਤਿਨਾਮ ਦਾ ਸਿਮਰਨ ਕਦੇ ਨਾ ਭੁੱਲੇ ਤੇ (ਕਲਿਜੁਗ ਦਾ ਸਮਾਂ ਹੈ) ਏਤਨਾ ਕਸ਼ਟ ਸਿੱਖਾਂ ਨੂੰ ਨਾ ਮਿਲੇ।" ਸਾਹਿਬ ਬੋਲੇ, "ਤਾਉ ਕਸੌਟੀ ਦਿੱਤੇ ਬਿਨਾਂ ਸੋਇਨਾ ਤੇ ਸਿੱਖਾਂ ਦਾ ਰਿਦਾ ਸੁਧ ਨਹੀਂ ਹੁੰਦਾ। ਸੁਧ ਨਿਰਮਾਨ ਹੋਏ ਬਿਨਾ ਭਗਤੀ ਉਪਾਸ਼ਨਾ ਨਹੀਂ ਹੁੰਦੀ।" ਏਹ ਸੁਣ ਕੇ ਓਨ ਚਰਨ ਫੜ ਲਏ, ਤਾਂ ਗੁਰੂ ਜੀ ਨੇ ਬਚਨ ਕੀਤਾ:

'ਮੰਜ ਪਿਆਰਾ ਗੁਰੂ ਨੂੰ ਗੁਰੂ ਮੰਜ ਪਿਆਰਾ।
ਮੰਜ ਗੁਰੂ ਹੈ ਬਹਿਥਾ ਜਗ ਲੰਘਣ ਹਾਰਾ।'

ਏਹ ਕਹਿ ਕੇ ਗਲੱਫੜੀ ਵਿੱਚ ਲੈ ਕੇ ਪਿਆਰ ਤੇ ਬ੍ਰਹਮ ਗਿਆਨ ਦਿੱਤਾ, ਜਿਸ ਤੋਂ ਉਸ ਨੂੰ ਦਿਬ ਦ੍ਰਿਸ਼ਟਿ ਰਿਧਿ ਸਿਧਿ ਸਭ ਪ੍ਰਾਪਤ ਹੋ ਗਈ। ਫੇਰ ਓਹ ਗੁਰੂ ਜੀ ਦੇ ਹੁਕਮ ਅਨੁਸਾਰ ਆਪਣੇ ਘਰ ਜਾ ਕੇ ਦੇਗ ਚਲਾਉਣ ਤੇ ਸਿੱਖੀ ਬ੍ਰਿਧਾਉਣ ਲੱਗਾ। ਫੇਰ ਤਾਂ ਸਭ ਦੁਆਬਾ ਦੇਸ ਏਸੇ ਦਾ ਸੇਵਕ ਬਣ ਗਿਆ।

## (ਪਾਃ ੫ - ੭)

## ਭਾਈ ਬਹੋੜੂ ਦਾ ਪ੍ਰੇਮ

ਇਕ ਬਹੋੜੂ ਨਾਮ ਗਿੱਲ ਜ਼ਿਮੀਂਦਾਰ ਮਲਵਈ ਭਾਈ ਮਾਈ ਭੂੰਦੜ ਦਾ ਸੰਗਤੀ ਗੁਰੂ ਘਰ ਦਾ ਪੱਕਾ ਸੇਵਕ ਸੀ। ਇੱਕ ਦਿਨ ਗੁਰੂ ਜੀ ਦੇ ਦਰਸ਼ਨ ਕਰਨ ਆਯਾ ਤਾਂ ਗੁਰੂ ਜੀ ਦੇ ਪੁੱਛਣੇ ਪਰ ਓਸ ਨੇ ਆਪਣੇ ਧਾੜੇ ਤੇ ਚੋਰੀਆਂ ਕਰਨ ਦਾ ਸਾਰਾ ਹਾਲ ਬਰਨਨ ਕਰ ਕੇ ਆਪਣੀ ਕਲਜਾਣ ਚਾਹੀ। ਤਾਂ ਗੁਰੂ ਜੀ ਬੋਲੇ, "ਧਰਮ ਦੀ ਕਿਰਤ ਕਰ ਕੇ ਬਿਹਾਰ ਚਲਾਓ। ਸਤਿਨਾਮ ਦਾ ਸ੍ਵਾਸ ਸ੍ਵਾਸ ਸਿਮਰਨ ਕਰੋ। ਜਿਨ੍ਹਾਂ ਵਾਸਤੇ ਪਾਪ ਛਲ ਵਲ ਕਰਦਾ ਹੈਂ, ਕੋਈ ਸੰਬੰਧੀ ਪ੍ਰਲੋਕ ਵਿੱਚ ਸਹਾਈ ਨਹੀਂ ਹੋਵੇਗਾ। ਤੇਰੇ ਕਰਮਾਂ ਦਾ ਫ਼ਲ ਤੈਨੂੰ ਹੀ ਭੋਗਣਾ ਪਵੇਗਾ। ਤਾਂ ਤੇ ਸੁਭ ਕੰਮ ਸਤਸੰਗ, ਸੇਵਾ, ਭਗਤੀ ਕਰੋ ਅਤੇ ਸਰਬੰਸ ਪ੍ਰਮੇਸ੍ਵਰ ਦਾ ਮੰਨ ਕੇ ਅਭਿਮਾਨ ਛੱਡ ਰਖੋ।" ਗੁਰੂ ਕੇ ਬਚਨ ਬਡਭਾਗੀਆਂ ਦੇ ਅੰਦਰ ਤਿੱਖੇ ਤੀਰ ਦਾ ਕੰਮ ਕਰਦੇ ਹਨ। ਭਾਈ ਬਹੋੜੂ ਓਸੇ ਦਿਨ ਤੋਂ ਧਰਮ ਕਿਰਤ ਕਰ, ਆਏ ਸਿੱਖ ਸਾਧ ਦੀ ਸੇਵਾ ਭਗਤੀ ਕਰਨ ਲੱਗਾ।

ਇਕ ਦਿਨ ਇੱਕ ਠੱਗ, ਸਿੱਖ ਬਣ ਕੇ ਓਸ ਦੇ ਘਰ ਆਇਆ। ਬਹੋੜੂ ਨੇ ਇਸ਼ਨਾਨ ਕਰਾ ਕੇ ਚੰਗਾ ਪ੍ਰਸ਼ਾਦਾ ਛਕਾਯਾ। ਵੱਡੀ ਰਾਤ ਗਈ ਤੱਕ ਸਤਸੰਗ ਦੀਆਂ ਗੱਲਾਂ ਕਰਦੇ ਰਹੇ। ਵੀਹ ਕੁ ਦਿਨ ਓਹ ਬਹੋੜੂ ਦੇ ਘਰ ਟਿਕਿਆ ਰਿਹਾ ਤੇ ਸਾਰਾ ਟੱਬਰ ਬਹੋੜੂ ਦੀ ਪ੍ਰੇਮ ਨਾਲ ਸੇਵਾ ਕਰਦਾ ਰਿਹਾ। ਓਹ ਠੱਗ ਬਹੋੜੂ ਦੀ ਬੇਟੀ ਨਾਲ ਰਲ ਗਿਆ। ਬਹੋੜੂ ਭਾਵੇਂ ਏਸ ਕਰਤੂਤ ਨੂੰ ਜਾਣ ਗਿਆ ਸੀ ਪਰ ਸਰਬੰਸ ਗੁਰੂ ਕਾ ਸਮਝ ਕੇ ਚੁੱਪ ਕਰ ਰਿਹਾ ਤੇ ਐਥੋਂ ਤੱਕ ਜਰਣਾ ਕੀਤੀ ਕਿ ਇੱਕ ਦਿਨ ਅੰਮ੍ਰਤ ਵੇਲੇ ਦੋਹਾਂ ਨੂੰ ਸੁੱਤੇ ਪਏ ਦੇਖ ਕੇ ਆਪਣਾ ਚਾਦਰਾ ਓਹਨਾਂ ਉੱਤੇ ਪਾ ਗਿਆ ਤੇ ਮਨ ਵਿੱਚ ਕੁਛ ਗਿਲਾਨੀ ਨਾ ਕੀਤੀ। ਦਿਨ ਚੜ੍ਹੇ ਕੁੜੀ ਨੇ ਆਪਣੇ ਪਿਤਾ ਦਾ ਚਾਦਰਾ ਸਿਞਾਣ ਕੇ ਓਸ ਠੱਗ ਨੂੰ ਦੱਸਿਆ ਤਾਂ ਓਹ ਅਗਲੇ ਭਲਕ ਸਭ ਗੈਹਣਾ ਗੱਟਾ ਬਹੋੜੂ ਦੇ ਘਰੋਂ ਲੈ ਕੇ ਤੁਰ ਗਿਆ। ਅੱਗੋਂ ਬਹੋੜੂ ਰੋਹੀ ਵਿੱਚੋਂ ਮੁੜਿਆ ਆਉਂਦਾ ਮਿਲ ਪਿਆ। ਠੱਗ ਦੇ ਸਿਰੋਂ ਕੰਬਦੇ ਹੋਏ ਅਸਬਾਬ ਦੀ ਗਠੜੀ ਡਿੱਗ ਪਈ ਤੇ ਬਹੋੜੂ ਨੇ ਭੀ ਜਾਣ ਲਿਆ ਕਿ ਇਹ ਮੇਰਾ ਹੀ ਦਰਬ ਹੈ। ਪਰ ਤਾਂ ਭੀ ਉਸ ਠੱਗ ਨੂੰ ਧੀਰਜ ਦੇ ਕੇ ਆਖਜਾ, "ਮੇਰੀ ਤਾਂ ਕੋਈ ਭੀ ਚੀਜ਼ ਨਹੀਂ ਸਭ ਗੁਰੂ ਕੀ ਮਾਯਾ ਹੈ।" ਤੇ ਓਸ ਨੂੰ ਫੇਰ ਘਰ ਲੈ ਆਂਦਾ ਅਰ ਬੇਟੀ ਸਮੇਤ ਸਾਰਾ ਪਦਾਰਥ ਉਸ ਦੇ ਘਰ ਆਪ ਜਾ ਕੇ ਛੱਡ ਆਯਾ, ਦਿਲ ਵਿੱਚ ਜ਼ਰਾ ਭਰ ਫ਼ਿਕਰ ਨਾ ਕੀਤਾ। ਇਸਤ੍ਰੀ ਭੀ ਓਸ ਦੀ ਓਹੋ ਜਿਹੀ ਸੀ। ਸ਼ਾਂਤ ਧਰ ਕੇ ਬੈਠੀ ਰਹੀ। ਪਰ ਏਸ ਸ਼ਾਂਤ ਤੇ ਸਮ ਦ੍ਰਿਸ਼ਟੀ ਦਾ ਫ਼ਲ ਇਹ ਹੋਯਾ ਕਿ ਜਦ ਉਹ ਠੱਗ ਮਾਯਾ ਤੇ ਬਹੋੜੂ ਦੀ ਪੁਤ੍ਰੀ ਲੈ ਕੇ ਘਰ ਗਿਆ ਤਾਂ ਓਸ ਨੂੰ ਚੈਨ ਨਾ ਮਿਲੇ। ਇਹੋ ਜੀ ਕਰੇ ਜੋ ਬਹੋੜੂ ਨੂੰ ਮਿਲਾਂ, ਮਸਾਂ ਮਸਾਂ ਰਾਤ ਕੱਟੀ। ਦੂਜੇ ਦਿਨ ਆਪਣੇ ਕੀਤੇ ਪੁਰ ਪਛਤਾ ਕੇ ਸਾਰਾ ਦਰਬ ਤੇ ਬਹੋੜੂ ਦੀ ਪੁਤ੍ਰੀ ਲੈ ਕੇ ਬਹੋੜੂ ਦੇ ਚਰਨ ਆ ਫੜੇ। ਬਹੋੜੂ ਉਸ ਠਗ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਆਯਾ ਤਾਂ ਗੁਰੂ ਜੀ ਬਹੋੜੂ ਨੂੰ ਅਗੋਂ ਉੱਠ ਕੇ ਮਿਲੇ ਅਤੇ 'ਧੰਨ ਸਿੱਖੀ' ਤਿੰਨ ਵਾਰੀ ਕਹਿ ਕੇ ਸਾਰੀ ਕਥਾ ਸੰਗਤ ਨੂੰ ਸੁਣਾਈ। ਫੇਰ ਤਾਂ ਠੱਗ ਭੀ ਗੁਰੂ ਜੀ ਦੇ ਦਰਸ਼ਨ ਕਰ ਕੇ ਸੱਚਾ ਸਿੱਖ ਬਣ ਗਿਆ। ਓਸ ਸਮੇਂ ਭਾਈ ਬਹੋੜੂ ਵਰਗੇ ਅਨੇਕ ਸਿੱਖ ਭੋਲੇ ਹੁੰਦੇ ਸੇ।

ਏਹੋ ਜਿਹਾ ਇੱਕ ਬਹੋੜੂ ਨਾਮ ਸੁਨਿਆਰਾ ਸਿੱਖ ਵੀ ਹੋਯਾ ਹੈ ਤੇ ਅਸਾਂ ਭਾਈ ਮੱਜਾ ਸਿੰਘ ਅਕਾਲੀ ਨੂੰ ਲੌਂਗੋਵਾਲ ਵਿੱਚ ਬਹੋੜੂ ਜੈਸਾ ਹੀ ਸਿਦਕੀ ਆਪਣੀ ਅੱਖੀ ਦੇਖਿਆ ਹੈ।

# (ਪਾ: ੫ - ੮)

# ਸਿੱਧੂ ਜ਼ਿਮੀਂਦਾਰ ਦੀ ਕਥਾ

ਇਕ ਸਿੱਧੂ ਜ਼ਿਮੀਂਦਾਰ ਮਾਲਵੇ ਦੇਸ ਫਫੜੇ ਪਿੰਡ ਦਾ ਵਸਨੀਕ {ਭਾਈ ਬਹਿਲੋ} ਬਹਿਲੋ ਨਾਮ ਬਹੁਤ ਉੱਘਾ ਸਰਵਰੀਆ ਸਿੱਖ ਸੀ। ਹਰ ਸਾਲ ਸੈਂਕੜੇ ਪੀਰ ਭਾਈਆਂ ਨੂੰ ਲੈ ਕੇ ਨਗਾਹੇ ਜਾਂਦਾ। ਘਰ ਵਿੱਚ ਪੀਰ ਦੀ ਜਗ੍ਹਾ 'ਪੀਰਖਾਨਾ' ਬਣਾਯਾ ਹੋਯਾ ਸੀ ਤੇ ਹਰ ਵੀਰਵਾਰ ਨੂੰ ਖੂੰਡੀ ਸੰਗਲੀ ਮਾਰ ਕੇ ਖੇਡਦਾ ਹੁੰਦਾ। ਪੁਛਣਾ ਦੱਸਦਾ। ਖੂੰਡੀ, ਖਲੜੂ ਤੇ ਕੰਧੇ ਮੁਸੱਲਾ, ਸਿਰ ਟੋਪੀ, ਭੇਖ ਭਰਾਈਆਂ ਦਾ ਰਖਦਾ। ਸੰਮਤ ੧੬੩੪ ਬਿਕ੍ਰਮੀ ਨਗਾਹੇ ਤੋਂ ਆਉਂਦਾ ਹੋਯਾ ਗੁਰੂ ਜੀ ਦੇ ਦਰਸ਼ਨਾਂ ਨੂੰ ਆਯਾ। ਬੇਅੰਤ ਲੋਗਾਂ ਦੀ ਭੀੜ, ਸਤਸੰਗ ਕਥਾ ਕੀਰਤਨ ਦਾ ਅਤਿ ਅਨੰਦ ਤੇ ਲੰਗਰ ਵਰਤਦਾ ਦੇਖ ਦੇਖ ਕੇ ਵਡਾ ਪ੍ਰਸੰਨ ਹੋਯਾ। ਗੁਰੂ ਜੀ ਨੇ ਕਿਹਾ, "ਦੇਖੋ! ਹਿੰਦੂ ਕੇਡੇ ਮੂਰਖ ਹਨ। ਤੁਰਕਾਂ ਦੀਆਂ ਕਬਰਾਂ ਨੂੰ ਮੰਨਦੇ ਹਨ, ਏਸੇ ਲਈ ਨਾਮਦੇਵ ਜੀ ਨੇ ਕਿਹਾ ਹੈ:

ਹਿੰਦੂ ਅੰਨ੍ਹਾ ਤੁਰਕੂ ਕਾਣਾ ॥
ਦੁਹਾਂ ਤੇ ਗਿਆਨੀ ਸਿਆਣਾ ॥

(ਬਿਲਾਵਲੁ ਗੋਂਡ, ਭਗਤ ਨਾਮਦੇਵ ਜੀ - ੮੭੫)

ਭਾਈ ਸਿੱਖੋ! ਇੱਕ ਅਕਾਲ ਪੁਰਖ ਦੇ ਬਿਨਾਂ ਹੋਰ ਮੜੀ, ਗੁੱਗਾ, ਮਠ, ਗੋਰ, ਪੀਰਖਾਨੇ ਆਦਿਕ ਨੂੰ ਮੰਨਣਾ ਨਿਸਫ਼ਲ ਹੈ। ਕਿਉਂਕਿ ਏਹ ਜੜ੍ਹ ਪਦਾਰਥ ਕਿਸੇ ਨੂੰ ਵਰ ਸ੍ਰਾਪ ਨਹੀਂ ਦੇ ਸਕਦੇ ਤੇ ਨਾ ਹੀ ਕਿਸੇ ਪਰ ਖ਼ੁਸ਼ੀ ਤੇ ਨਾਰਾਜ਼ਗੀ ਕਰ ਸਕਦੇ ਹਨ। ਏਹ ਜਗਤ ਦੀ ਕੇਵਲ ਭੇਡਚਾਲ ਹੈ। ਸੋ ਬਿਨਾਂ ਵਿਚਾਰੇ ਲੋਗ ਪਏ ਭਟਕਦੇ ਹਨ।" ਸਮਰਥ ਸਤਗੁਰੂ ਜੀ ਦੇ ਏਹ ਬਚਨ ਬਹਿਲੋ ਦੇ ਹਿਰਦੇ ਵਿੱਚ ਵਸ ਗਏ। ਕਿਉਂਕਿ ਕਮਾਈ ਵਾਲੇ ਸੱਤਪੁਰਖਾਂ ਦੇ ਬਚਨ ਪਾਪੀ ਪੁਰਖਾਂ ਦੇ ਬਿਕਾਰਾਂ ਨੂੰ ਸੁਹਾਗੇ ਦੀ ਤਰ੍ਹਾਂ ਸਾਫ਼ ਕਰ ਕੇ ਭਰੀ ਹੋਈ ਗੱਡੀ ਦੀਆਂ ਲੀਕਾਂ ਵਾਂਙ ਅਸਰ ਕਰ ਜਾਂਦੇ ਹਨ। ਜਿਕੂੰ ਕੋਇਲ ਦੇ ਬਚਨ ਸੁਣ ਕੇ ਕੋਇਲ ਦਾ ਪੁੱਤ੍ਰ ਕਾਵਾਂ ਨੂੰ ਛੱਡ ਕੇ ਆਪਣੇ ਪਰਵਾਰ ਵਿੱਚ ਆ ਜਾਂਦਾ ਹੈ, ਤੈਸੇ ਹੀ ਭਾਈ ਬਹਿਲੋ ਦਾ ਮਨ ਸਰਵਰੀਆਂ ਵੱਲੋਂ ਹਟ ਕੇ ਗੁਰੂ ਸਿੱਖਾਂ ਦਾ ਸਾਥੀ ਬਣ ਗਿਆ। ਤੇ ਤੀਰਥ ਦੀ ਪੁਟਾਈ ਜਿਸ ਤਰ੍ਹਾਂ ਹੋਰ ਸਿੱਖ ਕਰਦੇ ਸੇ, ਏਹ ਭੀ ਕਰਨ ਲਗ ਪਿਆ। ਜਿਉਂ ਜਿਉਂ ਸੇਵਾ ਸਤਸੰਗ ਕੀਤਾ, ਹਿਰਦਾ ਸ਼ੁੱਧ ਹੁੰਦਾ ਗਿਆ। ਫੇਰ ਖੂੰਡੀ, ਖੱਲੜੂ ਸਤਲੁਜ ਵਿੱਚ ਸਿੱਟ ਕੇ; ਘਰ ਜਾ ਕੇ ਪੀਰਖਾਨਾ ਭੀ ਢਾਹ ਸਿੱਟਿਆ ਤੇ ਫੇਰ ਗੁਰੂ ਜੀ ਦੇ ਪਾਸ ਆ ਕੇ ਤਾਲ ਦੀ ਸੇਵਾ ਕਰਨ ਲੱਗਾ। ਫੇਰ ਤਾਂ ਐਡਾ ਸਿਦਕੀ ਹੋਯਾ ਜੋ ਇੱਕ ਦਿਨ ਏਸ ਨੇ ਘੁਮ੍ਹਿਆਰ ਤੋਂ ਸੁਣਿਆਂ ਕਿ ਜੇਕਰ ਆਵੇ ਵਿੱਚ ਬਿਸ਼ਟਾ ਪਵੇ, ਤਾਂ ਬਹੁਤ ਚੰਗੀਆਂ ਇੱਟਾਂ ਪਕਦੀਆਂ ਹਨ। ਓਸੇ ਦਿਨ ਤੋਂ ਕੰਬਲ ਦਾ ਝੁੰਬ ਮਾਰ ਕੇ ਇੱਕ ਰੱਸੀ ਲੱਕ, ਇੱਕ ਸਿਰ ਬੰਨ੍ਹਕੇ; ਫਾਹੁੜੀ ਛੱਜ ਲੈ, ਮੈਲਾ ਉਠਾ ਉਠਾ ਕੇ ਆਵੇ ਵਿੱਚ ਪਾਉਣ ਲਗ ਪਿਆ। ਸਾਰਾ ਦਿਨ ਏਹੋ ਕਾਰ ਕਰੇ ਤੇ ਰਾਤ ਨੂੰ ਓਸੇ ਤਰ੍ਹਾਂ ਓਹੋ ਮੰਡਾਸਾ ਬੱਧਾ ਬਧਾਯਾ ਰੱਖ ਕੇ ਨਹਾ ਧੋ ਦੁਕਾਨਦਾਰਾਂ ਦੇ ਜਾ ਕੇ ਚੱਕੀ ਪੀਸਿਆ ਕਰੇ ਯਾ ਧਾਨ ਛੜੇ। ਓਸ ਮੇਹਨਤ ਦਾ ਪ੍ਰਸ਼ਾਦਾ ਛਕ ਕੇ ਫੇਰ ਦਿਨ ਭਰ ਮੈਲਾ ਉਠਾ ਉਠਾ ਕੇ ਆਵੇ ਵਿੱਚ ਪਾਉਂਦਾ ਫਿਰੇ। ਕਈ ਲੱਖ ਇੱਟਾਂ ਦਾ ਆਵਾ ਏਸੇ ਤਰ੍ਹਾਂ ਪਕਾਯਾ। ਭਾਵੇਂ ਹੋਰ ਕਈ ਆਵੇ ਭੀ ਪੱਕੇ, ਪਰ ਜੈਸਾ ਏਹਨਾਂ ਦਾ ਆਵਾ ਪਕਿਆ ਐਸਾ ਹੋਰ ਕੋਈ ਨਾ ਪੱਕਿਆ। ਜਾਂ ਗੁਰੂ ਜੀ ਨੂੰ ਏਹ ਖ਼ਬਰ ਹੋਈ ਤਾਂ ਏਸ ਦੀ ਸੇਵਾ ਪਰ ਬਹੁਤ ਖ਼ੁਸ਼ੀ ਹੋ ਕੇ ਬਹਿਲੋ ਦਾ ਮੁੰਡਾਸਾ ਉਤਰਾ, ਇਸ਼ਨਾਨ ਕਰਾ, ਪੌਸ਼ਾਕੀ ਪਹਿਨਾ 'ਭਾਈ ਬਹਿਲੋ ਸਭ ਤੋਂ ਪਹਿਲੋਂ' ਏਹ ਵਰ ਦੇ ਕੇ ਅਧਯਾਤਮ ਵਿੱਦਯਾ ਦਾ ਦ੍ਰਿੜ ਪ੍ਰਕਾਸ਼ ਕਰਾ ਦਿੱਤਾ, ਜਿਸ ਤੋਂ ਰਿਧੀਆਂ ਭੀ ਓਸ ਦੇ ਵੱਸ ਵਿੱਚ ਆ ਗਈਆਂ। ਗੁਰੂ ਜੀ ਨੇ ਓਸ ਨੂੰ ਮਾਲਵੇ ਦਾ ਮਸੰਦ (ਕਾਰਦਾਰ) ਕਰ ਦਿੱਤਾ, ਜੋ ਹਰ ਸਾਲ ਮਾਲਵੇ ਦੀ ਸੰਗਤ ਨੂੰ ਨਾਲ ਲੈ ਕੇ ਗੁਰੂ ਜੀ ਦੀ ਟਹਿਲ ਕਰਦਾ ਕਰਾਉਂਦਾ ਰਿਹਾ। ਤੇ ਫੇਰ ਓਸ ਦੇ ਪੁੱਤ੍ਰ ਪੋਤ੍ਰੇ ਭੀ ਗੁਰੂ ਜੀ ਦੇ ਘਰ ਦੀ ਟਹਿਲ ਕਰਦੇ ਰਹੇ। ਓਹਨਾਂ ਵਿੱਚੋਂ ਹੀ ਇੱਕ ਭਾਈ ਭਗਤਾ ਵੱਡਾ ਉਜਾਗਰ ਸਿੱਖ ਹੋਯਾ ਹੈ।

ਓਸੇ ਦੇ ਨਾਮ ਦਾ 'ਭਗਤਾ' ਪਿੰਡ ਫਰੀਦਕੋਟ ਦੇ ਰਾਜ ਵਿੱਚ ਹੈ। ਸਾਰਾ ਹਾਲ ਏਹਨਾਂ ਦਾ ਪੰਜਵੇਂ ਹਿੱਸੇ ਵਿੱਚ ਹੈ।

## (ਪਾਃ ੫ – ੯)

## ਕਾਬਲ ਵਾਲੀ ਮਾਈ

ਇਕ ਮਾਈ ਕਾਬਲ ਦੀ ਹਮੇਸ਼ ਤਾਲ ਦੀ ਗਾਰ ਕੱਢਯਾ ਕਰਦੀ ਅਤੇ ਟੋਕਰੇ ਭਰ ਭਰ ਕੇ ਬਹੁਤ ਪ੍ਰੇਮ ਨਾਲ ਛੇਤੀ ਛੇਤੀ ਦੂਰ ਸਿੱਟ ਆਉਂਦੀ ਸੀ ਅਤੇ ਹੱਥ ਉਤਾਹਾਂ ਨੂੰ ਮਾਰਦੀ ਸੀ*। ਓਸ ਦੀ ਟਹਿਲ ਨੂੰ ਦੇਖ ਕੇ ਸਭ ਸੰਗਤ ਅਤੇ ਗੁਰੂ ਸਾਹਿਬ ਬਹੁਤ ਖ਼ੁਸ਼ੀ ਹੁੰਦੇ ਸੇ।

---

*ਸੂਰਜ ਪ੍ਰਕਾਸ਼ ਸਫਾ ੫੧੯ ਉੱਪਰ ਲਿਖਿਆ ਹੈ ਕਿ ਏਹ ਮਾਈ ਹਰ ਫੇਰੇ ਮਿੱਟੀ ਦੀ ਟੋਕਰੀ ਸਿੱਟ ਕੇ ਜਿਕੂੰ ਝੂਟਾ ਦੇਈਦਾ ਹੈ ਏਸ ਤਰ੍ਹਾਂ ਅਕਾਸ਼ ਵਿੱਚ ਹੱਥ ਮਾਰਦੀ। ਜਦ ਕਾਰਨ ਪੁੱਛਿਆ ਤਾਂ ਏਨ ਆਖਯਾ, "ਮੇਰੇ ਘਰ ਵਿੱਚ ਮੇਰਾ ਪੁੱਤ੍ਰ ਸਵਾ ਬਰਸ ਦਾ ਪਾਲਨੇ ਵਿੱਚ ਸੁਤਾ ਪਿਆ ਹੈ, ਮੈਂ ਉਸ ਨੂੰ ਝੂਟੇ ਦੇਂਦੀ ਹਾਂ। ਜੇ ਨਾਂ ਝੁਲਾਵਾਂ ਤਾਂ ਬਾਲਕ ਰੋਣ ਲੱਗ ਜਾਏ।" ਏਹ ਗੱਲ ਅਚਰਜ ਦੀ ਸੁਣ ਕੇ ਸੰਗਤ ਨੇ ਗੁਰੂ ਸਾਹਿਬ ਜੀ ਨੂੰ ਖ਼ਬਰ ਦਿੱਤੀ। ਗੁਰੂ ਸਾਹਿਬ ਨੇ ਅੰਤ੍ਰ ਧਿਆਨ ਹੋ ਕੇ ਜਾਂ ਦੇਖਿਆ ਤਾਂ ਏਹ ਸੱਚਾ ਬਿਆਨ ਪਾਯਾ। ਤਾਂ ਓਸ ਮਾਈ ਨੂੰ ਪੁੱਛਿਆ ਕਿ ਤੈਨੂੰ ਏਹ ਤਾਕਤ ਕਿੱਥੋਂ ਹੋਈ ਹੈ? ਓਸ ਨੇ ਪ੍ਰਾਰਥਨਾ ਕੀਤੀ ਕਿ ਮੈਂ ਆਪ ਨੇ ਭਰਤੇ ਤੋਂ ਬਿਨਾਂ ਹੋਰ ਕਿਸੇ ਨੂੰ ਪੁਰਖ ਨਹੀਂ ਮੰਨਿਆਂ ਅਤੇ ਨਾ ਕਦੇ ਕੋਈ ਪੀਰ, ਫ਼ਕੀਰ, ਮੜ੍ਹੀ, ਦੇਵਤਾ, ਦੇਵੀ, ਭੂਤ, ਪ੍ਰੇਤ, ਤਿਥ, ਤਿਉਹਾਰ ਮੰਨਿਆ ਹੈ। ਓਸੇ ਦੇ ਹੁਕਮ ਨਾਲ ਸਤਿਗੁਰਾਂ ਦੇ ਤੀਰਥ ਦੀ ਕਾਰ ਕੱਢਣ ਆਉਂਦੀ ਹਾਂ। ਅਤੇ ਓਹ ਗੁਰੂ ਜੀ ਦਾ ਅਨੰਨ ਭਗਤ ਹੈ। ਓਸੇ ਦੀ ਟਹਿਲ ਦਾ ਫ਼ਲ ਮੈਨੂੰ ਏਹ ਮਹਲ ਲੱਭਿਆ ਹੈ। ਫੇਰ ਸੰਗਤ ਨੂੰ ਦ੍ਰਿੜ ਕਰਾਉਣ ਵਾਸਤੇ ਗੁਰੂ ਜੀ ਨੇ ਓਸ ਦੇ ਘਰੋਂ ਭੀ ਖ਼ਬਰ ਮੰਗਵਾ ਦਿੱਤੀ। ਪਾਠਕਾਂ ਨੂੰ ਵਿੱਦਿਤ ਹੋਵੇ ਕਿ ਇਲਮ ਮੈਸਮਰੇਜ਼ਮ ਵਾਲੇ ਭੀ ਏਸ ਗੱਲ ਨੂੰ ਮੰਨਦੇ ਹਨ ਅਤੇ ਜੋ ਏਸ ਵਿੱਦਯਾ ਵਿੱਚ ਪਕੇ ਹਨ ਏਹੋ ਜੇਹੇ ਕਈ ਕੰਮ ਕਰਦੇ ਹਨ। ਅਰਥਾਤ ਆਦਮੀ ਨੂੰ ਪਿੱਛੇ ਲਾ ਲੈਣਾ, ਬੇਹੋਸ਼ ਕਰਣਾ, ਕਿਸੇ ਦੇ ਮਨ ਦੀ ਗਲ ਦੱਸ ਦੇਣੀ, ਦੂਰ ਦੇਸ ਦੀ ਚੀਜ਼ ਮੰਗਾ ਦੇਣੀ, ਸੈਂਕੜੇ ਕੋਹਾਂ ਦੀ ਖ਼ਬਰ ਦੱਸਣੀ ਆਦਿਕ। ਏਸੇ ਪ੍ਰਕਾਰ ਇੱਕ ਹੋਰ ਵਿੱਦਯਾ ਹੈ, ਜਿਸ ਨਾਲ ਮੋਏ ਆਦਮੀ ਦੀ ਰੂਹ ਮੰਗਵਾ ਕੇ ਗੱਲਾਂ ਕਰਾ ਦਿੰਦੇ ਹਨ। ਇਸ ਪ੍ਰਕਾਰ ਦੀਆਂ ਵਿੱਦਿਆਂ ਨੂੰ ਹੀ ਪਿਛਲੇ ਲੋਗ ਕਰਾਮਾਤਾਂ ਆਖਦੇ ਸੇ ਤੇ ਹੁਣ ਵਾਲੇ ਕਰਤਬ ਯਾ ਇਲਮ ਆਖਦੇ ਹਨ।

## (ਪਾਃ ੫ - ੧੦)

## ਭਾਈ ਬੁੱਧੂ ਲਾਹੌਰੀ

ਇਕ ਬੁਧੂ ਨਾਮ ਘੁਮਾਰ ਗੁਰੂ ਘਰ ਦਾ ਸੱਚਾ ਸਿਦਕੀ ਸਿੱਖ ਸੀ। ਓਸ ਦੇ ਕਈ ਆਵੇ ਪਿੱਲੇ ਰਹੇ। ਇਸ ਲਈ ਓਸ ਘਾਟੇ ਨੇ ਉਸ ਨੂੰ ਕਰਜ਼ਾਈ ਕਰ ਦਿੱਤਾ। ਸੰਮਤ ੧੬੪੮ ਬਿਕ੍ਰਮੀ ਨੂੰ ਜਦ ਗੁਰੂ ਸਾਹਿਬ ਲਾਹੌਰ ਗਏ ਤਾਂ ਓਸ ਦੀ ਸੇਵਾ, ਸ਼ਰਧਾ ਪਰ ਖ਼ੁਸ਼ੀ ਹੋ ਕੇ ਬਚਨ ਕੀਤਾ, "ਸੰਗਤ ਨੂੰ ਪ੍ਰਸ਼ਾਦ ਛਕਾ ਕੇ ਆਵਾ ਪੱਕਣ ਦੀ ਅਰਦਾਸ ਕਰਾ।" ਜਾਂ ਓਨ ਪ੍ਰਸ਼ਾਦ ਛਕਾਯਾ ਤਾਂ ਸਿੱਖ ਨੇ ਅਰਦਾਸ ਕੀਤੀ ਕਿ ਭਾਈ ਬੁੱਧੂ ਦਾ ਆਵਾ ਪੱਕੇ। ਪਰ ਇੱਕ ਸਿੱਖ ਜਪੀ ਤਪੀ; ਜੋ ਪੰਗਤ ਲੱਗੀ ਤੋਂ ਪਿੱਛੋਂ ਆਯਾ ਸੀ ਤੇ ਦਰਵਾਨਾਂ ਨੇ ਓਸ ਨੂੰ ਅੰਦਰ ਨਾ ਆਉਣ ਦਿੱਤਾ, ਓਨ ਬਾਹਰ ਭੁੱਖਾਤ੍ਰ ਹੋ ਕੇ ਬਚਨ ਕੀਤਾ, "ਆਵਾ ਕੱਚਾ ਹੀ ਰਹੇਗਾ।" ਸੋ ਕੱਚਾ ਹੀ ਰਿਹਾ। ਤਾਂ ਭਾਈ ਬੁੱਧੂ ਨੇ ਹੈਰਾਨ ਤੇ ਉਦਾਸ ਹੋ ਕੇ ਗੁਰੂ ਜੀ ਪਾਸ ਅੰਮ੍ਰਿਤਸਰ ਜਾ ਕੇ ਬੇਨਤੀ ਕੀਤੀ। ਤਾਂ ਗੁਰੂ ਜੀ ਨੇ ਆਖਿਆ, "ਜਿਸ ਪ੍ਰਕਾਰ ਭਗਤਾਂ ਦਾ ਬਚਨ ਈਸ਼੍ਵਰ ਨਹੀਂ ਫੇਰ ਸਕਦਾ, ਤਿਵੇਂ ਹੀ ਗੁਰਸਿੱਖਾਂ ਦਾ ਸੰਬੰਧ ਹੈ। ਸੋ ਤੇਰਾ ਆਵਾ ਭਾਵੇਂ ਪਿੱਲਾ ਹੈ ਪਰੰਤੂ ਪੱਕੀਆਂ ਦੇ ਭਾਉ ਵਿਕੇਗਾ।" ਸੋਈਓ ਗੱਲ ਹੋਈ। ਐਸੀਆਂ ਝੜੀਆਂ ਲੱਗੀਆਂ ਕਿ ਬਹੁਤ ਮਕਾਨ ਤੇ ਕਿਲ੍ਹੇ ਦੀ ਬਾਹੀ ਢਹਿ ਪਈ। ਇੱਟਾਂ ਦੀ ਬੜੀ ਤੰਗੀ ਹੋਈ ਤਾਂ ਓਹੋ ਇਟਾਂ ਪੱਕੀਆਂ ਦੇ ਭਾ ਵਿਕੀਆਂ। ਏਹ ਆਵਾ ਹੁਣ ਲਾਹੌਰ ਵਿੱਚ ਬੁੱਧੂ ਦਾ ਆਵਾ ਨਾਮ ਕਰ ਕੇ ਮਸ਼ਹੂਰ ਹੈ।

## (ਪਾ: ੫ - ੧੧)

## ਗੰਗਾ ਰਾਮ ਬ੍ਰਾਹਮਣ

ਸੰ: ੧੬੪੫ ਬਿਕ੍ਰਮੀ ਨੂੰ ਇੱਕ ਗੰਗਾ ਰਾਮ ਬ੍ਰਾਹਮਣ ਵਪਾਰੀ ਬਠਿੰਡੇ ਦੇ ਰਹਿਣ ਵਾਲਾ ਬਾਜਰੇ ਦੇ ਊਠ ਲੱਦ ਕੇ ਮਾਝੇ ਦੇਸ ਗੁਰੂ ਜੀ ਦੇ ਚੱਕ ਜਾ ਉਤਰਿਆ। ਅੱਗੇ ਗੁਰੂ ਸਾਹਿਬ ਸੰਤੋਖਸਰ ਤੇ ਅੰਮ੍ਰਿਤਸਰ ਦੇ ਤਲਾਉ ਬਨਵਾ ਰਹੇ ਸੇ। ਏਸ ਕਰ ਕੇ ਓਥੇ ਬਹੁਤ ਆਦਮੀ ਜਮ੍ਹਾਂ ਸੇ। ਓਹਨਾਂ ਵਿੱਚੋਂ ਕੋਈ ਇੱਟਾਂ ਪੱਥਰ ਢੋਂਦੇ, ਕੋਈ ਚੂਨਾ ਪੀਸਦੇ, ਕੋਈ ਰੋੜ ’ਕੱਠੇ ਕਰਦੇ, ਪੁਟਦੇ, ਕੋਈ ਗਾਰਾ ਪਾਣੀ ਢੋਈ ਕਰਦੇ ਦੇਖੇ। ਅਨੇਕ ਸਿੱਖ; ਜੋ ਸਾਹੂਕਾਰਾਂ ਦੇ ਪੁੱਤ੍ਰ ਮਾਲੂਮ ਹੁੰਦੇ ਸੇ, ਰਾਜਾਂ ਮਜੂਰਾਂ ਦਾ ਕੰਮ ਕਰਦੇ ਹੋਏ ਦੇਖ ਕੇ ਗੰਗਾ ਰਾਮ ਅਚਰਜ ਹੋ ਰਿਹਾ। ਨਾਲ ਹੀ ਸਾਰਾ ਦਿਨ ਲੋਹ ਤਪਦੀ ਤੇ ਲੰਗਰ ਵਰਤਦਾ ਰਿਹਾ। ਜੋ ਕੋਈ ਆਵੇ, ਛਕ ਜਾਵੇ। ਦੂਜੇ ਦਿਨ ਅੰਨ ਮੁਕ ਗਿਆ ਤੇ ਲੰਗਰ ਨਾ ਪੱਕਿਆ। ਤਾਂ ਗੰਗਾ ਰਾਮ ਨੇ ਮਨ ਵਿੱਚ ਸੋਚਿਆ ਕਿ ਜੇਕਰ ਹੋਰ ਕਿਧਰੋਂ ਅੰਨ ਨਹੀਂ ਆਯਾ, ਤਾਂ ਈਸ਼੍ਵਰ ਨੇ ਮੇਰੇ ਅੰਨ ਦੇ ਊਠ ਏਸੇ ਲਈ ਭੇਜੇ ਹਨ। ਏਹ ਸੋਚ ਕੇ ਸੌ ਮਣ ਬਾਜਰੀ ਗੁਰੂ ਕੇ ਅਰਪਣ ਕੀਤੀ। ਓਸੇ ਦਿਨ ਇੱਕ ਸਿੱਖ ਤਿਲਾਂ ਦੇ ਲਦੇ ਹੋਏ ਊਠ ਲੈ ਆਯਾ। ਤਾਂ ਓਹੋ ਬਾਜਰੇ ਦੀਆਂ ਘੁੰਗਣੀਆਂ ਤਿਲ ਮਿਲਾ ਕੇ ਸੰਗਤ ਨੂੰ ਤੇ ਮਜੂਰਾਂ ਨੂੰ ਵਰਤਵਾ ਦਿੱਤੀਆਂ। ਏਸੇ ਤਰ੍ਹਾਂ ਜਾਂ ਗੰਗਾਰਾਮ ਦੀ ਪੰਜ ਸੌ ਮਣ ਬਾਜਰੀ ਥੋੜੇ ਦਿਨਾਂ ਵਿੱਚ ਖ਼ਰਚ ਹੋ ਗਈ, ਤਾਂ ਗੁਰੂ ਜੀ ਦੇ ਇੱਕ ਸਿੱਖ ਸ਼ਾਹੂਕਾਰ ਨੇ ਪੰਜ ਹਜ਼ਾਰ ਰੁਪਯਾ ਭੇਟਾ ਆਨ ਧਰਿਆ। ਫੇਰ ਤਾਂ ਕੜਾਹ ਪ੍ਰਸ਼ਾਦ ਵਰਤੀਣ ਲੱਗਾ।

ਗੰਗਾ ਰਾਮ ਗੁਰੂ ਜੀ ਦਾ ਪ੍ਰਤਾਪ ਦੇਖ ਕੇ ਸਿਦਕੀ ਸਿੱਖ ਹੋਯਾ ਤੇ ਤੀਰਥ ਦੀ ਟਹਿਲ ਕਰਨ ਲਗਾ। ਪਰ ਗੁਰੂ ਜੀ ਦੀ ਪ੍ਰੀਤਿ ਜੈਸੀ ਗ਼ਰੀਬ ਸਿੱਖਾਂ ਤੇ ਮਜੂਰਾਂ ਨਾਲ ਸੀ ਓਹੇ ਜੇਹੀ ਗੰਗਾ ਰਾਮ ਨੇ ਆਪਣੇ ਨਾਲ ਦੇਖੀ। ਏਸ ਸਮ ਭਾਵ ਤੋਂ ਹੋਰ ਭੀ ਓਸ ਦੇ ਦਿਲ ਵਿੱਚ ਸ਼ਾਂਤੀ ਆਈ। ਏਸੇ ਤਰ੍ਹਾਂ ਦੋ ਮਹੀਨੇ ਤਲਾਉ ਦੀ ਟਹਿਲ ਕਰਦਾ ਰਿਹਾ। ਜਦ ਵੈਸਾਖੀ ਦੇ ਮੇਲੇ ਪਰ ਸੰਗਤ ਦੀ ਚੜ੍ਹਤ ਦਾ ਬਹੁਤ ਰੁਪਯਾ ਇਕੱਠਾ ਹੋ ਗਿਆ, ਤਾਂ ਗੁਰੂ ਜੀ ਨੇ ਓਸ ਅੱਗੇ ਮਾਯਾ ਦਾ ਢੇਰ ਲਵਾ ਕੇ ਆਖਿਆ, “ਭਾਈ ਮਿਸਰਾ! ਤੂੰ ਆਪਣੀ ਬਾਜਰੀ ਦੀ ਕੀਮਤ ਲੈ ਲੈ।” ਪਰ ਟਹਿਲ ਅਤੇ ਗੁਰੂ ਦਾ ਦਰਸ਼ਨ ਤੇ ਸਤਸੰਗ ਕਰ ਕੇ ਓਸ ਦਾ ਮਨ ਐਸਾ ਸ਼ੁੱਧ ਹੋਯਾ, ਜੋ ਓਸ ਨੇ ਅਤਿ ਨਿੰਮ੍ਰ ਹੋ ਅਰਜ਼ ਕੀਤੀ, “ਸੱਚੇ ਪਾਤਸ਼ਾਹ! ਹੁਣ ਓਹ ਸੱਚਾ ਧਨ ਬਖ਼ਸ਼ੋ, ਜੋ ਪਰਲੋਕ ਵਿੱਚ ਨਾਲ ਚੱਲੇ। ਏਹ ਧਨ ਕਿਸੇ ਦੇ ਨਾਲ ਨਹੀਂ ਜਾਂਦਾ।” ਗੁਰੂ ਸਾਹਿਬ ਨੇ ਓਸ ਦੀ ਘਾਲਣਾ ਤੇ ਸ਼ਰਧਾ ਦੇਖ ਕੇ ਓਸ ਨੂੰ ਸਿੱਖ ਬਣਾ ਕੇ, ਬ੍ਰਹਮ ਵਿੱਦਯਾ ਦਾ ਉਪਦੇਸ਼ ਕਰ ਕੇ, ਤਤ੍ਵ ਸਿਖਯਾ ਦਾ ਬਬੇਕ ਦ੍ਰਿੜ੍ਹਾ ਕਰ, ਅਨਾਤਮ ਪ੍ਰਪੰਚ ਤੋਂ ਨਿਆਰਾ ਕਰ ਕੇ, ਆਤਮਾ ਪ੍ਰਮਾਤਮਾ ਐਉਂ ਦਿਖਾ ਦਿੱਤਾ ਜੀਕੂੰ ਮੁੰਜ ਵਿੱਚੋਂ ਤੀਲ ਵੱਖਰੀ ਕਰੀਦੀ ਹੈ। ਏਸ ਬ੍ਰਹਮਗਯਾਨ ਨੂੰ ਪਾ ਕੇ ਓਹ ਪ੍ਰਮਾਨੰਦ ਵਿੱਚ ਅਜੇਹਾ ਮਗਨ ਹੋਯਾ ਜੋ ਸੰਸਾਰ ਦੇ ਸਭ ਕਾਰ ਬਾਰ ਛੱਡ ਕੇ ਆਨੰਦ ਹੋ ਗਿਆ ਤੇ ਰਿੱਧੀ ਸਿੱਧੀ ਭੀ ਫੁਰ ਆਈ। ਗੁਰੂ ਸਾਹਿਬ ਜੀ ਨੇ ਲੋਗਾਂ ਦੇ ਉਧਾਰ ਤੇ ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਓਸ ਨੂੰ ਬਠਿੰਡੇ ਭੇਜ ਦਿੱਤਾ। ਓਥੇ ਏਸ ਨੇ ਸੰਤ ਬਾਣੇ ਵਿੱਚ ਰਹਿ ਕੇ ਬਹੁਤ ਲੋਗਾਂ ਦਾ ਭਲਾ ਕੀਤਾ। ਹੁਣ ਗੰਗਾਰਾਮ ਦੀ ਔਲਾਦ ਪਟਿਆਲੇ ਦੇ ਇਲਾਕੇ ਪ੍ਰਗਣੇ ਸਨਾਮ ਵਿੱਚ ਪਸ਼ੌਰ ਪਿੰਡ ਦੀ ਮਾਫ਼ੀਦਾਰ ਹੈ, ਓਹਨਾਂ ਵਿੱਚੋਂ ਭਾਈ ਰਾਮ ਸਿੰਘ ਜੈਸੇ; ਜੋ ਮਦਰੱਸਿਆਂ ਦੇ ਇਨਸਪੈਕਟਰ ਹਨ, ਕਈ ਆਦਮੀ ਲਾਇਕ ਲਾਇਕ ਹਨ।

ਭਾਵੇਂ ਗੰਗਾਰਾਮ ਦੇ ਸੇਵਕ ਤਾਂ ਬਹੁਤ ਹੋਏ, ਜਿਨ੍ਹਾਂ ਨੂੰ ਹਰ ਵਰ੍ਹੇ ਨਾਲ ਲੈ ਕੇ ਗੁਰੂ ਜੀ ਦੇ ਦਰਸ਼ਨ ਜਾਯਾ ਕਰਦਾ ਤੇ ਨਜ਼ਰ ਭੇਟ ਦਸਵੰਧ ਦਿਵਾਉਂਦਾ ਰਿਹਾ ਪਰ {ਬਿਧੀਚੰਦ ਸਿਧੀਚੰਦ} ਬਿਧੀਚੰਦ ਤੇ ਸਿਧੀਚੰਦ ਦੋ ਭਾਈ (ਖਤ੍ਰੀ, ਬਠਿੰਡੇ ਦੇ ਵਸਨੀਕ) ਪੁੱਤ੍ਰ ਦੀ ਕਾਮਨਾ ਵਾਸਤੇ ਬਹੁਤ ਸੇਵਾ ਕਰਦੇ ਰਹੇ। ਸਿਧੀਚੰਦ ਦੇ ਘਰ ਭਾਈ {ਮੂਲਚੰਦ} ਮੂਲਚੰਦ ਜੀ ਚਿੱਟੀ ਬੋਦੀ ਵਾਲਾ ਪੈਦਾ ਹੋਯਾ, ਜਿਸ ਨੇ ਆਪਣੀ ਆਤਮਕ ਸ਼ਕਤੀ ਦੇ ਬਲ ਕਰ ਕੇ ਮਹਾਰਾਜੇ ਆਲਾ ਸਿੰਘ ਆਦਿਕ ਬਹੁਤ

ਸਿੱਖ ਸਰਦਾਰ ਤੇ ਮੁਹੰਮਦ ਸ਼ਾਹ ਬਾਦਸ਼ਾਹ ਦਿੱਲੀ ਵਾਲੇ ਨੂੰ ਚਿਤਾ ਕਰ ਬੜੀ ਇੱਜ਼ਤ ਤੇ ਜਾਗੀਰ ਪਾ ਰੱਖੀ ਸੀ। ਹੁਣ ਤੱਕ ਭੀ ਮਾਲਵੇ ਦੇਸ ਵਿੱਚ ਓਸ ਦੇ ਚੇਲੇ ਗੱਦੀ ਨਸ਼ੀਨ ਭਾਈ ਗੁਰਬਖ਼ਸ਼ ਨਾਮ ਬ੍ਰਹਮਣ ਦੀ ਸੰਤਾਨ ਬਹੁਤ ਮੰਨੀ ਜਾਂਦੀ ਹੈ ਤੇ ਓਹ ਸਨਾਮ ਸ਼ਹਿਰ ਵਿੱਚ ਵਸਦੇ ਹਨ, ਜਿੱਥੇ ਭਾਈ ਮੂਲਚੰਦ ਦਾ ਦੇਹਰਾ ਹੈ। ਓਨ੍ਹਾਂ ਪਾਸ ਭਾਈ ਗੁਰਬਖ਼ਸ਼ ਤੇ ਮੂਲ ਚੰਦ ਦੇ ਨਾਮ ਦੀਆਂ ਬਾਦਸ਼ਾਹੀ ਸਨਦਾਂ ਭੀ ਹਨ, ਪਰ ਜਾਗੀਰ ਨਹੀਂ। ਸਿੱਖੀ ਸੇਵਕੀ ਨਾਲ ਹੀ ਗ਼ੁਜ਼ਾਰਾ ਕਰਦੇ ਹਨ।

## (ਪਾਃ ੫ - ੧੨)

## ਭਾਈ ਅਜਬ ਅਜਾਇਬ ਡਰੌਲੀ ਵਾਲੇ

ਭਾਈ ਅਜਬ, ਅਜਾਇਬ ਦੋਵੇਂ ਭਰਾ ਡਰੌਲੀ ਵਾਲੇ ਸੰਘੇ ਜ਼ਿਮੀਂਦਾਰ (ਜਿਨ੍ਹਾਂ ਦੀ ਸੰਤਾਨ ਵਿੱਚੋਂ ਉਮਰ ਸ਼ਾਹ ਗੁਰੂ ਜੀ ਦਾ ਸੇਵਕ ਤੇ ਨੰਦ ਚੰਦ ਦੀਵਾਨ ਦਸਵੇਂ ਪਾਤਸ਼ਾਹ ਦਾ ਹੋਯਾ ਹੈ) ਗੁਰੂ ਕਾ ਜਸ, ਪ੍ਰਤਾਪ, ਤੇ ਸ਼ਕਤੀ ਦੇਖ ਕੇ ਸੁਲਤਾਨ ਦੀ ਮੰਨਤ ਛੱਡ ਕੇ ਗੁਰੂ ਕੇ ਸੇਵਕ ਬਣੇ। ਅੰਮ੍ਰਿਤਸਰ ਦੀ ਟਹਿਲ ਕਰ ਕੇ ਮਹਿਲ ਪਾਯਾ। ਗੁਰੂ ਜੀ ਨੇ ਖ਼ੁਸ਼ ਹੋ ਕੇ ਮੰਜੀ; ਤੇ ਜੀਰੇ, ਧਰਮ ਕੋਟ, ਘੱਲ ਮੋਗੇ ਆਦਿਕ ਪ੍ਰਗਣਿਆਂ ਦੀ ਸਿੱਖੀ ਬਖ਼ਸ਼ੀ। ਕਈ ਪੀੜ੍ਹੀਆਂ ਤੱਕ ਤਾਂ ਓਹ ਸਿੱਖਾਂ ਤੋਂ ਕਾਰ ਭੇਟ ਲੈ ਕੇ ਗੁਰੂ ਕੇ ਖ਼ਜ਼ਾਨੇ ਪਹੁੰਚਾਉਂਦੇ ਰਹੇ, ਪਰ ਹੁਣ ਆਪੇ ਛਕ ਲੈਂਦੇ ਹਨ। ਏਸੇ ਭਾਈ ਅਜਬ ਅਜਾਇਬ ਦੇ ਪ੍ਰੇਰੇ ਹੋਏ ਭਾਈ ਲਾਲਾ, ਲੰਗਾਹਾ ਢਿੱਲੋ ਜੱਟ, ਪੱਟੀ ਦੇ ਚੌਧਰੀ ਅਤੇ ਭਾਈ ਪੈੜਾ, ਛੱਜਲ ਖੱਤ੍ਰੀ, ਕੱਦੂ ਸੰਘੜ ਆਦਿਕ ਅਨੇਕ ਸੁਲਤਾਨੀਏਂ ਗੁਰੂ ਜੀ ਦੇ ਸੇਵਕ ਬਣੇ। ਓਨ੍ਹਾਂ ਨੇ ਬੇਨਤੀ ਕੀਤੀ, "ਜੀ ਸੱਚੇ ਪਾਤਸ਼ਾਹ! ਗ੍ਰਿਹਸਤ ਵਿੱਚ ਜਪ, ਤਪ, ਬ੍ਰਤ, ਨੇਮ ਸੰਜਮ ਤਾਂ ਹੋ ਨਹੀਂ ਆਉਂਦੇ। ਆਪ ਕ੍ਰਿਪਾ ਕਰ ਕੇ ਕੋਈ ਸੁਖੱਲਾ ਰਾਹ ਮੁਕਤਿ ਹੋਣ ਦਾ ਦੱਸੋ।" {ਮੁਕਤੀ ਦਾ ਸੌਖਾ ਉਪਾਅ} ਓਨ੍ਹਾਂ ਦੀ ਸਰਲਤਾ ਦੇਖ ਕੇ ਗੁਰੂ ਜੀ ਨੇ ਫੁਰਮਾਯਾ, "ਭਾਈ ਸਿੱਖੋ! ਸੰਸਾਰ ਸਮੁੰਦ੍ਰ ਬਡਾ ਭਜਾਨਕ ਸੰਸੇ ਰੂਪੀ ਜਲ ਕਰ ਪੂਰਤ ਹੈ। ਏਸ ਵਿੱਚ ਕਾਮ ਕ੍ਰੋਧਾਦਿਕ ਨਕ੍ਰ, ਬਕ੍ਰ ਮਗਰਮੱਛ; ਭਰਮਦੇ ਭੌਰ, ਰਾਗ ਦ੍ਵੈਖ ਪਰਬਤ; ਚੌਰਾਸੀ ਲੱਖ ਜੋਨਿ ਲਹਿਰਾਂ; ਮੋਹ ਚਿਕੜ; ਅਵਿੱਦਜਾ ਦਲਦਲ; ਲੇਲੀ ਕੁਸੰਗ; ਪ੍ਰਤਿਕੂਲ ਪਵਨ, ਸਤਸੰਗ ਜਹਾਜ਼; ਗੁਰੂ ਖੇਵਟ; ਆਸੁਰੀ ਗੁਣ, ਘੋਘੇ ਸਿੱਪੀਆਂ; ਦੈਵੀ ਗੁਣ ਰਤਨ ਹਨ। ਈਸ਼੍ਵਰ ਦੀ ਕ੍ਰਿਪਾ ਹੋਵੇ, ਤਾਂ ਜੀਉ ਵਟਾਊ ਸਤਸੰਗ ਜਹਾਜ਼ ਵਿੱਚ ਆਵੇ, ਤਾਂ ਸਹਿਜੇ ਹੀ ਪਾਰ ਹੋ ਜਾਵੇ। ਸੋ ਤੁਹਾਨੂੰ ਗ੍ਰਿਸਤੀਆਂ ਨੂੰ ਚਾਹੀਦਾ ਹੈ ਕਿ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ, ਜਪੁਜੀ ਦਾ ਉਚਾਰ, ਧਰਮ ਦੀ ਕਾਰ, ਸੁਧ ਬਿਹਾਰ ਕਰਦੇ ਰਹੋ। ਜੋ ਕੋਈ ਸਿੱਖ ਸਾਧੂ ਨਿਰਵਿਕਾਰ ਹੋਵੇ, ਓਸ ਦੀ ਸੇਵਾ ਸੰਗਤ ਦੋ ਘੜੀ ਨਿੱਤ ਕਰਦੇ ਰਹੋ। ਦੀਪਮਾਲਾ ਅਤੇ ਬੈਸਾਖੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਜ਼ਰੂਰ ਇਸ਼ਨਾਨ ਕੀਤਾ ਕਰੋ।

ਚੌਪਈ: ਸ੍ਰੀ ਗੁਰੂ ਅਮਰਦਾਸ ਪਤਿਸ਼ਾਹੂ।
ਇਕ ਦਿਨ ਮੋਹਿ ਹਕਾਰਜੋ ਪਾਹੂ।
ਕਹਜੋ ਜੀਵ ਕਲਿਜੁਗ ਕੇ ਜੋ ਹੈਂ।
ਹੀਨ ਸ਼ਕਤਿ ਸਭ ਬਿਧਿ ਕਰ ਹੋ ਹੈਂ।
ਛੋਟੀ ਉਮਰ ਬੁਧ ਹੋਇ ਮੋਟੀ।
ਕ੍ਰਿਆ ਵਾਸ਼ਨਾ ਕਰ ਹੈਂ ਖੋਟੀ।
ਕਰ ਨਾ ਸਕੈਂ ਸਭ ਤੀਰਥ ਮੱਜਨ।
ਪੂਜੇ ਮਾਨਹਿੰਗੇ ਨਹਿ ਸ੍ਰਜਨ।
ਹੇਤ ਕਲਜਾਨ ਤਿਨੋਂ ਕੋ ਏਹੁ।
ਤੀਰਥ ਪ੍ਰਗਟਾਇਓ ਸੁਖ ਦੇਹੁ।
ਕਲਿਜੁਗ ਘੋਰ ਜਬੈ ਵਰਤੈ ਹੈ।
ਸਭ ਤੀਰਥ ਚਲ ਇਸ ਥਾਂ ਐ ਹੈਂ।
ਬਰਤ ਦਾਨ ਜਪ ਤਪ ਹਰਿ ਕਥਾ।
ਸਤਸੰਗਤ ਸ਼ਰਧਾ ਸਭ ਜਥਾ।
ਇਸ ਤੀਰਥ ਤਟ ਆਇ ਨਿਵਾਸੈ।
ਦਿਨ ਦਿਨ ਤੇਜ ਯਾਹਿ ਪ੍ਰਕਾਸੈ।
ਕੋਸਨ ਲੋ ਇਸ ਕੇ ਚੌਫੇਰੇ।

ਸੰਤ ਰਿਖਨ ਕੇ ਲਗ ਹੈਂ ਡੇਰੇ।
ਜੋ ਬਿਧਿ ਯੁਤ ਇਸ ਮੈ ਇਸ਼ਨਾਨ।
ਕਰ ਹੈਂ ਤਾਂਕੀ ਹੋਇ ਕਲਯਾਨ।
ਤੀਸਰ ਗੁਰੂ ਜਬ ਐਸਾ ਬਖਾਨਾ।
ਸੋ ਹਮ ਨੇ ਨਿਸਚੇ ਕਰ ਮਾਨਾ।
ਗੁਰੂ ਨਾਨਕ ਗੁਰ ਅੰਗਦ ਖਾਸ।
ਅਮਰਦੇਵ ਸ੍ਰੀ ਗੁਰੂ ਰਾਮਦਾਸ।
ਚਾਰੋਂ ਗੁਰੁ ਕੀ ਮਰਜ਼ੀ ਸੰਗ।
ਪ੍ਰਗਟਾਯੋ ਤੀਰਥ ਇਹੁ ਚੰਗ।
ਪੰਚਮ ਗੁਰ ਤੈ ਏਹੁ ਪ੍ਰਸੰਗ।
ਸੁਨ ਸਿੱਖਨ ਮਨ ਧਾਰ ਉਮੰਗ।
ਤੀਰਥ ਕੀ ਸੇਵਾ ਬਹੁ ਕੀਨੀ।
ਭੁਗਤਿ ਮੁਕਤਿ ਸਹਜੇ ਹੀ ਲੀਨੀ।

## (ਪਾ: ੫ - ੧੩)

## ਭਾਈ ਕਲਜਾਣੇ ਦੀ ਕਥਾ

ਸੰ: ੧੬੪੭ ਬਿਕ੍ਰਮੀ ਨੂੰ ਭਾਈ ਕਲਜਾਣਾ ਗੁਰੂ ਜੀ ਦਾ ਸਿੱਖ ਪਰਬਤਾਂ ਦਾ ਸੈਲ ਕਰਦਾ ਹੋਯਾ ਜਦ ਮੰਡੀ ਗਿਆ, ਤਾਂ ਓਸੇ ਦਿਨ ਓਥੋਂ ਦੇ ਰਾਜੇ ਹਰੀਸੈਨ ਦੇ ਹੁਕਮ ਨਾਲ; ਜੋ ਬੈਰਾਗੀਆਂ ਦਾ ਚੇਲਾ ਸੀ, ਢੰਢੋਰਾ ਫਿਰਿਆ ਕਿ ਭਾਦ੍ਰੋਂ ਵਦੀ ਸੱਤੋਂ ਨੂੰ ਠਾਕਰ ਜੀ ਦਾ ਜਨਮ ਦਿਨ ਹੈ। ਜੋ ਅੰਨ ਖਾਏਗਾ, ਸਜ਼ਾ ਪਾਏਗਾ। ਸੋ ਓਸ ਦੀ ਸਾਰੀ ਪ੍ਰਜਾ ਨੇ ਬਰਤ ਰੱਖਿਆ। ਪਰ ਭਾਈ ਕਲਜਾਣੇ ਨੇ ਆਪਣੇ ਸਾਥੀਆਂ ਸਮੇਤ ਚੰਗੇ ਪ੍ਰਸ਼ਾਦੇ ਛਕੇ। ਏਹ ਖ਼ਬਰ ਸੁਣ ਕੇ ਰਾਜੇ ਨੇ ਸਿੱਖਾਂ ਨੂੰ ਪਕੜ ਮੰਗਾਯਾ। ਪੁਛਿਆ, "ਤੁਸਾਂ ਮੇਰਾ ਹੁਕਮ ਤੇ ਠਾਕੁਰਾਂ ਦਾ ਜਨਮ ਨਹੀਂ ਸੁਣਿਆ?" ਭਾਈ ਜੀ ਨੇ ਆਖਿਆ, "ਏਹ ਠਾਕੁਰਾਂ ਦਾ ਜਨਮ ਝੂਠਾ ਹੈ। ਕਿਉਂਕਿ ਠਾਕੁਰ ਓਹ ਹੈ, ਜੋ ਨਾ ਕਦੇ ਜੰਮੇ ਤੇ ਨਾ ਮਰੇ। ਸਾਡੇ ਗੁਰੂ ਜੀ ਦਾ ਏਹ ਹੁਕਮ ਹੈ:

ਭੈਰਉ ਮਹਲਾ ੫ ਘਰੁ ੧
ੴ ਸਤਿਗੁਰ ਪ੍ਰਸਾਦਿ ॥
ਸਗਲੀ ਥੀਤਿ ਪਾਸਿ ਡਾਰਿ ਰਾਖੀ ॥
ਅਸਟਮ ਥੀਤਿ ਗੋਵਿੰਦ ਜਨਮਾ ਸੀ ॥੧॥
ਭਰਮਿ ਭੂਲੇ ਨਰ ਕਰਤ ਕਚਰਾਇਣ ॥
ਜਨਮ ਮਰਣ ਤੇ ਰਹਤ ਨਾਰਾਇਣ ॥੧॥ ਰਹਾਉ ॥
ਕਰਿ ਪੰਜੀਰੁ ਖਵਾਇਓ ਚੋਰ ॥
ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥੨॥
ਸਗਲ ਪਰਾਧ ਦੇਹਿ ਲੋਰੋਨੀ ॥
ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥੩॥
ਜਨਮਿ ਨ ਮਰੈ ਨ ਆਵੈ ਨ ਜਾਇ ॥
ਨਾਨਕ ਕਾ ਪ੍ਰਭੁ ਰਹਿਓ ਸਮਾਇ ॥੪॥੧॥

(ਭੈਰਉ, ਮ: ੫ - ੧੧੩੬)

ਪੁਨਹ ਬਚਨ ਹੈ:

ਛੋਡਹਿ ਅੰਨੁ ਕਰਹਿ ਪਾਖੰਡ ॥
ਨਾ ਸੋਹਾਗਨਿ ਨਾ ਓਹਿ ਰੰਡ ॥

(ਗੋਂਡ, ਭਗਤ ਕਬੀਰ ਜੀ - ੮੭੩)

ਪੁਨਹ:

ਅੰਨੈ ਬਿਨਾ ਨ ਹੋਇ ਸੁਕਾਲੁ ॥
ਤਜਿਐ ਅੰਨਿ ਨ ਮਿਲੈ ਗੁਪਾਲੁ ॥
ਕਹੁ ਕਬੀਰ ਹਮ ਐਸੇ ਜਾਨਿਆ ॥
ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥੪॥੮॥੧੧॥

(ਗੋਂਡ, ਭਗਤ ਕਬੀਰ ਜੀ - ੮੭੩)

ਇਤਯਾਦਿਕ।

ਸ਼ਬਦ ਸੁਣ ਕੇ ਰਾਜਾ ਬੋਲਿਆ, "ਗਯਾਨ ਦੇ ਰਾਹ ਤਾਂ ਤੁਸੀ ਸੱਚੇ ਹੋ ਪਰ ਮੇਰਾ ਹੁਕਮ ਨਾ ਮੰਨਣੇ ਕਰ ਗ਼ੁਨਾਹੀ ਹੋਏ ਹੋ।" ਭਾਈ ਜੀ ਨੇ ਆਖਿਆ, "ਜਿਕੂੰ ਤੇਰੇ ਹੁਕਮ ਨੂੰ ਚਪਰਾਸੀ ਦੁਆਰਾ ਨਾ ਮੰਨਨ ਵਾਲਾ ਗ਼ੁਨਾਹੀ ਠਹਿਰਦਾ ਹੈ, ਤੈਸੇ ਹੀ ਅਕਾਲ ਪੁਰਖ ਦੇ ਹੁਕਮ ਅੱਗੇ ਤੇਰਾ ਹੁਕਮ ਹੈ। ਓਹ ਰੱਬ ਤਾਂ ਸਭ ਨੂੰ ਰੋਜ਼ੀ ਦਿੰਦਾ ਹੈ। ਏਸੇ ਲਈ ਓਸ ਦਾ ਨਾਮ ਬਿਸ੍ਵੰਭਰ ਹੈ। ਤੇ ਤੁਸੀਂ ਬੰਦ ਕਰ ਕੇ ਵਰਤ ਰਖਾਉਂਦੇ ਹੋ। ਦੱਸੋ! ਹੁਣ ਹੁਕਮ ਅਦੂਲ ਤੁਸੀਂ ਹੋਏ ਕਿ ਅਸੀਂ? ਫੇਰ, ਤੁਸਾਂ

ਤਾਂ ਦੁੱਧ ਪੇੜੇ ਛਕ ਲਏ ਤੇ ਜਿਨ੍ਹਾਂ ਗ਼ਰੀਬਾਂ ਨੂੰ ਫਲੋਹਾਰ ਨਾ ਜੁੜੇ, ਓਨ੍ਹਾਂ ਨੂੰ ਭੁਖੇ ਰੱਖਣਾ; ਕਿਸ ਦੇ ਸਿਰ ਪਰ ਪਾਪ ਹੋਯਾ? ਤਾਂ ਤੇ ਜ਼ੋਰ ਨਾਲ ਕਿਸੇ ਨੂੰ ਬਰਤ ਨਹੀਂ ਰਖਾਉਣਾ ਚਾਹੀਦਾ। ਪ੍ਰਜਾ ਤੋਂ ਕੱਰ (ਮਾਮਲਾ) ਲੈਣਾ, ਮੰਦਕਰਮੀ ਨੂੰ ਦੰਡ ਦੇਣਾ ਰਾਜਾ ਦਾ ਧਰਮ ਹੈ। ਬਰਤ ਰਖਾਉਣਾ ਆਦਿਕ ਅਨੀਤਿ ਹੈ।” ਇਸ ਪ੍ਰਕਾਰ ਦੇ ਬਚਨ ਸੁਣ ਕੇ ਭਾਈ ਕਲਜਾਣੇ ਨੂੰ ਉੱਤਮ ਪੁਰਖ ਸਮਝ ਕੇ ਰਾਜਾ* ਭੀ ਸੇਵਕ ਬਣ ਗਿਆ। ਤੇ ਗੁਰੂ ਸਾਹਿਬ ਪਾਸ ਚੱਲ ਕੇ ਆਯਾ ਤਾਂ ਗੁਰੂ ਮਹਾਰਾਜ ਦਾ ਪ੍ਰਤਾਪ ਤੇ ਵਰਤਾਰਾ ਦੇਖ ਕੇ ਸਿਦਕੀ ਸਿੱਖ ਹੋਯਾ ਅਤੇ ਅੰਮ੍ਰਿਤਸਰ ਤਲਾਉ ਦੇ ਪੌੜ ਪੱਕੇ ਕਰਨ ਦਾ ਖ਼ਰਚ ਆਪਣੇ ਜ਼ੁੰਮੇ ਲੈ ਲਿਆ। ਏਸੇ ਪ੍ਰਕਾਰ ਹੋਰ ਬਹੁਤ ਕਥਾ ਸਿੱਖਾਂ ਦੀਆਂ ਹਨ, ਜੇਕਰ ਸਾਰੀਆਂ ਲਿਖੀਏ ਤਾਂ ਪੁਸਤਕ ਵਧਦੀ ਹੈ।

---

*ਸੂਰਜ ਪ੍ਰਕਾਸ਼ ਦੀ ਦੂਸਰੀ ਰਾਸ ੩੨ ਅਧਿਆਇ ਵਿੱਚ ਲਿਖਿਆ ਹੈ ਕਿ ਜਦ ਏਹ ਹਰੀ ਸੈਨ ਮੰਡੀ ਦਾ ਰਾਜਾ ਗੁਰੂ ਜੀ ਪਾਸ ਆਯਾ ਤਾਂ ਗੁਰੂ ਜੀ ‘ਦਖਣੀ ਓਅੰਕਾਰ’ ਦਾ ਪਾਠ ਕਰ ਰਹੇ ਸੇ। ਤਾਂ ਏਹ ਤੁਕ {ਲੇਖ ਨਾ ਮਿਟਈ ਹੇ ਸਖੀ} ਆਈ “ਲੇਖ ਨਾ ਮਿਟਈ ਹੇ ਸਖੀ ਜੋ ਲਿਖਿਆ ਕਰਤਾਰ ॥ ” ਰਾਜਾ ਪੁੱਤ੍ਰ ਦੀ ਕਾਮਨਾ ਕਰ ਕੇ ਆਯਾ ਸੀ। ਏਹ ਸੁਣ ਕੇ ਮਨ ਵਿੱਚ ਸੋਚਿਆ ਕਿ ਜਦ ਇਹ ਆਪ ਹੀ ਕਹਿ ਰਹੇ ਹਨ ਕਿ ਲੇਖ ਨਹੀਂ ਮਿਟਦਾ, ਤਾਂ ਸੇਵਾ ਸਤਸੰਗ ਕਰਨਾ ਨਿਸਫ਼ਲ ਹੈ। ਏਹ ਠਟ ਕੇ ਰਾਜਾ ਤੁਰਨ ਨੂੰ ਤਿਆਰ ਹੋ ਗਿਆ ਤਾਂ ਗੁਰੂ ਜੀ ਨੇ ਓਸ ਨੂੰ ਅਸ਼੍ਰਧਕ ਦੇਖ ਕੇ ਸੰਸਾ ਦੂਰ ਕਰਨ ਲਈ ਕਹਿ ਭੇਜਿਆ, “ਕੱਲ੍ਹ ਨੂੰ ਸ਼ਿਕਾਰ ਖੇਲ ਕੇ ਜਾਣਾ, ਅਸੀ ਭੀ ਚੱਲਾਂਗੇ।” ਰਾਤ ਨੂੰ ਰਾਜੇ ਨੂੰ ਸੁਪਨਾ ਆਯਾ ਜੋ ਉਸ ਨੇ ਚੰਡਾਲ ਦੇ ਘਰ ਜਨਮ ਪਾਯਾ। ਬਜਾਹ ਕਰਾਯਾ, ਪੁੱਤ੍ਰ ਧੀਆਂ ਹੋਏ, ਕਿਰਸਾਣਾਂ ਦੀਆਂ ਸੇਪੀਆਂ ਕੀਤੀਆਂ ਤੇ ਮਰ ਗਿਆ। ਜਾਂ ਦੱਬਣ ਲੱਗੇ ਤਾਂ ਰਾਜੇ ਦੀ ਜਾਗ ਖੁਲ੍ਹ ਗਈ। ਰਾਜਾ ਨੇ ਬਹੁਤ ਡਰ ਮੰਨਿਆ। ਵਜ਼ੀਰ ਨੂੰ ਸਭ ਸੁਪਨਾ ਸੁਣਾਇਆ। ਓਨ ਪੁੰਨ ਦਾਨ ਕਰਾਯਾ ਤੇ ਆਖਿਆ, “ਸੁਪਨਾ ਝੂਠਾ ਹੁੰਦਾ ਹੈ।” ਅੰਮ੍ਰਿਤ ਵੇਲੇ ਗੁਰੂ ਜੀ ਓਸ ਨੂੰ ਆਪਣੇ ਨਾਲ ਸ਼ਿਕਾਰ ਵਾਸਤੇ ਓਸੇ ਪਿੰਡ ਵੱਲ ਲੈ ਗਏ। ਰਾਜੇ ਨੇ ਓਸ ਪਿੰਡ ਦੇ ਖੇਤ, ਦ੍ਰਖਤ, ਆਦਮੀ ਸਿਞਾਣੇ। ਫੇਰ ਧੀਰੇ ਧੀਰੇ ਗੁਰੂ ਜੀ ਓਸੇ ਪਿੰਡ ਜਾ ਉੱਤਰੇ ਤਾਂ ਰਾਜੇ ਨੇ ਆਪਣੇ ਸੰਬੰਧੀ, ਪੁੱਤ੍ਰ ਇਸਤ੍ਰੀ, ਮਾਈ, ਬਾਪ ਸਭ ਨੂੰ ਪਛਾਣਿਆ ਤੇ ਆਪਣੇ ਸੁਪਨੇ ਵਾਲੇ ਘਰ ਸਿਆਪਾ ਹੁੰਦਾ ਦੇਖ ਕੇ ਓਸ ਦੀ ਖਾਤਰ ਜਮਾ ਹੋ ਗਈ। ਤਾਂ ਬਹੁਤ ਸ਼ਰਮਿੰਦਾ ਹੋਯਾ। ਗੁਰੂ ਜੀ ਮੁੜ ਅੰਮ੍ਰਿਤਸਰ ਆਏ ਤਾਂ ਰਾਜੇ ਨੇ ਏਕਾਂਤ ਬੈਠ ਕੇ ਏਸ ਸੁਪਨੇ ਦਾ ਮਤਲਬ ਪੁੱਛਿਆ। ਤਾਂ ਗੁਰੂ ਜੀ ਨੇ ਕਿਹਾ, “ਤੈਂ ਜਿਸ ਕਰਮ ਦੇ ਬਲ ਕਰ ਕੇ ਚੰਡਾਲ ਦੇ ਘਰ ਜਨਮ ਪਾ ਕੇ ੪੦ ਬਰਸ ਉਮਰ ਭੋਗਣੀ ਸੀ, ਓਹ ਸੰਤਾਂ ਸਤਿਗੁਰਾਂ ਦੇ ਦਰਸ਼ਨ ਦੇ ਫ਼ਲ ਨਾਲ ੪੦ ਫ਼ਲ ਵਿੱਚ ਭੁਗਾਈ ਗਈ। ਸੋ ਲੇਖ ਭੀ ਨਾ ਮਿਟਿਆ ਤੇ ਸੰਤਾਂ ਦੇ ਦਰਸ਼ਨ ਦਾ ਫ਼ਲ ਭੀ ਹੋ ਗਿਆ।” ਏਹ ਪ੍ਰਤੱਖ ਪਰਚਾ ਵੇਖ ਕੇ ਰਾਜਾ ਤਾਂ ਮਨੋਂ ਤਨੋਂ ਗੁਰੂ ਜੀ ਦਾ ਸਿਦਕੀ ਸਿੱਖ ਹੋਯਾ ਅਤੇ ਤਲਾਉ ਅੰਮ੍ਰਿਤਸਰ ਬਣਨ ਵਿੱਚ ਬਹੁਤ ਸੇਵਾ ਕੀਤੀ। ਓਸ ਦੇ ਪੜੋਤ੍ਰੇ ਸੁਧਰ ਸੈਨ ਦੇ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬਾਬਾ ਬੰਦਾ ਮੰਡੀ ਵਿੱਚ ਗਏ ਸੇ, ਤਾਂ ਓਸ ਨੇ ਬਹੁਤ ਟਹਿਲ ਕੀਤੀ ਸੀ। ਹੁਣ ਓਸ ਦੀ ਸੰਤਾਨ ਵਿੱਚੋਂ ਬਿਜੈਸੈਨ ਰਾਜਾ ਹੈ। ਏਹ ਕਥਾ ਪੰਥ ਪ੍ਰਕਾਸ਼ ਤੇ ਗੁਰ ਬਿਲਾਸ ਵਿੱਚ ਹੈ।

## (ਪਾਃ ੫ – ੧੪)

## ਸ੍ਰੀ ਦਰਬਾਰ ਸਾਹਿਬ ਜੀ

ਸ੍ਰੀ ਅੰਮ੍ਰਿਤਸਰ ਤਲਾਉ ਦੇ ਵਿਚਕਾਰ ਇੱਕ ਥੜੇ ਉੱਤੇ ਉਚੇ ਥਾਂ; ਜਦੋਂ ਏਹ ਕੱਚਾ ਟੋਭਾ ਸੀ, ਬੇਰੀ ਦੇ ਦ੍ਰਖਤ ਹੇਠ ਨਿੱਤ ਪ੍ਰਤੀ ਸ੍ਰੀ ਗੁਰੂ ਰਾਮਦਾਸ ਜੀ ਬੈਠ ਕੇ ਭਜਨ ਕਰਦੇ ਅਤੇ ਸੰਗਤਾਂ ਨੂੰ ਦਰਸ਼ਨ ਉਪਦੇਸ਼ ਦਿੰਦੇ ਹੁੰਦੇ ਸੇ। ਗੁਰੂ ਅਰਜਨ ਦੇਵ ਜੀ ਨੇ ਏਸ ਮੰਦਰ ਦੀ ਨੀਉਂ {ਦਰਬਾਰ ਸਾਹਿਬ ਦੀ ਨੀਂਹ} ਕੱਤਕ ਸੁਦੀ ੫\ ਸੰਮਤ ੧੬੪੫ ਬਿਕ੍ਰਮੀ ਤੇ ਸਾਲ ੧੧੯ ਨਾ. ਸ਼ਾ. ਵਿੱਚ ਰੱਖੀ। ਲਿਖਿਆ ਹੈ ਕਿ ਨੀਉਂ ਦੀ ਪਹਿਲੀ ਇੱਟ ਧਰੀ ਗਈ ਤਾਂ ਰਾਜ ਨੇ ਆਪਣੀ ਅਕਲ ਤੋਂ ਕੰਮ ਲਿਆ ਅਰ ਆਖਿਆ ਕਿ ਮੈਂ ਸਿੱਧੀ ਕਰਦਾ ਹਾਂ। ਇਹ ਕਹ ਕੇ ਉਸ ਨੇ ਇੱਟ ਉਠਾ ਕੇ ਦੂਸਰੀ ਜਗ੍ਹਾ ਰੱਖੀ ਤਾਂ ਗੁਰੂ ਜੀ ਨੇ ਬਚਨ ਕੀਤਾ, “ਏਹ ਮੰਦਰ ਉਖੜ ਕੇ ਫੇਰ ਬਣੇਗਾ।” ਸੋ ਅਹਿਮਦ ਸ਼ਾਹ ਅਬਦਾਲੀ ਸੰਮਤ ੧੮੧੯ ਬਿਕ੍ਰਮੀ ਨੂੰ ਆ ਕੇ ਬਰੂਦ ਨਾਲ ਉਡਾ ਗਿਆ ਜੋ ਫੇਰ ਸੰਮਤ ੧੮੨੧ ਬਿਕ੍ਰਮੀ ਨੂੰ ਪੰਥ ਖਾਲਸੇ ਨੇ ਆਰੰਭ ਕਰ ਕੇ ੧੮੩੮ ਬਿਕ੍ਰਮੀ ਵਿੱਚ ਪੂਰਾ ਕੀਤਾ। ਏਹ ਮੰਦਰ ਚਿੱਟੇ ਪੱਥਰ ਦਾ ਬਹੁਤ ਕੀਮਤੀ ਹਕੀਕ ਨੀਲਮ ਆਦਿਕ ਅਨੇਕ ਪ੍ਰਕਾਰ ਦੇ ਪੱਥਰਾਂ ਦੀ ਨਕਾਸ਼ੀ ਨਾਲ ਤੇ ਬੇਲ ਬੂਟੇ ਤੇ ਮੂਰਤਾਂ ਨਾਲ ਅਜੇਹਾ ਸਾਜਿਆ ਹੋਯਾ ਹੈ, ਜਿਸ ਦੇ ਦੇਖਣ ਤੋਂ ਹੀ ਪ੍ਰਮਾਨੰਦ ਪ੍ਰਾਪਤ ਹੁੰਦਾ ਹੈ ਅਤੇ ਏਸ ਦੀ ਸੋਭਾ ਵਰਨਨ ਨਹੀਂ ਕੀਤੀ ਜਾਂਦੀ। ਰਾਤ ਦੇ ਤਿੰਨ ਘੰਟੇ ਦੇ ਬਿਨਾ ਅਖੰਡ ਕੀਰਤਨ ਏਥੇ ਹੀ ਹੁੰਦਾ ਹੈ ਅਤੇ ਸੰਗਤ ਦਾ ਪ੍ਰੇਮ ਇੱਡਾ ਹੈ ਕਿ ਕੋਈ ਵੇਲਾ ਐਸਾ ਨਹੀਂ ਹੁੰਦਾ ਜਦ ਸ਼ਬਦਾਂ ਦੀ ਧੁਨੀ ਤੇ ਰੌਣਕ ਨਾ ਹੁੰਦੀ ਹੋਵੇ।

## (ਪਾਃ ੫ – ੧੫)

## ਸ੍ਰੀ ਤਰਨ ਤਾਰਨ ਜੀ ਦਾ ਵੱਸਣਾ

ਜਦ ਅਨੇਕ ਪਿੰਡਾਂ ਦੇ ਸਿੱਖਾਂ ਦੀ ਬੇਨਤੀ ਮੰਨ ਕੇ ਗੁਰੂ ਅਰਜਨ ਜੀ ਨੇ ਦੇਸ ਦੇ ਸੁਧਾਰ ਵਾਸਤੇ ਸੈਰ ਕਰਨ ਦੀ ਤਿਆਰੀ ਕੀਤੀ, ਤਾਂ ਫੱਗਣ ਸੰਮਤ ੧੬੪੬ ਬਿਕ੍ਰਮੀ ਨੂੰ ਪਹਿਲੇ ਭਾਈ ਹਿੰਦਾਲ ਆਪਣੇ ਪਿੰਡ ਜੰਡਿਆਲੇ ਲੈ ਗਿਆ। ਓਥੋਂ ਅੱਗੇ ਕਈ ਪਿੰਡਾਂ ਦੀ ਸੈਰ ਕਰਦੇ ਹੋਏ ਖਾਰੇ ਪਿੰਡ ਜਾ ਉੱਤਰੇ। ਰਸਤੇ ਵਿੱਚ ਚੌਹਾਂ ਪਾਸਿਆਂ ਦੇ ਇਸਤ੍ਰੀ ਮਰਦ ਦਰਸ਼ਨ ਕਰਨ ਆਏ। ਅਨੇਕ ਸਿੱਖਾਂ ਦੀ ਇਛਜਾਨੁਸਾਰ ਗਿਰਦਨਵਾਈ ਦੇ ਪੈਂਚਾਂ ਤੋਂ ਜ਼ਮੀਨ ਲੈ ਕੇ ਗੁਰੂ ਜੀ ਨੇ ੧੭ ਵੈਸਾਖ ਸੰਮਤ ੧੬੪੭ ਬਿਕ੍ਰਮੀ ਨੂੰ ਕਸਬਾ ਤਰਨਤਾਰਨ ਬਸਾਜਾ ਤੇ ਅਬਦੁਲ ਵਜੀਦ ਖਾਂ ਫਤਿਆਬਾਦ ਦੇ ਹਾਕਮ ਨੇ ਸਨਦ ਕਰ ਦਿੱਤੀ। ਸੰਮਤ ੧੬੪੮ ਨੂੰ ਕੱਚਾ ਤਾਲ ਪੁੱਟਵਾਯਾ। ਓਥੇ ਭੀ ਜਦ ਸੰਮਤ ੧੬੫੩ ਬਿਕ੍ਰਮੀ ਨੂੰ ਗੁਰੂ ਜੀ ਨੇ ਤਲਾਉ ਪੱਕਾ ਕਰਨ ਵਾਸਤੇ ਆਵੇ ਪਕਾਏ ਤਾਂ ਨੂਰਦੀਨ {ਨੂਰਦੀਨ ਅਮੀਰਦੀਨ ਦੀ ਜ਼ਿਆਦਤੀ} ਦੇ ਬੇਟੇ ਅਮੀਰ ਦੀਨ ਨੇ ਜ਼ੋਰੋ ਜ਼ੋਰੀ ਇੱਟਾਂ ਚੁੱਕ ਕੇ ਆਪਣੀ ਹਵੇਲੀ ਨੂੰ ਲਾ ਲਈਆਂ। ਸਿੱਖਾਂ ਨੇ ਗੁਰੂ ਜੀ ਪਾਸ ਅਰਜ਼ ਕੀਤੀ ਤਾਂ ਬਚਨ ਹੋਯਾ, "ਤੁਸੀ ਦਿਲਗੀਰ ਨ ਹੋਵੋ। ਏਹੋ ਇੱਟਾਂ ਸਾਡੇ ਸਿੱਖ ਏਸੇ ਤਾਲ ਨੂੰ ਲਾ ਲੈਣਗੇ।" ਸੋ ਸੰਮਤ ੧੮੩੨ ਬਿਕ੍ਰਮੀ ਨੂੰ ਸਰਦਾਰ ਬੁੱਧ ਸਿੰਘ ਫੈਜ਼ਲਾਪੁਰੀਏ ਨੇ ਓਹਨਾਂ ਦੇ ਸਭ ਮਹਿਲ ਢਹਾ ਕੇ ਓਹੋ ਇੱਟਾਂ ਤਰਨਤਾਰਨ ਦੇ ਤੀਰਥ ਨੂੰ ਲਗਾਈਆਂ ਤੇ ਸਗੋਂ ਨੂਰਦੀਨ ਵਾਲੇ ਪਿੰਡ ਦੀਆਂ; ਜੋ ਬਾਦਸ਼ਾਹੀ ਸਰਾਇ ਹੈ, ਬਹੁਤ ਸਾਰੀਆਂ ਇੱਟਾਂ ਭੀ ਲੈ ਆਂਦੀਆਂ ਤੇ ਸਵਾ ਲੱਖ ਰੁਪਯਾ ਖ਼ਰਚ ਕਰ ਕੇ ਮੰਦਰ ਤੇ ਦੋਹਾਂ ਪਾਸਿਆਂ ਦੇ ਪੌੜ ਬਨਵਾਏ। ਬਾਕੀ ਪ੍ਰਕਰਮਾ ਸਮੇਤ ਸਾਰੀ ਟਹਿਲ ਏਸ ਤੀਰਥ ਦੀ ਮਹਾਰਾਜਾ ਰਣਜੀਤ ਸਿੰਘ ਜੀ ਨੇ ਤੇ ਕੌਰ ਨੌਨਿਹਾਲ ਸਿੰਘ ਨੇ ਸੰਨ ੧੮੯੨ ਬਿਕ੍ਰਮੀ ਨੂੰ ਕਰਾਈ ਹੈ। ਪਹਿਲੇ ਤਾਂ ਏਸ ਗੁਰਦੁਆਰੇ* ਨਾਲ ਬਹੁਤ ਜਾਗੀਰ ਸੀ ਪਰ ਹੁਣ ਕੇਵਲ ੧੭੦੦) ਰੁਪਏ ਦੀ ਹੈ ਪਰ ਚੜ੍ਹਤ ਬਹੁਤ ਹੈ ਜੋ ਹਰ ਸਾਲ ਦਸ ਹਜ਼ਾਰ ਤੋਂ ਘਟ ਨਹੀਂ ਹੁੰਦੀ। ਸਾਲ ਵਿੱਚ ਦੋ ਮੇਲੇ ਵੱਡੇ ਭਾਰੇ ਚੇਤ੍ਰ ਚੌਦਸ ਤੇ ਭਾਦਰੋਂ ਦੀ ਮੱਸਯਾ ਦੇ ਲੱਗਦੇ ਹਨ।

---

*ਏਸ ਤੀਰਥ ਬਾਬਤ ਲਿਖਿਆ ਹੈ ਕਿ {ਤਰਨਤਾਰਨ ਦੀ ਮਹਿਮਾ} ਏਥੇ ਇੱਕ ਛਪੜੀ ਸੀ। ਕਿਸੇ ਵੱਡੇ ਰੋਗ ਵਾਲੇ ਨੂੰ ਕੋਈ ਸੰਤ ਆਖ ਗਿਆ, "ਤੂੰ ਏਥੇ ਨਾਇਆ ਕਰ ਰੋਗ ਹਟ ਜਾਊ।" ਓਹ ਐਸਾ ਕਰਨੇ ਕਰ ਹੀ ਰਾਜ਼ੀ ਹੋ ਗਿਆ ਤਾਂ ਉਸ ਨੇ ਹੋਰਨਾਂ ਨੂੰ ਦੱਸਯਾ। ਹੋਰ ਭੀ ਰਾਜ਼ੀ ਹੋ ਗਏ। ਗੁਰੂ ਜੀ ਨੇ ਏਸ ਥਾਂ ਨੂੰ ਬਰਕਤ ਵਾਲਾ ਪਵਿਤ੍ਰ ਸਮਝ ਕੇ ਤਾਲ ਲਗਵਾ ਦਿੱਤਾ ਅਤੇ ਕੁਸ਼ਟੀਆਂ ਦੇ ਰਾਜ਼ੀ ਹੋਣ ਦਾ ਵਰ ਦਿੱਤਾ। ਤਾਂ ਹੀ ਹੁਣ ਉਥੇ ਵੱਡੇ ਰੋਗ ਵਾਲੇ ਬਹੁਤ ਰਹਿੰਦੇ ਹਨ ਉਨ੍ਹਾਂ ਦੇ ਕਪੜੇ ਰੋਟੀ ਵਾਸਤੇ ਭਾਵੇਂ ਪਹਿਲੇ ਤਾਂ ਬਹੁਤ ਜਾਗੀਰ ਸੀ ਪਰ ਹੁਣ ਤਿੰਨ ਹਜ਼ਾਰ ੩੦੦੦) ਦੀ ਸਰਕਾਰ ਵੱਲੋਂ ਹੈ। ਕਹਿੰਦੇ ਹਨ, ਓਥੇ ਤੀਰਥ ਵਿੱਚ ਨ੍ਹਾਉਣ ਵਾਲੇ ਪੰਜ ਸੱਤ ਕੁਸ਼ਟੀ ਹਰ ਸਾਲ ਰਾਜ਼ੀ ਹੋ ਕੇ ਚਲੇ ਜਾਂਦੇ ਹਨ। ਪਟਿਆਲੇ ਦੇ ਪਾਸ ਭੀ ਸਠ, ਸੱਤ੍ਰ ਕੁਸ਼ਟੀ ਰਹਿੰਦੇ ਹਨ। ਏਨ੍ਹਾਂ ਕੁਸ਼ਟੀਆਂ ਤੇ ਤਰਨ ਤਾਰਨ ਵਾਲੇ ਕੁਸ਼ਟੀਆਂ ਦੇ ਪੁਤ ਧੀਆਂ ਜੰਮ ਕੇ ਨਵੇਂ ਨਰੋਏ ਹੋਣ ਦੇ ਕਾਰਣ ਵੱਡੇ ਹੋ ਕੇ ਆਪਣੀ ਜਾਤ ਵਿੱਚ ਵਿਆਹੇ ਹੋਏ ਕੰਮ ਕਾਰ ਕਰਦੇ ਹਨ ਤੇ ਹੋਰਨਾਂ ਲੋਗਾਂ ਵਾਂਙ ਸਭ ਨਾਲ ਅਭੇਦ ਵਰਤਦੇ ਹਨ। ਏਹ ਗਲ ਝੂਠ ਹੈ ਕਿ ਕੋੜ੍ਹੀ ਨਾਲ ਵਰਤੇ ਸੋ ਕੋਹੜੀ ਹੋ ਜਾਂਦਾ ਹੈ। ਕਿਉਂਕਿ ਓਹ ਸਭ ਕੁਸ਼ਟੀਆਂ ਨਾਲ ਹੀ ਖਾ ਪੀ ਕੇ ਵੱਡੇ ਹੁੰਦੇ ਹਨ। ਜਿਸ ਨੂੰ ਸੰਸਾ ਹੋਵੇ ਓਹ ਪਟਿਆਲੇ ਬਾਗ਼ ਦੇ ਕੋਲ ਕੁਸ਼ਟੀਆਂ ਦੇ ਪਿੰਡ ਵਿੱਚ ਆ ਕੇ ਦੇਖ ਲਵੇ।

## (ਪਾ: ੫ - ੧੬)

## ਧਰਮ ਉਪਦੇਸ਼ ਸਿੱਖਾਂ ਪ੍ਰਤਿ

ਤਰਨਤਾਰਨ ਤੋਂ ਚੱਲ ਕੇ ਖਡੂਰ ਸਾਹਿਬ ਪਹੁੰਚ ਕੇ ਗੁਰੂ ਜੀ ਨੇ ਜੱਗ ਦੇ ਮੇਲੇ ਕਰਾਏ ਤੇ ਫੇਰ ਅੰਮ੍ਰਿਤਸਰ ਜੀ ਆ ਗਏ। ਇੱਕ ਦਿਨ ਸੰਗਤ ਨੇ ਬੇਨਤੀ ਕੀਤੀ, "ਜੀ! ਸੱਚੇ ਪਾਤਸ਼ਾਹ! ਪੰਡਤ ਲੋਕ ਗ੍ਰੈਹਾਂ ਦੀ ਦਸ਼ਾ ਅਤੇ ਸ਼ਗਨ ਮਨਾਉਂਦੇ ਹਨ। ਸਿੱਖਾਂ ਵਾਸਤੇ ਕੀ ਆਗਿਆ ਹੈ?" ਏਸ ਦਾ ਉੱਤਰ {ਗ੍ਰਹਿ ਸ਼ਗਨ ਖੰਡਨ} ਗੁਰੂ ਜੀ ਨੇ ਇਸ ਪ੍ਰਕਾਰ ਦਿੱਤਾ:

ਆਸਾ ਮਹਲਾ ੫ ॥<br>
ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ ॥<br>
ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ ॥੧॥<br>
ਬਲਿਹਾਰੀ ਗੁਰ ਆਪਣੇ ਸਦ ਸਦ ਬਲਿ ਜਾਉ ॥<br>
ਗੁਰੂ ਵਿਟਹੁ ਹਉ ਵਾਰਿਆ ਜਿਸੁ ਮਿਲਿ ਸਚੁ ਸੁਆਉ ॥੧॥ ਰਹਾਉ ॥<br>
ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥<br>
ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥੨॥<br>
ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥<br>
ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥੩॥<br>
ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ ॥<br>
ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ ॥੪॥੧੮॥੧੨੦॥

(ਆਸਾ, ਮਃ ੫ - ੪੦੦/੦੧)

ਇਤਯਾਦਿ, ਏਹ ਸ਼ਬਦ ਸੁਣ ਕੇ ਸਿੱਖਾਂ ਨੇ ਨਿਸਚਾ ਕੀਤਾ ਤੇ ਕਲਯਾਣ ਦੇ ਅਧਿਕਾਰੀ ਹੋਏ।

## (ਪਾਃ ੫ – ੧੭)

## ਆਗਰੇ ਦੀ ਸੰਗਤ ਨੂੰ ਗਿਆਨ

ਇਕ ਦਿਨ ਆਗਰੇ ਦੀ ਸੰਗਤ ਨੇ ਆ ਕੇ ਬੇਨਤੀ ਕੀਤੀ ਕਿ ਬੈਸ਼ਨੋਂ ਆਖਦੇ ਹਨ: ਨਵਧਾ ਭਗਤੀ, ਪ੍ਰਿਤਮਾ ਪੂਜਨ, ਬਰਤ, ਤੀਰਥ, ਚਾਰ ਧਾਮ ਪਰਸੋ ਤਾਂ ਬੈਕੁੰਠ ਮਿਲੇਗਾ; ਸੰਨਜਾਸੀ ਗ੍ਰਿਹਸਤ ਦਾ ਤਿਆਗ ਤੇ ਸ਼ਿਵ ਦਾ ਪੂਜਨ ਦ੍ਰਿੜਾ ਕੇ ਆਖਦੇ ਹਨ: ਸੰਨਜਾਸੀਆਂ ਦੀ ਟਹਿਲ ਕਰੋ ਤਾਂ ਮੁਕਤੀ ਲੱਭੂ; ਜੋਗੀ ਕੰਨ ਫਟੇ ਆਖਦੇ ਹਨ: ਨੇਤੀ, ਧੋਤੀ, ਪ੍ਰਾਣਾਯਾਮ, ਯਮ, ਨਿਯਮ, ਪ੍ਰਤਯਾਹਾਰ, ਧਾਰਣਾ ਧਯਾਨ ਕਰੋ ਜਾਂ ਸਮਾਧੀ ਹੋ ਕੇ ਸਿੱਧ ਮੰਡਲੀਆਂ ਨੂੰ ਮੰਨੋਂਗੇ, ਤਾਂ ਜੰਮਣ ਮਰਣ ਹਟੇਗਾ। ਏਸੇ ਪ੍ਰਕਾਰ ਹੋਰ ਮਤਾਂ ਵਾਸਤੇ ਭੀ ਕਸ਼ਟ ਤੋਂ ਕਸ਼ਟ ਸਾਧਨ ਦੱਸਦੇ ਹਨ। ਸੋ ਆਪ ਦੀ ਸ਼ਰਨ ਏਸ ਵਾਸਤੇ ਆਏ ਹਾਂ ਕਿ ਆਪ ਕੋਈ ਐਸਾ ਸੁਖਾਲਾ ਰਸਤਾ ਮੁਕਤੀ ਦਾ ਦੱਸੋ, ਜਿਸ ਨਾਲ ਅਸੀਂ ਘਰ ਦੇ ਕੰਮ ਕਾਰ ਹੱਟੀ ਪਟੀ ਭੀ ਕਰਦੇ ਰਹੀਏ ਤੇ ਕਲੇਸ਼ ਭੀ ਕੋਈ ਨਾ ਕਰਨਾ ਪਵੇ ਅਰ ਮੁਕਤਿ ਭੀ ਹੋ ਜਾਈਏ। ਅਸੀ ਓਸ ਮਾਈ ਪਾਸੋਂ; ਜਿਸਨੂੰ ਗੁਰੂ ਨਾਨਕ ਜੀ ਉਪਦੇਸ਼ ਦੇ ਕੇ ਆਗਰੇ ਵਿੱਚ ਧਰਮਸਾਲਾ ਦੀ ਮਹੰਤੀ ਦੇ ਆਏ ਸੇ, ਤੁਹਾਡੀ ਸੋਭਾ ਸੁਣ ਕੇ ਆਏ ਹਾਂ।

ਗੁਰੂ ਜੀ ਨੇ ਓਹਨਾਂ ਦੇ ਸੱਚੇ ਬਚਨ ਸੁਣ ਕੇ {ਆਗਰੇ ਦੀ ਸੰਗਤ ਨੂੰ ਦਿਲਚਸਪ ਉਪਦੇਸ਼} ਆਖਿਆ, “ਭਾਈ ਸਿੱਖੋ! ਜੋ ਤੁਸੀਂ ਸਹਿਜੇ ਹੀ ਆਪਣੀ ਕਲਯਾਣ ਚਾਹੁੰਦੇ ਹੋ ਤਾਂ ਜਿਕੂੰ ਇੱਕ ਇੱਕ ਇਸਤ੍ਰੀ ਅੱਗੇ ਤੁਹਾਡੇ ਘਰ ਹੈ ਤਿਵੇਂ ਚਾਰ ਚਾਰ ਹੋਰ ਕਰ ਲਓ।” ਏਹ ਸੁਣ ਕੇ ਸਭ ਹੱਸ ਪਏ ਤੇ ਆਖਣ ਲਗੇ, “ਸਚੇ ਪਾਤਸ਼ਾਹ! ਇੱਕ ਕੰਨ ਪਾਟੀ ਦਾ ਨਿਰਬਾਹ ਹੀ ਮਸਾਂ ਮਸਾਂ ਕਰਦੇ ਹਾਂ ਤੇ ਬਾਕੀ ਚੌਹਾਂ ਦਾ ਕਿਕੂੰ ਕਰਾਂਗੇ?” ਗੁਰੂ ਜੀ ਬੋਲੇ, “ਭਾਈ! ਏਹ ਇਸਤ੍ਰੀ ਅਸਥੂਲ ਦੇਹ ਦੀ ਹੈ ਤੇ ਓਹ ਜੀਵ ਦੀਆਂ ਇਸਤ੍ਰੀਆਂ ਹਨ। ਏਹ ਆਖਣ ਨੂੰ ਤਾਂ ਅਰਧੰਗੀ ਹੈ, ਪਰ ਦੁਖ ਜ਼ਰਾ ਭਰ ਨਹੀਂ ਵੰਡਾਉਂਦੀ। ਓਹ ਜੀਵ ਦੇ ਨਾਲ ਲੋਕ ਪ੍ਰਲੋਕ ਵਿੱਚ ਸਦਾ ਸਹਾਇਕ ਰਹਿੰਦੀਆਂ ਹਨ।” ਓਹਨਾਂ ਦੇ ਨਾਉਂ ਤੇ ਕਰਮ ਸਿੱਖਾਂ ਨੇ ਪੁੱਛੇ ਤਾਂ ਗੁਰੂ ਜੀ ਨੇ ਦੱਸਿਆ, “ਮੈਤ੍ਰੀ, ਮੁਦਤਾ, ਕਰੁਣਾ, ਉਪੇਖਯਾ: ਏਹ ਨਾਮ ਹਨ। ਏਹਨਾਂ ਨਾਲ ਵਰਤਨ ਵਾਲੇ ਨੂੰ ਕਦੇ ਕੋਈ ਸੰਸਾਰ ਦਾ ਦੁਖ ਨਹੀਂ ਪਹੁੰਚਦਾ ਤੇ ਭੋਗ ਮੋਖ ਦਾ ਭਾਗੀ ਹੁੰਦਾ ਹੈ। ਆਪ ਵਰਗੇ ਗੁਣ, ਕਰਮ, ਜਾਤੀ, ਉਮਰ, ਦੇਸ, ਮਜ਼ਬ ਧਨ ਇੱਜ਼ਤ ਵਾਲੇ ਨਾਲ ਅਜੇਹਾ ਵਰਤਾਉ ਕਰੀਏ ਜਿਹਾ ਕੁ ਆਪਣੀ ਦੇਹ ਨਾਲ ਰੱਖੀ ਦਾ ਹੈ; ਏਸ ਦਾ ਨਾਮ ‘ਮੈਤ੍ਰੀ’ ਹੈ। ਜੋ ਕੋਈ ਆਪ ਤੋਂ ਅਧਿਕ ਗੁਣ, ਵਡਿਆਈ, ਭਗਤੀ, ਵਿੱਦਯਾ, ਇੱਜ਼ਤ, ਨੇਕ ਨੀਯਤੀ ਵਿੱਚ ਹੋਵੇ, ਓਸ ਨੂੰ ਦੇਖ ਕੇ ਖ਼ੁਸ਼ ਹੋਈਏ, ਮਤਸਰ ਨਾ ਕਰੀਏ ਸਗੋਂ ਓਸ ਦੀ ਸੇਵ ਸੰਗਤ ਕਰੀਏ; ਏਸ ਦਾ ਨਾਮ ‘ਮੁਦਤਾ’ ਹੈ। ਆਪ ਤੋਂ ਘੱਟ ਧਨ, ਗੁਣ ਵਾਲੇ ਨੂੰ, ਯਾ ਗ਼ਰੀਬ, ਮੁਥਾਜ ਨੂੰ ਦੇਖ ਕੇ ਜਿੱਥੋਂ ਤੱਕ ਵੱਸ ਚਲੇ ਓਸ ਨੂੰ ਤਨ, ਮਨ, ਧਨ ਤੇ ਬਾਣੀ ਕਰ ਕੇ ਪਾਲਣਾ ਕਰੀਏ; ਏਸ ਦਾ ਨਾਮ ‘ਕਰੁਣਾ’ ਹੈ। ਜੋ ਮਹਾਂ ਮੂਰਖ ਆਪਣੇ ਲੋਕ ਪ੍ਰਲੋਕ ਦੇ ਵਿਗਾੜ ਵਾਲੇ ਕੰਮ ਕਰਦਾ ਹੋਵੇ, ਤੇ ਸਮਝਾਯਾ ਨਾ ਸਮਝੇ, ਓਸ ਨੂੰ ਨਾ ਦੁਸ਼ਮਣ ਸਮਝੀਏ ਸਗੋਂ ਉੱਪਰਾਮ ਰਹੀਏ; ਏਸ ਦਾ ਨਾਮ ‘ਉਪੇਖਯਾ’ ਹੈ। ਏਹੋ ਚਾਰ ਸਖੀਆਂ ਜੀਵ ਨੂੰ ਮੁਕਤਿ ਭੁਗਤਿ ਦੇਣ ਵਾਲੀਆਂ ਹਨ। ਏਹਨਾਂ ਚੌਹਾਂ ਦੇ ਵਰਤਣ ਨਾਲ ਤੁਹਾਨੂੰ ਘਰ ਦਾ ਕੰਮ ਭੀ ਕੋਈ ਨਾ ਛੱਡਣਾ ਪਊ ਤੇ ਨਾ ਹੀ ਕੋਈ ਕਠਨ ਸਾਧਨ ਕਰਨਾ ਪਊ।”

ਏਹ ਉਪਦੇਸ਼ ਸੁਣ ਕੇ ਓਹਨਾਂ ਅਤਿ ਪ੍ਰਸੰਨ ਹੋ ਕੇ ਬੇਨਤੀ ਕੀਤੀ. “ਮਹਾਰਾਜ! ਏਹ ਤਾਂ ਆਪ ਨੇ ਸੱਚ ਮੁੱਚ ‘ਨਦਰੀ ਨਦਰਿ ਨਿਹਾਲ’ ਕਰ ਕੇ ਗੁਰਮੁਖ ਰਾਹ ਚਲਾਯਾ। ਸਾਨੂੰ ਕਲਯਾਣ ਹੋਣ ਦੇ ਪਹੇ ਪਾ ਦਿੱਤਾ। ਹੁਣ ਪਕਾ ਭਰੋਸਾ ਹੋ ਗਿਆ ਹੈ ਜੋ ਏਹਨਾਂ ਚੌਹਾਂ ਇਸਤ੍ਰੀਆਂ ਨੂੰ ਵਰਤ ਕੇ ਅਸੀਂ ਗ੍ਰਿਹਸਤ ਦੇ ਧੰਦੇ ਕਰਦੇ ਹੋਏ ਸਹਿਜੇ ਹੀ ਸੱਚਖੰਡ ਦੇ ਅਧਿਕਾਰੀ ਹੋ ਜਾਵਾਂਗੇ। ਸੱਚ ਹੈ:

ਮਃ ੫ ॥
ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥

(ਗੂਜਰੀ ਵਾਰ-੨, ਮਃ ੫ - ੫੨੨)

## (ਪਾਃ ੫ - ੧੮)

## ਕਰਤਾਰਪੁਰ ਦਾ ਵੱਸਣਾ

ਸੰ: ੧੬੫੦ ਬਿਕ੍ਰਮੀ ਨੂੰ ਗੁਰੂ ਸਾਹਿਬ ਪ੍ਰਿਥੀਚੰਦ ਦੇ ਅਕਾਏ ਹੋਏ ਅੰਮ੍ਰਿਤਸਰ ਛੱਡ ਕੇ ਤਰਨਤਾਰਨ ਜਾ ਰਹੇ। 'ਮਰਦ ਦੀ ਮਾਯਾ ਬ੍ਰਿਛ ਦੀ ਛਾਯਾ' ਵਾਂਙ ਓਥੇ ਭੀ ਰੌਣਕ ਹੋ ਗਈ। ਜਦ ਓਥੋਂ ਭੀ ਪ੍ਰਿਥੀਏ ਨੇ ਕਲੇਸ਼ ਦੇਣਾ ਚਾਹਿਆ ਤਾਂ ਓਸ ਤੋਂ ਚਾਰ ਕੋਹ ਪਰੇ {ਭਾਈ ਹੇਮਾ} ਛਾਪਰੀ ਪਿੰਡ ਜਾ ਰਹੇ। ਏਥੇ ਭਾਈ ਹੇਮਾ ਨਾਮ ਗੁਰੂ ਜੀ ਦਾ ਪ੍ਰੇਮੀ ਸਿੱਖ ਜੋ ਰਿਹਾ ਕਰਦਾ ਸੀ, ਏਸ ਨੇ ਆਪਣੇ ਖੂਹ ਉੱਤੇ ਛੱਪਰ ਪਾ ਕੇ ਚੱਕੀ ਚੁੱਲ੍ਹਾ ਬਣਾ ਛੱਡਿਆ ਸੀ ਤੇ ਆਏ ਸਿੱਖ ਸਾਧੂ ਨੂੰ ਪ੍ਰਸ਼ਾਦ ਛਕਾਉਂਦਾ ਰਹਿੰਦਾ ਸੀ। ਏਸ ਨੇ ਬਹੁਤ ਟਹਿਲ ਮਨੋਂ ਤਨੋਂ ਗੁਰੂ ਜੀ ਦੀ ਕੀਤੀ ਤਾਂ ਗੁਰੂ ਜੀ ਨੇ ਓਥੇ ਏਹ ਸ਼ਬਦ ਉਚਾਰਿਆ:

ਰਾਗੁ ਸੂਹੀ ਮਹਲਾ ੫ ਘਰੁ ੪
ੴ ਸਤਿਗੁਰ ਪ੍ਰਸਾਦਿ ॥
ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ ਰਹਾਉ ॥
ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥੧॥
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥
ਸਭੁ ਕਿਛੁ ਤੁਮ੍ਹ੍ਹਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥੧॥੪੧॥

(ਸੂਹੀ, ਮਃ ੫ - ੭੪੫)

ਇਤਜਾਦਕ ਕਈ ਸ਼ਬਦ ਸੁਣ ਕੇ ਸੰਗਤ ਨਿਹਾਲ ਹੋਈ। ਏਥੋਂ ਅੱਗੇ ਸਿਰਹਾਲੀ ਪਿੰਡ ਗਏ ਤਾਂ ਓਥੋਂ ਦੇ ਜੱਟਾਂ ਨੇ ਪ੍ਰੇਮ ਘੱਟ ਕੀਤਾ। ਓਥੋਂ ਤੁਰ ਚੋਲੇ ਪਿੰਡ ਜਾ ਉੱਤਰੇ। ਲੋਗਾਂ ਨੇ ਬਹੁਤ ਸੇਵਾ ਕੀਤੀ ਤੇ ਕਈ ਦਿਨ ਰੱਖੇ। ਬਹੁਤ ਲੋਕ ਸਿੱਖ ਬਣੇਂ। ਏਸੇ ਪ੍ਰਕਾਰ ਅਨੇਕ ਪਿੰਡਾਂ ਦੇ ਲੋਗਾਂ ਦੀ ਕਲਜਾਣ ਕਰਦੇ ਹੋਏ ਬਜਾਸਾ ਤੋਂ ਪਾਰ ਗਏ ਤਾਂ ਡੱਲੇ ਪਿੰਡ ਭਾਈ ਲਾਲੋ ਆਦਿਕ ਸਿੱਖਾਂ ਨੇ ਗੁਰੂ ਜੀ ਦੀ ਬਹੁਤ ਟਹਿਲ ਕੀਤੀ। ਅਨੇਕ ਦਿਨ ਗੁਰੂ ਜੀ ਓਥੇ ਰਹੇ, ਸੈਂਕੜੇ ਲੋਗ ਸਿੱਖ ਬਣੇ। ਗੁਰੂ ਜੀ ਦੀ ਮਹਿਮਾਂ ਸੁਣ ਕੇ ਸੱਯਦ ਅਜ਼ੀਮ ਖਾਂ ਜਲੰਧਰ ਦਾ ਸੂਬੇਦਾਰ ਗੁਰੂ ਜੀ ਦੇ ਦਰਸ਼ਨ ਨੂੰ ਆਯਾ ਤਾਂ ਹਿੰਦੂ ਮੁਸਲਮਾਨਾਂ ਸਭ ਨੂੰ ਲੰਗਰ ਤੇ ਉਪਦੇਸ਼ ਮਿਲਦਾ ਦੇਖ ਕੇ ਬਹੁਤ ਖ਼ੁਸ਼ ਹੋਯਾ। ਓਸ ਨੇ ਪ੍ਰਸ਼ਨ ਕੀਤਾ, "ਤੁਸੀਂ ਕਿਸ ਦਾ ਮਜ਼੍ਹਬ ਚੰਗਾ ਸਮਝਦੇ ਹੋ?" ਤਾਂ ਗੁਰੂ ਜੀ ਏਹ ਸ਼ਬਦ ਉਚਾਰਿਆ:

ਰਾਮਕਲੀ ਮਹਲਾ ੫ ॥
ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥
ਅਲਹ ਅਲਖ ਅਪਾਰ ॥ ਖੁਦਿ ਖੁਦਾਇ ਵਡ ਬੇਸੁਮਾਰ ॥੧॥
ਓੁਂ ਨਮੋ ਭਗਵੰਤ ਗੁਸਾਈ ॥
ਖਾਲਕੁ ਰਵਿ ਰਹਿਆ ਸਰਬ ਠਾਈ ॥੧॥ ਰਹਾਉ ॥
ਜਗੰਨਾਥ ਜਗਜੀਵਨ ਮਾਧੋ ॥ ਭਉ ਭੰਜਨ ਰਿਦ ਮਾਹਿ ਅਰਾਧੋ ॥
ਰਿਖੀਕੇਸ ਗੋਪਾਲ ਗੋੁਵਿੰਦ ॥ ਪੂਰਨ ਸਰਬਤ੍ਰ ਮੁਕੰਦ ॥੨॥
ਮਿਹਰਵਾਨ ਮਉਲਾ ਤੂਹੀ ਏਕ ॥ ਪੀਰ ਪੈਕਾਂਬਰ ਸੇਖ ॥

ਦਿਲਾ ਕਾ ਮਾਲਕੁ ਕਰੇ ਹਾਕੁ ॥ ਕੁਰਾਨ ਕਤੇਬ ਤੇ ਪਾਕੁ ॥੩॥
ਨਾਰਾਇਣ ਨਰਹਰ ਦਇਆਲ ॥ ਰਮਤ ਰਾਮ ਘਟ ਘਟ ਆਧਾਰ ॥
ਬਾਸੁਦੇਵ ਬਸਤ ਸਭ ਠਾਇ ॥ ਲੀਲਾ ਕਿਛੁ ਲਖੀ ਨ ਜਾਇ ॥੪॥
ਮਿਹਰ ਦਇਆ ਕਰਿ ਕਰਨੈਹਾਰ ॥ ਭਗਤਿ ਬੰਦਗੀ ਦੇਹਿ ਸਿਰਜਣਹਾਰ ॥
ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬ੍ਰਹਮ ॥੫॥੩੪॥੪੫॥

(ਰਾਮਕਲੀ, ਮਃ ੫ - ੮੯੬)

ਏਹ ਸ਼ਬਦ ਸੁਣ ਕੇ ਓਨ ਅਰਜ਼ ਕੀਤੀ, "ਕੋਈ ਟਹਿਲ ਫਰਮਾਓ ਅਤੇ ਮੇਰੀ ਇਛਜਾ ਹੈ ਜੋ ਜਲੰਧਰ ਦੇ ਨੇੜੇ ਕਿਤੇ ਆਪ ਦਾ ਨਿਵਾਸ ਹੋਵੇ ਤਾਂ ਆਪ ਦੇ ਦਰਸ਼ਨ ਕਰਿਆ ਕਰਾਂ।" ਓੜਕ ਕਈ ਇੱਕ ਪਰੇਮੀ ਸਿੱਖਾਂ ਦੇ ਕਹੇ ਓਸ ਨੇ ਗੁਰੂ ਜੀ ਨੂੰ ਟਿਕਾਉਣ ਲਈ ਇੱਕ ਪਿੰਡ ਗੁਰੂ ਸਾਹਿਬ ਦਾ ਆਪਣੇ ਨਜ਼ੀਕ ਬਸਾ ਦਿਤਾ, ਜਿਸ ਦੀ ਨੀਉਂ ੨੧ ਮਘਰ ਸੰਮਤ ੧੬੧੫ ਬਿਕ੍ਰਮੀ ਨੂੰ ਰੱਖ ਕੇ ਗੁਰੂ ਜੀ ਨੇ ਓਸ ਦਾ ਨਾਉਂ ਕਰਤਾਰਪੁਰ ਰੱਖਿਆ। ਮੋੜ੍ਹੀ ਦੀ ਜਗ੍ਹਾ ਇੱਕ ਬਹੁਤ ਪੁਰਾਣੀ ਤੇ ਬੜੀ ਟਾਹਲੀ ਕਟਵਾ ਕੇ ਵੱਡਾ ਮੋਟਾ ਤੇ ਉਚਾ {ਥੰਮ੍ਹ ਸਾਹਿਬ} ਥੰਮ੍ਹ ਗਡਵਾਯਾ*। ਏਸ ਜਗਹ ਦੀ ਰੌਣਕ ਵਧਾਉਣ ਲਈ ਭਾਈ ਕਲਿਆਣੇ, ਧੀਰੇ, ਪੈੜੇ, ਭਗਤੂ, ਮਹੇਸ਼ੇ ਆਦਿਕ ਸਿੱਖਾਂ ਨੂੰ ਓਥੇ ਛੱਡ ਕੇ ਆਪ ਵੈਰੋਵਾਲ ਤੇ ਗੋਇੰਦਵਾਲ ਨੂੰ ਹੁੰਦੇ ਹੋਏ ਅੰਮ੍ਰਿਤਸਰ ਆ ਬਿਰਾਜੇ।

---

*ਲਿਖਜਾ ਹੈ ਏਥੇ ਮੋਹੜੀ ਗੱਡਣ ਸਮੇਂ ਚੌਧਰੀ ਦੀ ਪਗੜੀ ਉੱਤਰ ਗਈ। ਲੋਗਾਂ ਮਣਸੇਣਾਂ ਮੰਨਿਆਂ ਤਾਂ ਗੁਰੂ ਜੀ ਨੇ ਬਚਨ ਕੀਤਾ ਚੜ੍ਹੀ ਆਵੇਗਾ ਤੇ ਉੱਤਰੀ ਜਾਵੇਗਾ ਅਰਥਾਤ ਜੋ ਸ਼ਤ੍ਰੂ ਏਸ ਨਗਰ ਪਰ ਚੜ੍ਹ ਕੇ ਆਵੇਗਾ ਓਹ ਹਾਰ ਖਾ ਕੇ ਜਾਏਗਾ। ਏਹ ਥੰਮ ਜੇਹੜਾ ਗੁਰੂ ਜੀ ਨੇ ਗਡਜਾ ਸੀ, ਸੰਮਤ ੧੮੧੧ ਬਿਕ੍ਰਮੀ ਨੂੰ ਨਾਸਰਦੀਨ ਜਲੰਧਰ ਦੇ ਸੂਬੇ ਦੁਰਾਨੀ ਨੇ ਅਦੀਨਾ ਬੇਗ ਖਾਂ ਨੂੰ ਤੇ ਸੋਢੀ ਬਡਭਾਗ ਸਿੰਘ ਨੂੰ ਜਲੰਧਰੋਂ ਸਜੰਗ ਕੱਢ ਕੇ ਸਾੜ ਦਿੱਤਾ ਸੀ ਤੇ ਏਥੇ ਗਊਆਂ ਦਾ ਬੁਰਾ ਕੀਤਾ ਤੇ ਅਨੇਕ ਹਿੰਦੁਣੀਆਂ ਜ਼ੋਰ ਨਾਲ ਪਠਾਣਾਂ ਨੇ ਕਰ ਲਈਆਂ। ਸੰਮਤ ੧੮੧੩ ਬਿਕ੍ਰਮੀ ਨੂੰ ਜਦ ਫੇਰ ਖਾਲਸੇ ਦਾ ਜ਼ੋਰ ਪਿਆ ਤਾਂ ਸੋਢੀ ਵਡਭਾਗ ਸਿੰਘ ਤੇ ਅਦੀਨਾ ਬੇਗ ਖਾਂ ਨੇ ਖਾਲਸੇ ਦੀ ਮਦਦ ਨਾਲ ਨਾਸਰ ਅਲੀ ਖਾਂ ਨੂੰ ਮਾਰ ਕੇ ਓਸ ਤੋਂ ਜਲੰਧਰ ਛੁਡਾਯਾ ਤਦੋਂ ਸੋਢੀ ਸਾਹਿਬ ਨੇ ਨਾਸਰ ਦੀਨਾਦਿਕ ਅਮੀਰਾਂ ਦੀਆਂ ਅਨੇਕਾਂ ਬਹੂਆਂ ਬੇਟੀਆਂ ਨੂੰ ਬਰਾਹ ਤੇ ਅੰਮ੍ਰਿਤ ਛਕਾ ਕੇ ਸਿੰਘਣੀਆਂ ਸਜਾ ਕਰ ਸਿੰਘਾਂ ਨਾਲ ਅਨੰਦ ਪੜ੍ਹਾ ਦਿੱਤੇ ਓਨ੍ਹਾਂ ਦੇ ਨਾਮ ਤੇ ਪਿੰਡ ਪੰਥ ਪ੍ਰਕਾਸ਼ ਵਿੱਚ ਲਿਖੇ ਹੋਏ ਹਨ। ਭਾਵੇਂ ਓਦੋਂ ਭੀ ਸੋਢੀ ਸਾਹਿਬ ਨੇ ਦੂਜਾ ਥੰਮ੍ਹ ਥਾਪਿਆ ਪਰ ਸੰਨ ੧੮੮੫ ਬਿਕ੍ਰਮੀ ਨੂੰ ਮਹਾਰਾਜੇ ਰਣਜੀਤ ਸਿੰਘ ਨੇ ਇੱਕ ਲੱਖ ਰੁਪਯਾ ਭੇਜ ਕੇ ਇਹ ਹੁਕਮ ਦਿੱਤਾ ਕਿ ਥੰਮ੍ਹ ਸਾਹਿਬ ਐਸਾ ਬਣਾਓ ਜੋ ਦਸ ਦਸ ਕੋਹ ਤੋਂ ਦਿਸੇ ਪਰ ਓਹ ਰੁਪਯਾ ਸੋਢੀ ਤੇ ਮਹਾਰਾਜ ਦੇ ਕਾਰਦਾਰ ਹੀ ਖਾ ਗਏ ਤੇ ਕੇਵਲ ਤੇਰਾਂ ਹਜ਼ਾਰ ਨਾਲ ਚੂਨੇ ਇੱਟਾਂ ਦਾ ਥੰਮ੍ਹ ਬਣਾਯਾ ਜੋ ਹੁਣ ਤੱਕ ਹੈ। ਏਸ ਥੰਮ੍ਹ ਸਾਹਿਬ ਦੇ ਮਹੰਤ ਉਦਾਸੀ ਸਾਧੂ ਜਾਗੀਰਦਾਰ ਹਨ। ਪੂਜਾ ਵੈਸਾਖੀ ਦੇ ਮੇਲੇ ਦੀ (ਜੋ ਬਡਾ ਭਾਰੀ ਮੇਲਾ ਹਰ ਵਰ੍ਹੇ ਹੁੰਦਾ ਹੈ) ਸੋਢੀ ਸਾਹਿਬ ਲੈਂਦੇ ਹਨ। ਸੰਮਤ ੧੬੫੭ ਬਿਕ੍ਰਮੀ ਨੂੰ ਸ੍ਰੀ ਮਾਤਾ ਗੰਗਾ ਜੀ ਨੇ ਏਥੇ ਇੱਕ ਖੂਹ ਲਵਾਇਆ ਜਿਸ ਦਾ ਨਾਮ ਗੰਗਸਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਰ ਦਿੱਤਾ, ਜੋ ਕੋਈ ਏਸ ਗੰਗਸਰ ਨ੍ਹਾਵੇਗਾ ਓਸ ਨੂੰ ਗੰਗਾ ਦੇ ਇਸ਼ਨਾਨ ਦਾ ਫ਼ਲ ਮਿਲੇਗਾ। ਲਿਖਿਆ ਹੈ ਕਿਸੇ ਸਿੱਖ ਦਾ ਗੜਵਾ ਹਰਿਦੁਆਰ ਗੰਗਾ ਵਿੱਚ ਡਿਗ ਪਿਆ ਸੀ। ਓਹੋ ਗੜਵਾ ਗੰਗਸਰ ਵਿੱਚੋਂ ਨਿੱਕਲ ਆਯਾ। ਓਦੋਂ ਦੇ ਬਹੁਤ ਲੋਗ ਏਥੇ ਇਸ਼ਨਾਨ ਕਰਦੇ ਹਨ ਅਤੇ ਗੰਗਾ ਜਲ ਵਾਂਙ ਜਲ ਭੀ ਗੰਗਸਰ ਦਾ ਬੋਤਲਾਂ ਵਿੱਚ ਪਾ ਰੱਖਦੇ ਹਨ, ਜੋ ਮਰਨ ਲੱਗਦੇ ਮੂੰਹ ਵਿੱਚ ਪਾਉਂਦੇ ਹਨ।

## (ਪਾਃ ੫ – ੧੯)

## ਪ੍ਰਿਥੀਚੰਦ ਦੇ ਅਧਿਕ ਵਿਰੋਧ ਦਾ ਕਾਰਣ

ਸੰ: ੧੯੪੯ ਬਿਕ੍ਰਮੀ ਨੂੰ ਗੁਰੂ ਅਰਜਨ ਸਾਹਿਬ ਜੀ ਦੇ ਮਹਿਲ ਸ੍ਰੀ ਮਾਈ ਰਾਮ ਕੌਰ ਜੀ ਦੇ ਗੁਜ਼ਰ ਜਾਣ ਕਰ ਮਾਤਾ ਭਾਨੀ ਤੇ ਭਾਈ ਗੁਰਦਾਸ ਆਦਿਕ ਸਿੱਖਾਂ ਦੇ ਪ੍ਰੇਰੇ ਹੋਏ ਗੁਰੂ ਸਾਹਿਬ ਨੇ ੨੨ ਹਾੜ ਸੰਮਤ ੧੯੪੭ ਬਿਕ੍ਰਮੀ ਨੂੰ ਪਰਗਣੇ ਫਲੌਰ, ਮਉ ਪਿੰਡ, ਸੰਗਤਰਾਇ ਸੇਖੜੀ ਖੱਤ੍ਰੀ ਦੀ ਬੇਟੀ {ਮਾਤਾ ਗੰਗਾ} ਗੰਗਾ ਦੇਵੀ ਨਾਲ ਵਿਆਹ ਕਰ ਲਿਆ। ਭਾਵੇਂ ਪ੍ਰਿਥੀਚੰਦ ਵਿਰੋਧ ਤਾਂ ਪਹਿਲੇ ਹੀ ਬਹੁਤ ਰੱਖਦਾ ਸੀ ਪਰ ਦੂਜਾ ਵਿਆਹ ਹੋਏ ਤੋਂ ਅਤਯੰਤ ਵਿਰੋਧ ਕਰਨ ਲਗਾ। ਓੜਕ ਸੰਨ ੧੯੫੦ ਬਿਕ੍ਰਮੀ ਨੂੰ; ਜਦ ਇੱਕ ਦਿਨ ਚੰਗੇ ਚੰਗੇ ਕੀਮਤੀ ਬਸਤ੍ਰ ਜੋ ਕਮਖ਼ਾਬ, ਸਾਟਨ, ਅਤਲਸ, ਤਾਸ, ਮਖ਼ਮਲ, ਪਸ਼ਮੀਨੇ ਦੇ ਸਿੱਖਾਂ ਦੇ ਘਰਾਂ ਤੋਂ ਆਏ ਹੋਏ ਸ੍ਰੀ ਮਾਤਾ ਗੰਗਾ ਜੀ ਸੁਕਾਇ ਰਹੀ ਸੀ, ਤਾਂ ਪ੍ਰਿਥੀਚੰਦ ਦੀ ਇਸਤ੍ਰੀ ਕਰਮ ਕੌਰ ਦੇਖ ਕੇ ਸੜ ਬਲ ਗਈ। ਆਉਂਦੇ ਪ੍ਰਿਥੀਚੰਦ ਨੂੰ ਕਰੋਧ ਕਰ ਕੇ ਪੈ ਰਹੀ। ਜਾਂ ਪ੍ਰਿਥੀਚੰਦ ਨੇ ਪੁੱਛਿਆ ਤਾਂ ਆਖਿਆ, "ਤੇਰੀ ਨਾਲਾਇਕੀ ਨੂੰ ਮੈਂ ਝੂਰ ਕੇ ਪਈ ਸੜਦੀ ਹਾਂ। ਜੇ ਤੂੰ ਆਪਣੇ ਪਿਤਾ ਦੀ ਆਗਯਾ ਮੰਨਦਾ, ਤਾਂ ਅੱਜ ਤੂੰ ਹੀ ਜਗਤ ਗੁਰੂ ਹੁੰਦਾ ਤੇ ਏਹ ਪਦਾਰਥ; ਜੇਹੜੇ ਗੰਗਾ ਦੇ ਘਰ ਦੇਖ ਦੇਖ ਮੈਨੂੰ ਉਧਾਂ ਬਦਲਦੀਆਂ ਹਨ, ਸਭ ਮੇਰੇ ਘਰ ਹੁੰਦੇ।" ਪ੍ਰਿਥੀਚੰਦ ਨੇ ਉੱਤਰ ਦਿਤਾ, "ਤੂੰ ਜ਼ਰਾ ਤੌਖਲਾ ਨਾ ਕਰ। ਅਰਜਨ ਦੇ ਘਰ ਉਲਾਦ ਨਹੀਂ ਹੋਣੀ। ਸਭ ਚੀਜ਼ ਦਾ ਮਾਲਕ ਤੇਰਾ ਹੀ ਪੁੱਤ੍ਰ ਹੋਵੇਗਾ ਤੇ ਹੁਣ ਭੀ ਤੇਰੇ ਹੀ ਪੁੱਤ੍ਰ ਨੂੰ ਗੁਰੂ ਅਰਜਨ ਆਪਣੇ ਪਾਸ ਪੁਤ੍ਰਾਂ ਵਾਂਙ ਰੱਖਦਾ ਹੈ।" ਇਤਯਾਦਿਕ ਬਚਨ ਜੋ ਓਹਨਾਂ ਕਹੇ ਜਦ ਸ੍ਰੀ ਮਾਤਾ ਗੰਗਾ ਜੀ ਨੇ ਸੁਣੇ, ਤਾਂ ਕੰਡੇ ਵਾਂਙ ਕਲੇਜੇ ਵਿੱਚ ਚੁਭ ਗਏ ਤੇ ਜਦ ਰਾਤ ਨੂੰ ਗੁਰੂ ਅਰਜਨ ਜੀ ਘਰ ਆਏ ਤਾਂ ਨੇਤ੍ਰਾਂ ਤੋਂ ਜਲ ਵਹਾਉਂਦੀ ਹੱਥ ਜੋੜ ਕੇ ਖੜੋ ਗਈ। ਜਾਂ ਗੁਰੂ ਜੀ ਨੇ ਕਾਰਨ ਪੁੱਛਿਆ, ਤਾਂ ਓਨ ਪ੍ਰਿਥੀਚੰਦ ਤੇ ਕਰਮੋਂ ਵਾਲੀ ਸਾਰੀ ਗੱਲ ਸੁਣਾਈ ਤੇ ਇੱਕ ਪੁੱਤ੍ਰ ਹੋਣ ਦੀ ਪ੍ਰਾਰਥਨਾ ਕੀਤੀ। ਗੁਰੂ ਸਾਹਿਬ ਬੋਲੇ, "ਤੂੰ ਭਰੋਸਾ ਰੱਖ। ਪਰਮੇਸ਼੍ਵਰ ਦੇ ਘਰੋਂ ਸੰਤ ਸਭ ਕੁਛ ਦਿਵਾ ਸਕਦੇ ਹਨ। ਤੂੰ ਬਾਬੇ ਬੁੱਢੇ ਜੇਹੇ ਸੰਤਾਂ ਦੀ ਸੇਵਾ ਕੀਤੀ ਕਰ।" ਏਹ ਬਚਨ ਮੰਨ ਕੇ ਸ੍ਰੀ ਮਾਤਾ ਗੰਗਾ ਜੀ ਸੰਤਾਂ ਦੀ ਸੇਵਾ ਕਰਨ ਲੱਗੀ। ਚੰਗੇ ਚੰਗੇ ਭੋਜਨ ਛਕਾਉਣ ਲਗੀ।

ਇਕ ਦਿਨ ਬਹੁਤ ਚੰਗੇ ਚੰਗੇ ਭੋਜਨ ਕਹਾਰਾਂ ਤੋਂ ਚੁਕਵਾ ਕੇ {ਬਾਬਾ ਬੁੱਢਾ ਜੀ ਦੇ ਵਚਨ} ਬਾਬੇ ਬੁੱਢੇ ਜੀ ਵੱਲ (ਜੋ ਗੁਰੂ ਕੇ ਬੀੜ ਵਿੱਚ ਬਾਸਰਕੇ ਪਿੰਡ ਪਾਸ 'ਅੰਮ੍ਰਿਤਸਰ' ਅਨੇਕ ਸੰਤਾਂ ਸਮੇਤ ਰਿਹਾ ਕਰਦੇ ਸੇ) ਚਲੀ। ਪਰ ਆਪ ਰਥ ਵਿੱਚ ਸਵਾਰ ਹੋਈ ਤੇ ਹੋਰ ਦਸ ਵੀਹ ਟਹਿਲਣਾਂ ਨਾਲ ਲੈ ਲਈਆਂ। ਜਦ ਬਾਬੇ ਬੁੱਢੇ ਜੀ ਦੇ ਨੇੜੇ ਗਈ ਤਾਂ ਅੱਗੇ ਓਹ ਏਕਾਂਤ ਤਾੜੀ ਲਾਈ ਬੈਠੇ ਸੇ। ਖੜਾਕ ਸੁਣ ਕੇ ਪੁੱਛਿਆ, "ਏਹ ਰੌਲਾ ਕੈਸਾ ਹੈ?" ਸਿੱਖਾਂ ਨੇ ਕਿਹਾ, "ਜੀ! ਗੁਰੂ ਕੇ ਮਹਿਲ ਆਏ ਹਨ।" ਤਾਂ ਬੁੱਢਾ ਜੀ ਬੋਲੇ, "ਗੁਰੂ ਕਿਆਂ ਨੂੰ ਕੀ ਭਾਜੜ ਪੈ ਗਈ?" ਸ੍ਰੀ ਮਾਤਾ ਜੀ ਏਹ ਗੱਲ ਸੁਣ ਕੇ ਬਹੁਤ ਰੰਜ ਹੋਈ ਪਰ ਭੋਜਨ ਛਕਾ ਕੇ ਭਰੀ ਭਕੰਨੀ ਮੁੜ ਆਈ। ਗੁਰੂ ਜੀ ਨੇ ਬ੍ਰਿਤਾਂਤ ਸੁਣ ਕੇ ਆਖਿਆ, "ਓਸ ਦਾ ਹੁਕਮ ਅਮੇਟ ਹੈ। ਹੁਣ ਤੁਸੀਂ ਫੇਰ ਕਦੇ ਮਿੱਸੇ ਪ੍ਰਸ਼ਾਦੇ ਤੇ ਗੰਢੇ ਲੱਸੀ ਲੈ ਕੇ ਇਕੱਲਿਆਂ ਨਿਰਅਭਿਮਾਨ ਹੋ ਕੇ ਜਾਣਾ। ਸੇਵਕ ਟਹਿਲਣਾਂ ਨੂੰ ਨਾਲ ਖੜਨਾਂ ਠੀਕ ਨਹੀਂ।" ਸ੍ਰੀ ਮਾਤਾ ਜੀ ਨੇ ਓਸੇ ਤਰ੍ਹਾਂ ਕੀਤਾ। ਬਾਬਾ ਬੁੱਢਾ ਜੀ ਨੇ ਬੜੇ ਪ੍ਰਸੰਨ ਹੋ ਕੇ ਪ੍ਰਸ਼ਾਦ ਛਕਿਆ ਤੇ ਵਰ ਦਿਤਾ, "ਤੇਰੇ ਘਰ ਵੱਡਾ ਬਲੀ ਮੀਰੀ ਪੀਰੀ ਦਾ ਮਾਲਕ ਪੈਦਾ ਹੋਵੇਗਾ। ਤੇ ਜਿਸ ਤਰ੍ਹਾਂ ਮੈਂ ਗੰਢਿਆਂ ਦੇ ਸਿਰ ਤੋੜਦਾ ਹਾਂ, ਏਸੇ ਤਰ੍ਹਾਂ ਓਹ ਮੁਗਲਾਂ ਦੇ ਸਿਰ ਤੋੜੇਗਾ।" ਏਹ ਵਰ ਲੈ ਕੇ ਸ੍ਰੀ ਮਾਤਾ ਗੰਗਾ ਜੀ ਖ਼ੁਸ਼ੀ ਖ਼ੁਸ਼ੀ ਘਰ ਆਈ ਤੇ ਕੁਛ ਦਿਨ ਪਿੱਛੋਂ ਗਰਭ ਰਿਹਾ। ਏਹ ਸੁਣ ਕੇ ਪ੍ਰਿਥੀਚੰਦ ਤਾਂ ਵਧੇਰੇ ਹੀ ਸੜ ਗਿਆ। ਤੇ ਓਸੇ ਦਿਨ ਗੁਰਿਆਈ ਦੀ ਗੱਦੀ ਤੋਂ ਨਿਰਾਸ ਹੋ ਕੇ ਗੁਰੂ ਜੀ ਨਾਲ ਅਣਹੋਣੀਆਂ ਗੱਲਾਂ ਪਰ ਲੱਕ ਬੰਨ੍ਹ

ਲਿਆ। ਘਰ ਵਿੱਚ ਉਸ ਦੀ ਇਸਤਰੀ ਨੇ ਲੜਾਈ ਸ਼ੁਰੂ ਕਰ ਦਿੱਤੀ। ਸ੍ਰੀ ਗੰਗਾ ਦੇਵਾਂ ਤਾਂ ਓਸ ਨੂੰ ਵੱਡੀ ਜਿਠਾਣੀ ਸਮਝ ਕੇ ਕਦੇ ਓਸ ਦੇ ਸਾਹਮਣੇ ਨਾ ਬੋੱਲੀ ਪਰ ਮਾਤਾ ਭਾਨੀ ਜੀ ਓਸ ਨੂੰ ਬਹੁਤ ਵਰਜਦੀ ਰਹੇ ਅਤੇ ਓਹ ਨਾ ਹਟੇ। ਇੱਕ ਦਿਨ ਸ੍ਰੀ ਮਾਤਾ ਗੰਗਾ ਤੇ ਜਨਮ ਮਾਤਾ ਭਾਨੀ ਜੀ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਲੜਾਈ ਦਾ ਸਭ ਹਾਲ ਸੁਣਾ ਕੇ ਆਖਿਆ, "ਸਾਨੂੰ ਕਿਸੇ ਹੋਰ ਪਿੰਡ ਭੇਜ ਦਿਓ। ਏਥੇ ਰਾਤ ਦਿਨ ਕਲੇਸ ਰਹਿੰਦਾ ਹੈ। ਓਧਰ ਪ੍ਰਿਥੀਏ ਨੇ ਜਾਇਦਾਦ ਵੰਡਣ ਵਾਸਤੇ ਅਰਜ਼ੀ ਪਾਈ ਹੈ। ਸੁਲਹੀ ਖਾਂ ਏਥੇ ਆਵੇਗਾ ਤਾਂ ਹੋਰ ਕਲੇਸ਼ ਹੋਵੇਗਾ। ਏਸ ਲਈ ਸਾਡਾ ਜਾਣਾ ਹੀ ਹੱਛਾ ਹੈ।"

ਏਤਨੇ ਨੂੰ ਵਡਾਲੀ ਪਿੰਡ ਦੀ ਸੰਗਤ ਨੇ ਆ ਕੇ ਅਰਜ਼ ਕੀਤੀ, "ਮਹਾਰਾਜ! ਆਪ ਸਾਡੇ ਪਿੰਡ ਚੱਲ ਰਹੋ।" ਤਾਂ ਗੁਰੂ ਸਾਹਿਬ ਜੀ ਵਾਜਬ ਸਮਝ ਕੇ ਤੇ ਸਿੱਖਾਂ ਦਾ ਪ੍ਰੇਮ ਦੇਖ ਕੇ ਅੰਮ੍ਰਿਤਸਰੋਂ ਤਿੰਨ ਕੋਹ ਪਰੇ ਵਡਾਲੀ ਪਿੰਡ ਕੁਟੰਬ ਸਮੇਤ ਜਾ ਰਹੇ। ਓਥੋਂ ਦੇ ਚੌਧਰੀ {ਵਡਾਲੀ ਭਾਈ ਭਾਗੂ ਦੇ ਘਰ} ਭਾਈ ਭਾਗੂ ਨੇ ਗੁਰੂ ਜੀ ਨੂੰ ਆਪਣੇ ਘਰ ਲਿਜਾ ਕਰ ਵੱਖਰੀ ਹਵੇਲੀ ਦੇ ਦਿੱਤੀ ਤੇ ਹੋਰ ਭੀ ਸਾਰਾ ਪਿੰਡ ਸ੍ਰੀ ਮਾਤਾ ਜੀ ਦੀ ਟਹਿਲ ਵਿੱਚ ਹਾਜਰ ਰਹਿਣ ਲੱਗਾ। ਉਥੋਂ ਦੀਆਂ ਮਾਈਆਂ ਬੀਬੀਆਂ ਹਰ ਵੇਲੇ ਸ਼ਬਦਾਂ ਦੀ ਘਨਘੋਰ ਕਰਨ ਲਗੀਆਂ। ਫੇਰ ਤਾਂ ਸੰਗਤਾਂ ਭੀ ਉਥੇ ਹੀ ਜਾਣ ਲਗ ਪਈਆਂ।

ਓਧਰ ਵਜ਼ੀਰ ਖਾਂ ਨੇ ਸੁਲਹੀ ਖਾਂ ਨੂੰ ਕਹਿ ਭੇਜਿਆ, "ਜਿਸ ਨੂੰ ਗੁਰੂ ਗੱਦੀਨਸ਼ੀਨ ਕਰ ਗਿਆ ਹੈ ਓਹੋ ਮਾਲਕ ਰਹੇਗਾ।" ਏਹ ਹੁਕਮ ਸੁਣ ਕੇ ਸੁਲਹੀ ਖਾਂ ਪ੍ਰਿਥੀਚੰਦ ਨਾਲ ਟਾਲਾ ਵਾਲਾ ਕਰ ਕੇ ਪੱਟੀ ਵੱਲ ਗਿਆ ਤੇ ਪ੍ਰਿਥੀਚੰਦ ਹਾਰ ਕੇ ਘਰ ਆ ਬੈਠਾ। ਗੁਰੂ ਸਾਹਿਬ ਕਦੇ ਅੰਮ੍ਰਿਤਸਰ ਆ ਜਾਣ ਤੇ ਕਦੇ ਵਡਾਲੀ ਰਹਿਣ। ਪਰ ਸ੍ਰੀ ਮਾਤਾ ਗੰਗਾ ਜੀ ਓਥੇ ਹੀ ਰਹੇ।

## (ਪਾ: ੫ - ੨੦)

## ਗੁਰੂ ਹਰਿਗੋਬਿੰਦ ਜੀ ਦਾ ਪ੍ਰਗਟ ਹੋਣਾ ਤੇ ਪ੍ਰਿਥੀਏ ਦੇ ਹੱਥ ਕਰਨੇ

ਹਾੜ ਵਦੀ ੧, ਸੰਮਤ ੧੬੫੨ ਬਿਕ੍ਰਮੀ ਨੂੰ ਗੁਰੂ ਅਰਜਨ ਸਾਹਿਬ ਜੀ ਦੇ ਘਰ ਵਡਾਲੀ ਪਿੰਡ ਵਿਖੇ ਗੁਰੂ ਹਰਿਗੋਬਿੰਦ ਜੀ ਪ੍ਰਗਟ ਹੋਏ। ਗੁਰੂ ਜੀ ਨੇ ਬਹੁਤ ਪੁੰਨ ਦਾਨ ਕੀਤਾ ਅਤੇ ਏਸੇ ਉਤਸ਼ਾਹ ਦੇ ਸਮੇਂ ਇੱਕ ਖੂਹ {ਛਿਹਰਟਾ ਸਾਹਿਬ} ਛਿਹਟਾ* ਨਾਮ; ਜਿਸ ਉੱਪਰ ਛੀ ਹਰਟ ਚਲਾਏ ਗਏ ਸਨ, ਲਗਾ ਦਿੱਤਾ ਅਤੇ ਜਿਤਨਾਂ ਆਨੰਦ ਗੁਰੂ ਕੀਆਂ ਸੰਗਤਾਂ ਨੂੰ ਏਸ ਜਨਮ ਦਾ ਹੋਯਾ, ਓਤਨਾਂ ਹੀ ਝੁਰੇਵਾਂ ਪ੍ਰਿਥੀਚੰਦ ਤੇ ਓਸ ਦੀ ਇਸਤ੍ਰੀ ਕਰਮੋ ਨੂੰ ਹੋਯਾ। ਹੁਣ ਪ੍ਰਿਥੀਚੰਦ ਨੇ ਸਾਹਿਬਜ਼ਾਦੇ ਦੇ ਬਿਘਨ ਕਰਨ ਲਈ ਪਹਿਲੇ ਤਾਂ ਮੁਲਾਣਿਆਂ, ਜੋਗੀਆਂ, ਕਹਾਰਾਂ, ਚਮਾਰਾਂ, ਤੇ ਹੋਰ ਦੁਸ਼ਟਾਂ ਤੋਂ ਜਾਦੂ ਟੂਣੇ ਜੰਤ੍ਰ ਮੰਤ੍ਰ ਕਰਾਏ ਤੇ ਮੁੱਠਾਂ ਚਲਾਈਆਂ। ਪਰ ਜਦ ਏਨ੍ਹਾਂ ਤੋਂ ਕੁਛ ਨਾ ਵਿਗੜਿਆ, ਤਾਂ {ਸੋਭੀ ਦਾਈ ਦੀ ਕਰਤੂਤ} ਸੋਭੀ ਨਾਮੇਂ ਦਾਈ ਨੂੰ (ਜੋ ਸ੍ਰੀ ਮਾਤਾ ਗੰਗਾ ਜੀ ਪਾਸ ਜਾਇਆ ਕਰਦੀ ਸੀ) ਬਹੁਤ ਰੁਪਯਾ ਦੇਣਾ ਕਰ ਕੇ ਸਾਹਿਬਜ਼ਾਦੇ ਦੇ ਮਾਰਨ ਲਈ ਭੇਜਿਆ। ਓਹ ਪਾਪਣ ਆਪਣੇ ਥਣਾਂ ਨੂੰ ਵਿਹੁ ਲਾ ਕੇ ਜਾ ਬੈਠੀ ਤੇ ਬਾਲਕ ਰੂਪ ਗੁਰੂ ਜੀ ਨੂੰ ਕੁੱਛੜ ਚੁੱਕ ਲਿਆ। ਜਦ ਮੰਮਾ ਮੂੰਹ ਵਿੱਚ ਦੇਣ ਲੱਗੀ ਤਾਂ ਸਾਹਿਬਜ਼ਾਦੇ ਨੇ ਮੰਮਾਂ ਨਾ ਚੁੰਘਿਆ ਤੇ ਓਹ ਜ਼ਹਿਰ ਓਸੇ ਨੂੰ ਚੜ੍ਹ ਗਿਆ। ਜਾਂ ਬੇਹੋਸ਼ ਹੋ ਕੇ ਡਿਗ ਪਈ, ਤਾਂ ਮਰਦੀ ਹੋਈ ਪ੍ਰਿਥੀਏ ਦਾ ਪਾਪ ਪ੍ਰਗਟ ਕਰ ਗਈ। ਗੁਰੂ ਸਾਹਿਬ ਤਾਂ ਪਰਮੇਸ਼੍ਵਰ ਦੀ ਭਾਵੀ ਪਰ ਸ਼ਾਕਰ ਰਹਿ ਕੇ ਚੁੱਪ ਕਰ ਰਹੇ ਪਰ ਪ੍ਰਿਥੀਏ ਨੇ ਉਲਟਾ ਓਸ ਦਾਈ ਦੇ ਵਾਰਸੀਆਂ ਤੋਂ ਖ਼ੂਨ ਦਾ ਦਾਵਾ ਗੁਰੂ ਸਾਹਿਬ ਪਰ ਕਰਵਾ ਦਿੱਤਾ ਤੇ ਮੁਕਦਮਾ ਭੀ ਓਸੇ ਸੁਲਹੀ ਖਾਂ ਹਾਕਮ ਪਾਸ ਲੈ ਗਿਆ, ਜਿਸ ਨੂੰ ਬਹੁਤ ਸਾਰੀ ਵੱਢੀ ਦੇ ਕੇ ਪ੍ਰਿਥੀਚੰਦ ਨੇ ਆਪਣਾ ਬਣਾ ਰੱਖਿਆ ਸੀ। ਪ੍ਰਿਥੀਚੰਦ ਨੇ ਏਧਰ ਦਾ ਝਗੜਾ ਖੜਾ ਕੀਤਾ ਤੇ ਓਧਰ ਇੱਕ {ਇੱਕ ਹੋਰ ਡਾਇਣ ਦਾ ਕਾਰਾ} ਡਾਇਣ ਮੰਗਵਾ ਕੇ ਸਾਹਿਬਜ਼ਾਦੇ ਦਾ ਕਾਲਜਾ ਕੱਢਣ ਲਈ ਭੇਜੀ। ਓਸ ਡਾਇਣ ਨੇ ਪੈਂਚ ਦੇ ਪੁੱਤ੍ਰ ਦਾ ਕਾਲਜਾ; ਜੋ ਰਾਹ ਵਿੱਚ ਖੇਡਦਾ ਸੀ, ਕੱਢ ਲਿਆ। ਜੱਟਾਂ ਨੇ ਓਸ ਨੂੰ ਫੜ ਲਿਆ ਤੇ ਜਾਂ ਖੁਰਚਣੇ ਤਪਾ ਤਪਾ ਕੇ ਉਸ ਨੂੰ ਮਾਰੇ ਤਾਂ ਓਸ ਨੇ ਭੀ ਪ੍ਰਿਥੀਏ ਦੀ ਕਰਤੂਤ ਸਾਰੀ ਪ੍ਰਗਟ ਕੀਤੀ। ਓਹ ਡਾਇਣ ਓਥੇ ਹੀ ਮਾਰੀਦੀ ਮਾਰੀਦੀ

---

*ਲਿਖਿਆ ਹੈ ਕਿ ਗੁਰੂ ਜੀ ਨੇ ਖੂਹ ਲਗਾਕੇ ਵਰ ਦਿੱਤਾ ਕਿ ਜਿਸ ਇਸਤ੍ਰੀ ਦੀ ਸੰਤਾਨ ਅਠਰਾਹੇ ਆਦਿਕ ਬੀਮਾਰੀ ਨਾਲ ਮਰ ਜਾਂਦੀ ਹੋਵੇ, ਯਾ ਨਾਂ ਹੁੰਦੀ ਹੋਵੇ ਓਹ ਇੱਕ ਬਰਸ ਹਰ ਮਸਯਾ ਸੰਕ੍ਰਾਂਤ ਛਿਹੱਟੇ ਖੂਹ ਉੱਪਰ ਇਸ਼ਨਾਨ ਕਰ ਕੇ:

ਆਸਾ ਮਹਲਾ ੫ ॥
ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥
ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥
ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥
ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥
ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥
ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥

(ਆਸਾ, ਮ: ੫ - ੩੯੬)

ਅਤੇ

ਬਿਲਾਵਲੁ ਮਹਲਾ ੫ ॥
ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਹਾਰਿਆ ॥ ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥੧॥
ਕਾਰਜੁ ਸਤਿਗੁਰਿ ਆਪਿ ਸਵਾਰਿਆ ॥ ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ ॥੧॥ ਰਹਾਉ ॥
ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥ ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ॥੨॥੫॥੨੩॥

(ਬਿਲਾਵਲੁ, ਮ: ੫ - ੮੦੬)

ਏਨਾਂ ਸ਼ਬਦਾਂ ਦੇ ੪੧ ਪਾਠ ਹਰ ਵਾਰੀ ਕਰੇਗੀ ਤਾਂ ਮਨ ਇਛਯਾ ਫ਼ਲ ਪਾਵੇਗੀ ਤੇ ਪੁੱਤ੍ਰ ਪੈਦਾ ਕਰੇਗੀ।

ਮਰ ਗਈ। ਪ੍ਰਿਥੀਆ ਏਸ ਖ਼ੂਨ ਨੂੰ ਭੀ ਗੁਰੂ ਜੀ ਵੱਲ ਲਿਆਯਾ ਚਾਹੁੰਦਾ ਸੀ, ਪਰ ਕਿਸੇ ਨੇ ਓਸ ਦੀ ਗੱਲ ਨਾ ਸੁਣੀ। ਸਗੋਂ ਪਹਿਲੇ ਖ਼ੂਨ ਦਾ ਮੁੱਕਦਮਾ ਭੀ ਅਦਾਵਤੀ ਸਮਝ ਕੇ ਸੁਲਹੀ ਖਾਂ ਨੂੰ ਖਾਰਜ ਹੀ ਕਰਨਾ ਪਿਆ।

ਜਦ ਸਾਹਿਬਜ਼ਾਦਾ ਜੀ ਦੋ ਬਰਸ ਦੇ ਹੋਏ, ਤਾਂ ਗੁਰੂ ਜੀ ਫੇਰ ਕੁਟੰਬ ਸਮੇਤ ਸ੍ਰੀ ਅੰਮ੍ਰਿਤਸਰ ਜੀ ਆ ਗਏ। ਤਾਂ ਪ੍ਰਿਥੀਚੰਦ ਨੇ ਇੱਕ ਸਪਾਧੇ {ਸਪੇਰੇ ਤੋਂ ਸੱਪ ਛਡਾਇਆ} ਤੋਂ ਗੁਰੂ ਹਰਿਗੋਬਿੰਦ ਜੀ ਅਗੇ; ਜਿੱਥੇ ਓਹ ਖੇਡ ਰਹੇ ਸੇ, ਜ਼ਹਿਰੀ ਸੱਪ ਛਡਵਾ ਦਿੱਤਾ। ਪਰ ਏਹ ਨਾ ਸੋਚਿਆ:

ਜਿਸੁ ਰਾਖੈ ਤਿਸੁ ਕੋਇ ਨ ਮਾਰੈ ॥

(ਗਉੜੀ ਸੁਖਮਨੀ, ਮਃ ੫ - ੨੯੨)

ਸੱਪ ਨੂੰ ਦੇਖ ਕੇ ਲੜਕਿਆਂ ਰੌਲਾ ਪਾਇਆ ਤੇ ਸਾਹਿਬਜ਼ਾਦੇ ਨੇ ਸੱਪ ਦਾ ਸਿਰ ਪਕੜ ਕੇ ਅਜੇਹਾ ਜ਼ਮੀਨ ਨਾਲ ਘਸਾਇਆ, ਜੋ ਓਹ ਮਰ ਹੀ ਗਿਆ। ਪਰ ਪ੍ਰਿਥੀਏ ਹੈਂਸਿਆਰੇ ਨੂੰ ਫੇਰ ਭੀ ਸਬਰ ਨਾ ਆਯਾ ਤੇ ਇੱਕ {ਦੁਨੀ ਚੰਦ ਦੁਸ਼ਟ ਬ੍ਰਾਹਮਣ} ਦੁਨੀ ਚੰਦ ਨਾਮ ਬਿਪਰ ਜੋ ਸਾਹਿਬਜ਼ਾਦੇ ਦਾ ਖਿਡਾਵਾ ਸੀ ਤੇ ਇਸਦੀ ਪਾਲਣਾ ਗੁਰੂ ਸਾਹਿਬ ਕਰਦੇ ਸੇ, ਓਸ ਨੂੰ ਪੰਜ ਸੌ ਰੁਪਯਾ ਦੇਣਾ ਕਰ ਕੇ ਪਾਪੀ ਬਣਾਯਾ। ਉਹ ਦੁਸ਼ਟ ਜਦ ਦਹੀਂ ਵਿੱਚ ਖੰਡ ਦੇ ਬਹਾਨੇ ਸੰਖੀਆ; ਜੋ ਪ੍ਰਿਥੀਚੰਦ ਨੇ ਲਿਆ ਦਿੱਤਾ ਸੀ, ਪਾ ਕੇ ਖੁਵਾਉਣ ਲੱਗਾ ਤਾਂ ਸਾਹਿਬਜ਼ਾਦੇ ਨੇ ਚੀਕ ਮਾਰੀ ਤੇ ਗੁਰੂ ਸਾਹਿਬ ਆ ਗਏ। ਜਾਂ ਗੁਰੂ ਜੀ ਆਪਣੇ ਕੁੱਛੜ ਚੁੱਕ ਕੇ ਖੁਆਉਣ ਲੱਗੇ ਤਾਂ ਭੀ ਸਾਹਿਬਜ਼ਾਦੇ ਨੇ ਨਾ ਛਕਿਆ। ਜਾਂ ਗੁਰੂ ਜੀ ਨੇ ਓਹੋ ਦਹੀਂ ਕੁੱਤੇ ਨੂੰ ਪਾਈ, ਤਾਂ ਓਹ ਥੋੜੇ ਜੇਹੇ ਚਿਰ ਵਿੱਚ ਲੋਟ ਪੋਟ ਹੋ ਗਿਆ। ਫੇਰ ਦੂਜੇ ਕੁੱਤੇ ਨੂੰ ਦਹੀਂ ਪਾਈ, ਤਾਂ ਓਹ ਭੀ ਮਰ ਗਿਆ ਜਿਸ ਤੇ ਪੂਰਾ ਸ਼ੱਕ ਹੋ ਗਿਆ। ਏਹ ਕੌਤਕ ਦੇਖ ਕੇ ਭਾਈ ਗੁਰਦਾਸ ਆਦਕ ਸਿੱਖਾਂ ਨੇ ਓਸ ਬਿਪਰ ਨੂੰ ਤਾੜ ਕੇ ਪੁੱਛਯਾ ਤਾਂ ਓਸ ਨੇ ਸਭ ਹਾਲ ਕਹਿ ਸੁਨਾਯਾ, ਜਿਸ ਨੂੰ ਸੁਣ ਕੇ ਸਭ ਲੋਗ ਬੁਰੇ ਦੇ ਕਰਨ ਵਾਲਿਆਂ ਨੂੰ ਧ੍ਰਿਗ ਧ੍ਰਿਗ ਕਹਿਨ ਲਗੇ। ਓਸੇ ਦਿਨ ਤੋਂ ਓਸ ਬਿਪਰ ਨੂੰ ਅਜੇਹਾ ਗ਼ਮ ਦਾ ਸੂਲ ਉੱਠਿਆ, ਜੋ ਤੜਫ ਤੜਫ ਕੇ ਮਰ ਹੀ ਗਿਆ। ਏਸ ਪਰ ਗੁਰੂ ਜੀ ਨੇ ਸ਼ਬਦ ਉਚਾਰਿਆ:

ਭੈਰਉ ਮਹਲਾ ੫ ॥
ਲੇਪੁ ਨ ਲਾਗੋ ਤਿਲ ਕਾ ਮੂਲਿ ॥
ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥
ਪਾਪੀ ਮੂਆ ਗੁਰ ਪਰਤਾਪਿ ॥੧॥ ਰਹਾਉ ॥
ਅਪਣਾ ਖਸਮੁ ਜਨਿ ਆਪਿ ਧਿਆਇਆ ॥
ਇਆਣਾ ਪਾਪੀ ਓਹੁ ਆਪਿ ਪਚਾਇਆ ॥੨॥
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥
ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥੩॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥੯॥

(ਭੈਰਉ, ਮਃ ੫ - ੧੧੩੭)

## (ਪਾਃ ੫ - ੨੧)

## ਪ੍ਰਿਥੀਚੰਦ ਨੇ ਹੇਹਰ ਪਿੰਡ ਤੇ ਤੀਰਥ ਰਚਣਾ

ਜਦ ਅੰਮ੍ਰਿਤਸਰ ਵਿੱਚ ਪ੍ਰਿਥੀਏ ਦੀ ਨਿਰਾਦਰੀ ਹੋਈ ਤੇ ਏਹਨਾਂ ਕੁਕਰਮਾਂ ਤੋਂ ਲੋਗ ਓਸ ਨੂੰ ਕੁਲ ਘਾਤੀ, ਪਾਪੀ, ਨਿੰਦਕ, ਮੀਣਾ, ਬਾਲ ਦ੍ਰੋਹੀ ਦੱਸਣ ਲੱਗੇ ਤੇ ਮਹਾਂ ਦੇਵ ਨੇ ਭੀ ਦਿਲੋਂ ਲਾਹ ਦਿੱਤਾ ਤਾਂ ਪ੍ਰਿਥੀਆ ਸ਼ਰਮਿੰਦਾ ਹੋ ਕੇ ਹੇਹਰ ਪਿੰਡ ਆਪਣੇ ਸਾਹੁਰੇ ਜਾ ਰਿਹਾ। ਏਥੇ ਏਸ ਨੇ ਸੁਲਹੀ ਨਾਲ ਮਿਲ ਕੇ ਬਹੁਤ ਜ਼ਮੀਨ, ਤੇ ਖੂਹ ਅਰ ਮਕਾਨ ਆਪਣੇ ਬਣਾ ਲਏ ਅਤੇ ਅੰਮ੍ਰਿਤਸਰ ਦੀ ਸ਼ਕਲ ਦਾ ਤੀਰਥ ਰਚਨਾ ਅਰੰਭ ਦਿੱਤਾ। ਨਾਲੇ ਚਿਪੇ ਚੋਰ ਵਾਂਙ ਖਿਝ ਕੇ ਹਾਕਮਾਂ ਪਾਸ ਫਿਰਨ ਲਗਾ। ਭਲਾ ਹਾਕਮ ਬਿਨਾਂ ਕਿਸੇ ਕਾਰਨ ਕੀ ਕਰ ਸਕਦੇ ਸੇ? ਗੁਰੂ ਸਾਹਿਬ ਨੇ ਜੋ ਸਦਾ ਕ੍ਰਿਪਾਲੂ ਸੇ। ਪ੍ਰਿਥੀਏ ਨੂੰ ਆਪ ਤੋਂ ਵੱਡਾ ਸਮਝ ਕੇ ਓਸ ਨੂੰ ਨਾਰਾਜ਼ ਨਾ ਕਰਨਾ ਚਾਹਿਆ ਤੇ ਓਸਦੀਆਂ ਸਭ ਬੁਰਾਈਆਂ ਨੂੰ ਮਨੋਂ ਵਿਸਾਰ ਕੇ ਭਾਈ ਗੁਰਦਾਸ ਜੀ ਨੂੰ ਓਸ ਵਲ ਹੇਹਰ ਭੇਜਿਆ ਕਿ ਜਾ ਕੇ ਅੰਮ੍ਰਿਤਸਰ ਲੈ ਆਵੇ। ਭਾਈ ਗੁਰਦਾਸ ਜੀ ਨੇ ਜਾ ਕੇ ਪ੍ਰਿਥੀਏ ਨੂੰ ਬਹੁਤ ਸਮਝਾਯਾ। ਪਰ ਓਸ ਨੇ ਸਗੋਂ ਉਲਟਾ ਭਾਈ ਗੁਰਦਾਸ ਜੀ ਨੂੰ ਕੁਵਾਕ ਬਚਨ ਬੋਲਿਆ, ਜਿਸ ਪਰ ਭਾਈ ਜੀ ਨੇ ਓਸ ਦੇ ਪ੍ਰਥਾਇ ਬਾਣੀ ਰਚੀ, ਜਿਸ ਵਿੱਚ ਮੀਣਿਆਂ ਦੀ ਤੇ ਕ੍ਰਿਤਘਨਾਂ ਦੀ ਨਖੇਧੀ ਹੈ।

ਪ੍ਰਿਥੀਚੰਦ ਜਦ ਫਿਰ ਫਿਰ ਕੇ ਥਕ ਗਿਆ ਤੇ ਕੁਛ ਨਾ ਬਣਿਆਂ। ਤਾਂ ਅੰਮ੍ਰਤਸਰ ਦੀ ਸ਼ਕਲ ਦਾ ਤਲਾਉ ਬਣਵਾ ਕੇ ਓਸ ਦਾ ਨਾਮ ਦੁਖ ਨਿਵਾਰਨ ਧਰਿਆ ਤੇ ਦੇਸ ਪਰਦੇਸ ਵਿੱਚ ਚਿੱਠੀਆਂ ਭੇਜ ਕੇ ਏਹ ਮਸ਼ਹੂਰ ਕੀਤਾ ਕਿ ਗੁਰੂ ਨਾਨਕ ਸਾਹਿਬ ਨੇ ਮੈਨੂੰ ਦਰਸ਼ਨ ਦਿੱਤਾ ਹੈ। ਸੋ ਓਨ੍ਹਾਂ ਦੇ ਹੁਕਮ ਨਾਲ ਏਹ ਤੀਰਥ ਸੱਚਾ ਦੁੱਖ ਨਿਵਾਰਨ ਸਤਜੁਗ ਦੇ ਸਮੇਂ ਦਾ ਪ੍ਰਗਟ ਕੀਤਾ ਹੈ। ਹਜ਼ਾਰ ਜਨਮ ਦੇ ਪਾਪ ਏਥੇ ਇਸ਼ਨਾਨ ਕਰਨ ਨਾਲ ਦੂਰ ਹੁੰਦੇ ਹਨ। ਏਸੇ ਤਰ੍ਹਾਂ ਸੱਚ ਝੂਠ ਬੋਲ ਕੇ ਅਤੇ ਬਨਾਉਟੀ ਮਸੰਦ ਬਣਾ ਕੇ ਯਾ ਮਸੰਦਾਂ ਨੂੰ ਲਾਲਚ ਦੇ ਕੇ ਲੋਗਾਂ ਨੂੰ ਆਪਣੀ ਵੱਲ ਫੇਰਨਾ ਚਾਹਿਆ। ਪਰ:

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥

(ਰਾਮਕਲੀ ਵਾਰ-੧, ਮਃ ੧ - ੯੫੩)

ਕੁਛ ਲੋਕ ਝੁਕ ਕੇ ਹਟਦੇ ਹਟਦੇ ਹਟ ਗਏ। ਜਦ ਕੁਛਕ ਚਿਰ ਪ੍ਰਿਥੀਏ ਵੱਲ ਸੰਗਤ ਝੁਕ ਪਈ ਸੀ ਤਾਂ ਓਥੋਂ ਦਾ ਬ੍ਰਿਤਾਂਤ ਸੁਣ ਕੇ ਗੁਰੂ ਜੀ ਬੋਲੇ, "ਭਾਈ ਸਿੱਖੋ! ਸੱਚੇ ਅਤੇ ਝੂਠੇ ਤੀਰਥ ਦਾ ਨਿਆਉਂ ਆਪੇ ਕਰਤਾਰ ਕਰੇਗਾ।" ਪ੍ਰਿਥੀਚੰਦ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਬਰਾਬਰੀ ਕਰਨੀ ਚਾਹੀ ਹੈ। ਸੋ ਤਾਲ ਵਿੱਚ ਜਲ ਨਾ ਰਹੇਗਾ ਤੇ ਪ੍ਰਿਥੀਚੰਦ ਨੇ ਬਿੱਲੀ ਤਾਂ ਬਣਾ ਲਈ ਹੈ ਪਰ ਮਿਆਉਂ ਕੌਣ ਕਰੇਗਾ? ਆਤਮਕ ਸ਼ਕਤੀ ਕਿੱਥੋਂ ਆਵੇਗੀ?" ਸੋ ਪ੍ਰਿਥੀਏ ਅਨੇਕ ਉਪਾਵ ਕੀਤੇ ਪਰ ਓਸ ਤਲਾਉ ਵਿੱਚ ਜਲ ਨਾ ਠਹਰਿਆ। ਹੁਣ ਤੱਕ ਸੁੱਕਾ ਹੀ ਪਿਆ ਹੈ। (ਪ੍ਰਿਥੀਚੰਦ ਵਾਂਗ ਵਟਾਲੇ ਸ਼ਹਿਰ ਜੋਗੀਆਂ ਦੇ ਚੇਲੇ ਭੰਡਾਰੀ ਖੱਤ੍ਰੀਆਂ ਨੇ ਭੀ ਅੰਮ੍ਰਿਤਸਰ ਦੀ ਰੀਸ ਕੀਤੀ ਤੇ ਏਹੋ ਜਿਹਾ ਤਲਾਉ ਬਣਾਯਾ) ਪਰ ਓਸ ਦਾ ਇੱਕ ਪਾਸਾ ਢੱਠਾ ਹੀ ਰਹਿੰਦਾ ਹੈ ਤੇ ਨਾ ਹੀ ਮੰਨਤ ਪੂਜਾ ਹੁੰਦੀ ਹੈ।

## (ਪਾਃ ੫ - ੨੨)

## ਗੁਰੂ ਅਰਜਨ ਸਾਹਿਬ ਜੀ ਦਾ ਫੇਰ ਲਾਹੌਰ ਜਾਣਾ

ਸੰ: ੧੬੫੬ ਬਿਕ੍ਰਮੀ ਨੂੰ ਪ੍ਰਿਥੀਚੰਦ ਨੇ ਜੋ ਤਾਹਰਬੇਗ ਖਾਂ ਲਾਹੌਰ ਦੇ ਸੂਬੇਦਾਰ ਪਾਸ ਆਪਣੀ ਜਾਇਦਾਦ ਤੇ ਸਿੱਖੀ ਵੰਡਾਉਣ ਵਾਸਤੇ ਅਰਜ਼ੀ ਦਿੱਤੀ ਹੋਈ ਸੀ; ਓਸ ਉੱਤੇ ਨਾਜ਼ਮ ਲਾਹੌਰ ਨੇ ਗ਼ੌਰ ਕਰ ਕੇ ਲਾਹੌਰ ਦੇ ਵੱਡੇ ਵੱਡੇ ਆਦਮੀਆਂ ਨੂੰ ਜੋ ਗੁਰੂ ਜੀ ਦੇ ਸੇਵਕ ਸੇ, ਉਨ੍ਹਾਂ ਨੂੰ ਆਖਿਆ ਕਿ ਤੁਸੀਂ ਗੁਰੂ ਸਾਹਿਬ ਨੂੰ ਲਾਹੌਰ ਬੁਲਾ ਕੇ ਏਹਨਾਂ ਦਾ ਝਗੜਾ ਨਿਬੇੜ ਦਿਓ ਕਿਉਂਕਿ ਗੁਰਾਂ ਪੀਰਾਂ ਦਾ ਝਗੜਾ ਸਾਡੇ ਪਾਸ ਆਉਣਾ ਠੀਕ ਨਹੀਂ। ਗੁਰੂ ਅਰਜਨ ਸਾਹਿਬ ਜੀ ਗੱਦੀ ਬੈਠ ਕੇ ਲਾਹੌਰ ਨਹੀਂ ਗਏ ਸੇ। ਏਸ ਵਾਸਤੇ ਲਾਹੌਰੀ ਸੰਗਤ ਤਾਂ ਅੱਗੇ ਹੀ ਗੁਰਾਂ ਦੇ ਦਰਸ਼ਨ ਨੂੰ ਬਹੁਤ ਚਾਹੁੰਦੀ ਸੀ। ਬੜੇ ਪ੍ਰੇਮ ਤੇ ਸ਼ਰਧਾ ਨਾਲ ਗੁਰੂ ਜੀ ਨੂੰ ਆ ਕੇ ਲਾਹੌਰ ਲੈ ਗਈ। ਜਿੱਥੇ ਡੱਬੀ ਬਾਜ਼ਾਰ ਵਿੱਚ ਗੁਰੂ ਕੀ ਬਾਉਲੀ ਹੁਣ ਹੈ; ਓਸ ਸਮੇਂ ਏਥੇ ਕਰਮਚੰਦ, ਧਰਮਚੰਦ, ਬਹਿਲ ਖਤ੍ਰੀਆਂ ਦੀ ਧਰਮਸਾਲਾ ਸੀ, ਓਥੇ ਗੁਰੂ ਜੀ ਨੂੰ ਉਤਾਰਿਆ ਤੇ ਸਭ ਲੋਕ ਸੇਵਾ ਕਰਨ ਲਗੇ। ਗੁਰੂ ਜੀ ਦਾ ਆਗਮਨ ਸੁਣ ਕੇ ਸਾਰੇ ਸ਼ਹਿਰ ਨੇ ਖ਼ੁਸ਼ੀ ਮਨਾਈ ਤੇ ਨਰ ਨਾਰੀ ਸਭ ਦਰਸ਼ਨ ਨੂੰ ਆਏ ਤੇ ਜਥਾ ਜੋਗ ਭੇਟਾ ਚੜ੍ਹਾਈ। ਪੀਰ ਮੀਆਂ ਮੀਰ, ਸ਼ਾਹ ਹੁਸੈਨ ਆਦਿਕ ਤੁਰਕ ਫ਼ਕੀਰ; ਤੇ ਸ਼ੰਭੂ ਨਾਥ, ਰਾਮਦਾਸ, ਛੱਜੂ, ਪੀਲੋ, ਕਾਨ੍ਹਾ ਆਦਿਕ ਹਿੰਦੂ ਭਗਤ ਸੰਤ ਆਏ। ਦਰਸ਼ਨ ਪਾਏ ਅਤੇ ਉੱਤ੍ਰ ਪ੍ਰਸ਼ਨ ਕਰ ਕੇ ਆਨੰਦ ਹੋਏ। ਹਰ ਵੇਲੇ ਸਤਸੰਗ ਚਰਚਾ ਦਾ ਪਰਚਾ ਰਹਿਣ ਲਗਾ। ਗੁਰੂ ਸਾਹਿਬ ਕਦੇ ਤਾਂ ਆਪਣੇ ਵੱਡਜਾਂ ਦੀ ਧਰਮਸਾਲਾ (ਜਿਥੇ ਹੁਣ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਤੋਂ ਪੂਰਬ ਵਲ ਇੱਕ ਖੂਹ ਬਿਨਾ ਪੌੜੀਆਂ ਤੋਂ ਜਿਸ ਦਾ ਗੁਰੂ ਕੀ ਬਾਉਲੀ ਨਾਮ ਹੈ) ਜਾ ਬੈਠਦੇ ਅਤੇ ਕਦੇ ਕਦੇ ਆਪਣੇ ਦੀਵਾਨ ਖਾਨੇ* (ਜੋ ਜਨਮ ਅਸਥਾਨ ਥੀਂ ਪੱਛਮ ਵਲ ਖ਼ੁਦਾ ਸਿੰਘ ਦੀ ਧਰਮਸਾਲਾ ਦੇ ਪਾਸ ਹੈ) ਜਾ ਬਿਰਾਜਦੇ। ਸਤਸੰਗ ਦਰਸ਼ਨ ਕਰ ਕੇ ਸਤਸੰਗੀ ਪੁਰਸ਼ ਲਾਭ ਲੈਂਦੇ। ਜਦ ਨਾਜ਼ਮ ਦੇ ਹੁਕਮ ਅਨੁਸਾਰ ਭਾਈ ਜਗਤੇ, ਬਹਿਲਮਲ, ਦਾਸਮਲ, ਨਜ਼ਾਮਦੀਨ ਆਦਿਕ ਰਈਸਾਂ ਨੇ ਪ੍ਰਿਥੀਚੰਦ ਨੂੰ ਫ਼ੈਸਲੇ ਵਾਸਤੇ ਬੁਲਾਯਾ ਤਾਂ ਓਹ ਸੁਲਹੀ ਖਾਂ ਦੀ ਸਲਾਹ ਮੰਨ ਕੇ ਨਾ ਆਯਾ। ਏਸੇ ਲਈ ਹਾਕਮ ਨੇ ਓਸ ਦੀ ਅਰਜ਼ੀ ਖਾਰਜ ਕਰ ਛੱਡੀ।

---

*ਦੀਵਾਨ ਖਾਨਾ ਬਹੁਤ ਰੌਣਕ ਤੇ ਸਤਸੰਗ ਵਾਲਾ ਅਸਥਾਨ ਸੀ, ਪਰ ਗ੍ਰਿਹਸਤੀ ਕਲਾਲ ਪੁਜਾਰੀ ਦੇ ਕਬਜ਼ੇ ਆ ਕੇ ਭੈੜੀ ਦਸ਼ਾ ਵਿੱਚ ਰਹਿੰਦਾ ਹੈ। ਇੱਕ ਦਾ ਕੀ ਦੋਸ਼ ਹੈ ਗੁਰਦੁਆਰੇ ਦੇ ਬਹੁਤੇ ਪੁਜਾਰੀਆਂ ਨੇ ਜੱਦੀ ਵਿਰਾਸਤਾਂ ਤੇ ਮੌਰੂਸੀ ਮੰਨ ਰੱਖੀਆਂ ਹਨ। ਧਰਮ ਅਸਥਾਨ ਸਭ ਦੇ ਆਰਾਮ ਜੋਗ ਨਹੀਂ ਰਹੇ। ਪੁਜਾਰੀ ਲੋਗ ਬਿਨਾਂ ਆਪਣੇ ਸਾਕ ਸੰਬੰਧੀ ਮਿਤ੍ਰ ਮੇਲੀ ਤੋਂ ਹੋਰ ਅਭਜਾਗਤ ਸਾਧ ਸਿੱਖ ਨੂੰ ਰੋਟੀ ਕਪੜਾ ਦੇਣਾ ਤਾਂ ਕਿਨਾਰੇ ਰਿਹਾ, ਇੱਕ ਚਟਾਈ ਭੀ ਨਹੀਂ ਦਿੰਦੇ।

## (ਪਾਃ ੫ - ੨੩)

## ਲਾਹੌਰ ਦੀ ਬਾਉਲੀ ਲਗਾਉਣੀ

ਗੁਰੂ ਅਰਜਨ ਸਾਹਿਬ ਜੀ ਦੇ ਲਾਹੌਰ ਜਾਣ ਸਮੇਂ ਇੱਕ ਵੱਡਾ ਅਧਿਭੁਤ ਝਗੜਾ ਹੋ ਰਿਹਾ ਸੀ। ਇੱਕ ਬੁਖਾਰੇ ਦਾ ਪਠਾਣ ਮੁਹਿੰਮ ਉੱਤੇ ਜਾਣ ਲਗਾ। ਛੇਤੀ ਨਾਲ ਇੱਕ ਸੌ ਬਤਾਲੀ ਮੋਹਰਾਂ ਦਾ ਬਟੂਆ; ਜੋ ਓਸ ਨੇ ਕਈ ਬਰਸਾਂ ਵਿੱਚ ਇਕੱਤ੍ਰ ਕੀਤੀਆਂ ਸਨ, {ਛੱਜੂ ਅਤੇ ਪਠਾਣ ਦਾ ਝਗੜਾ} ਛੱਜੂ ਭਗਤ ਪਾਸ ਅਮਾਨਤ ਰੱਖ ਗਿਆ। ਓਦੋਂ ਹੀ ਛੱਜੂ ਨੇ ਆ ਕੇ ਦੁਕਾਨ ਖੋਲ੍ਹੀ ਸੀ। ਅਜੇ ਗੁਮਾਸ਼ਤਾ ਭੀ ਲਿਖਣ ਵਾਲਾ ਕੋਈ ਨਹੀਂ ਆਯਾ ਸੀ। ਛੱਜੂ ਓਸ ਬਟੂਏ ਨੂੰ ਸੰਦੂਕ ਵਿਚ; ਜੋ ਵੱਡਾ ਸਾਰਾ ਤੇ ਅਨੇਕ ਖਾਨਿਆਂ ਵਾਲਾ ਪਿਆ ਸੀ, ਸਿੱਟ ਕੇ ਦਰਯਾ ਉੱਤੇ ਨ੍ਹਾਉਣ ਚਲਾ ਗਿਆ ਤੇ ਲਿਖਣਾ ਭੁੱਲ ਗਿਆ। ਜਾਂ ਕਈ ਮਹੀਨੇ ਪਿੱਛੋਂ ਪਠਾਨ ਨੇ ਆ ਕੇ ਮੋਹਰਾਂ ਮੰਗੀਆਂ ਤਾਂ ਅਮਾਨਤ ਦੀ ਵਹੀ ਵਿੱਚ ਓਸ ਦਾ ਨਾਮ ਨਾ ਹੋਣੇ ਕਰ ਛੱਜੂ ਨੇ ਜਵਾਬ ਦਿੱਤਾ। ਪਠਾਣ ਲੜਨ ਲਗਾ ਤਾਂ ਬਾਜ਼ਾਰ ਦੇ ਲੋਗ ਛੱਜੂ ਦੀ ਨਿੰਦਾ ਕਰਨ ਲੱਗੇ ਤੇ ਆਖਣ ਲਗੇ, "ਭਗਤ ਜਗਤ ਨੂੰ ਠੱਗਣ ਵਾਸਤੇ ਹੀ ਹੁੰਦੇ ਹਨ।" ਓੜਕ ਜਦ ਪਠਾਣ ਨੇ ਤਾਹਰ ਬੇਗ ਖਾਂ ਲਾਹੌਰੀ ਸੂਬੇ ਪਾਸ ਜਾ ਕੇ ਫਰਿਆਦ ਕੀਤੀ ਤਾਂ ਓਸ ਨੇ ਦੋਹਾਂ ਦੇ ਹੱਥ ਕੜਾਹੀ ਵਿੱਚ ਪਾ ਦੇਣ ਦਾ ਹੁਕਮ ਦਿੱਤਾ। ਸਭ ਪੰਚਾਇਤ ਕੱਠੀ ਕਰ ਕੇ ਕੜਾਹੀ ਤੇਲ ਦੀ ਤਾਈ ਗਈ। ਪਠਾਣ ਨੇ ਕਈਆਂ ਪੀਰਾਂ ਫ਼ਕੀਰਾਂ ਦੀਆਂ ਸੁੱਖਣਾਂ ਸੁਖੀਆਂ ਤੇ ਛੱਜੂ ਨੇ ਕੇਵਲ ੧) ਗੁਰੂ ਜੀ ਦਾ ਸੁਖਿਆ। ਜਾਂ ਹੱਥ ਪਾਏ ਤਾਂ ਪਠਾਣ ਦਾ ਹੱਥ ਸੜ ਗਿਆ ਤੇ ਛੱਜੂ ਦਾ ਨਾ ਸੜਿਆ। ਓਸ ਸਮੇਂ ਏਸੇ ਤਰ੍ਹਾਂ ਦੇ ਨਿਆਉਂ ਹੋਯਾ ਕਰਦੇ ਸੇ। ਫੇਰ ਤਾਂ ਸਭ ਲੋਕ ਛੱਜੂ ਦੀ ਉਸਤਤੀ ਕਰਨ ਲਗੇ। ਤਾਂ ਛੱਜੂ ਭਗਤ ਦੁਕਾਨ ਉੱਤੇ ਬੈਠ ਕੇ ਖਾਕ ਦੀਆਂ ਮੁੱਠੀਆਂ ਭਰ ਭਰ ਉਡਾਉਣ ਲਗ ਪਿਆ। ਲੋਗਾਂ ਨੇ ਪੁੱਛਿਆ ਤਾਂ ਓਨ ਆਖਯਾ, "ਏਹ ਲੋਕਾਂ ਦੀ ਨਿੰਦਾ ਤੇ ਉਸਤਤੀ ਦੇ ਸਿਰ ਪਾਉਨਾ ਹਾਂ।" ਜਦ ਦਿਵਾਲੀ ਆਈ, ਛੱਜੂ ਨੇ ਦੁਕਾਨ ਦੀ ਸਫਾਈ ਕੀਤੀ ਤਾਂ ਓਸ ਸਮੇਂ ਸੰਦੂਕ ਵਿੱਚੋਂ ਬਟੂਆ ਭੁੱਲਿਆ ਹੋਯਾ ਨਿੱਕਲ ਆਯਾ। ਛੱਜੂ ਭਗਤ ਆਪਣੀ ਭੁੱਲ ਉੱਤੇ ਬਹੁਤ ਪਛਤਾਇਆ ਅਤੇ ਇੱਕ ਦੁਸ਼ਾਲਾ, ਸੌ ਰੁਪਯਾ ਨਕਦ ਆਪਣੇ ਪਾਸੋਂ ਦੇਣ ਲਈ ਬਟੂਏ ਸਮੇਤ ਮੇਲਾ ਕਰ ਕੇ ਪਠਾਣ ਪਾਸ ਗਿਆ ਤੇ ਅੱਗੇ ਰੱਖ ਕੇ ਮਾਫ਼ੀ ਮੰਗੀ। ਪਠਾਣ ਨੇ ਕੁਛ ਨਾ ਲੀਤਾ। ਨੇਤ੍ਰ ਭਰ ਕੇ ਆਖਿਆ, "ਖ਼ੁਦਾ ਅਤੇ ਸਚ ਧਰਮ ਕੋਈ ਚੀਜ਼ ਨਹੀਂ। ਜੇ ਹੁੰਦਾ ਤਾਂ ਮੇਰਾ ਹੱਥ ਕਜੋਂ ਸੜਦਾ। ਤਾਂ ਤੇ ਹੁਣ ਕਲਜੁਗ ਵਿੱਚ ਝੂਠ ਹੀ ਪੁਗਦਾ ਹੈ।" ਛੱਜੂ ਰੱਖੇ ਨਾਹੀਂ, ਪਠਾਣ ਲਏ ਨਾਹੀਂ। ਓੜਕ ਏਹ ਝਗੜਾ ਨਾਜ਼ਮ ਨੇ ਗੁਰੂ ਅਰਜਨ ਜੀ ਪਾਸ ਭੇਜ ਦਿੱਤਾ। ਪਠਾਣ ਨੇ ਗੁਰੂ ਜੀ ਅੱਗੇ ਸਵਾਲ ਕੀਤਾ, "ਪਰਮੇਸ਼੍ਵਰ ਹੈ ਯਾ ਨਹੀਂ। ਜੇ ਹੈ ਤਾਂ ਨਿਆਇਕਾਰੀ ਹੈ ਜਾਂ ਬੇ ਇਨਸਾਫੀ?" ਗੁਰੂ ਜੀ ਬੋਲੇ, "ਪ੍ਰਮੇਸ਼ਰ ਤਾਂ ਨਿਆਇਕਾਰੀ ਹੈ ਪਰ ਤੈਂ ਉਸ ਉੱਪਰ ਭਰੋਸਾ ਨਹੀਂ ਰੱਖਿਆ। ਪੀਰਾਂ ਫ਼ਕੀਰਾਂ ਦੇ ਪਿੱਛੇ ਲਗ ਪਿਆ ਤੇ ਕਈ ਪੀਰ ਮਨਾਏ। ਪਰ ਛੱਜੂ ਨੇ ਇੱਕ ਰੱਬ ਉੱਤੇ ਹੀ ਭਰੋਸਾ ਰੱਖਿਆ। ਤੇਰਾ ਮਨ ਕਦੇ ਕਿਸੇ ਪੀਰ ਵਲ ਜਾਂਦਾ ਸੀ ਤੇ ਕਦੇ ਕਿਸੇ ਫ਼ਕੀਰ ਵਲ ਜਾਂਦਾ ਸੀ। ਸੋ ਡੋਲਦਾ ਰਹਿਣ ਕਰ ਕੇ ਸੜ ਗਿਆ। ਛੱਜੂ ਦਾ ਮਨ ਇੱਕ ਦੇ ਭਰੋਸੇ ਇਸਥਿਤ ਰਿਹਾ, ਤਾਂ ਹੱਥ ਨਾ ਸੜਿਆ। ਜਿਕੂੰ ਨਾੜੇ ਉੱਤੇ ਚੱਲਣ ਵਾਲੇ ਨਟ ਦਾ ਮਨ ਇਸਥਿਤ ਪੈਰਾਂ ਵਿੱਚ ਰਹੇ ਤਾਂ ਨਹੀਂ ਡਿੱਗਦਾ, ਮਨ ਚੱਲ ਜਾਏ ਤਾਂ ਡਿਗ ਪੈਂਦਾ ਹੈ।" ਏਹ ਉੱਤ੍ਰ ਜੋ ਗੁਰੂ ਜੀ ਨੇ ਦਿੱਤਾ ਏਸ ਨੂੰ ਮੈਸਮਰੇਜ਼ਮ ਵਾਲੇ ਭੀ ਮੰਨਦੇ ਹਨ। ਗੁਰੂ ਜੀ ਦੇ ਬਚਨ ਸੁਣ ਕੇ ਪਠਾਣ ਨੂੰ ਸਿਦਕ ਆਇਆ ਤੇ ਸੱਚੇ ਦਿਲ ਨਾਲ ਸਿੱਖ ਹੋ ਕੇ ਭਗਤੀ ਭਜਨ ਕਰਨ ਲੱਗਾ।

ਛੱਜੂ ਭਗਤ ਤੋਂ ਜਦ ਪਠਾਣ ਨੇ ਰੁਪਯਾ ਤੇ ਮੋਹਰਾਂ ਨਾ ਲਈਆਂ ਤਾਂ ਦੋਹਾਂ ਨੇ ਰੁਪਯਾ ਤੇ ਮੋਹਰਾਂ ਗੁਰੂ ਸਾਹਿਬ ਅੱਗੇ ਰੱਖ ਦਿਤੀਆਂ ਤੇ ਆਖਿਆ, "ਏਸ ਨੂੰ ਤੁਸੀਂ ਕਿਤੇ ਖ਼ਰਚ ਕਰ ਦਿਓ।" ਗੁਰੂ ਜੀ ਨੇ ਓਸੇ ਨਾਲ ਏਹ ਡੱਬੀ ਬਾਜ਼ਾਰ ਵਾਲੀ ਬਾਉਲੀ ਲਗਵਾਈ। ਕਹਿੰਦੇ ਹਨ, ਖਾਨ ਬਹਾਦਰ ਲਾਹੌਰ ਦੇ ਸੂਬੇ ਦੇ ਸਮੇਂ ਇਹ ਬਾਉਲੀ ਮਿੱਟੀ ਨਾਲ ਭਰਾ ਕੇ ਕਾਜ਼ੀਆਂ ਨੇ ਏਥੇ ਆਪਣੇ ਘਰ

ਬਣਾ ਲਏ ਸੇ, ਜੋ ਸੰਮਤ ੧੯੭੮ ਬਿਕ੍ਰਮੀ ਨੂੰ ਮਹਾਰਾਜੇ ਰਣਜੀਤ ਸਿੰਘ ਨੇ ਕਾਜ਼ੀਆਂ ਨੂੰ ਹੋਰ ਜਗ੍ਹਾ ਦੇ ਕੇ ਏਸ ਦੀ ਮਿੱਟੀ ਕਢਵਾਈ। ਤੇ ਏਸ ਦੇ ਚੁਫੇਰੇ ਪੰਜਾਹ ਕੁ ਦੁਕਾਨਾਂ ਲੰਗਰ ਵਾਸਤੇ ਬਣਵਾ ਕੇ ਕਰਤਾਰਪੁਰੀਏ ਸੋਢੀ ਸਾਧੂ ਸਿੰਘ ਨੂੰ ਅਰਦਾਸ ਕਰਾ ਦਿੱਤੀਆਂ। ਹੁਣ ਓਸੇ ਦੀ ਔਲਾਦ ਪਾਸ ਹੈ। ਦੁਕਾਨਾਂ ਦਾ ਭਾੜਾ ਚਾਰ ਹਜ਼ਾਰ ਤੋਂ ਉੱਪਰ ਹਰ ਵਰ੍ਹੇ ਦਾ ਆਉਂਦਾ ਹੈ, ਪਰ ਲੰਗਰ ਕੋਈ ਨਹੀਂ।

ਅੱਠ ਮਹੀਨੇ ਗੁਰੂ ਜੀ ਲਾਹੌਰ ਰਹੇ। ਛੱਜੂ, ਕਾਨ੍ਹਸ਼ਾਹ, ਸੁਲੇਮਾਨ ਭੀਲੇ ਵਾਲੀਆ, ਸ਼ੇਖ ਭਲੀਸ਼ਾਹ ਜੋ ਫੇਰ ਦਾਰਾਸ਼ਕੋਹ ਦਾ ਪੀਰ ਹੋ ਗਿਆ ਸੀ, ਸ਼ਾਹ ਅਨਾਇਤ ਕਾਦਰੀ, ਸ਼ਾਹ ਹੁਸੈਨ ਆਦਿਕ ਅਨੇਕ ਫ਼ਕੀਰ ਤੇ ਗ੍ਰਿਸਤੀ ਸਤਸੰਗੀਆਂ ਦੀ ਭੀੜ ਰਹਿਣ ਲੱਗੀ ਤੇ ਲੰਗਰ ਭੀ ਹਰ ਵੇਲੇ ਜਾਰੀ ਰਹਿੰਦਾ ਸੀ। ਏਸ ਲਈ ਗ਼ਰੀਬ ਲੋਗ ਭੀ ਗੁਰੂ ਜੀ ਦੇ ਦੁਆਰੇ ਬਹੁਤ ਟਿਕੇ ਰਹਿੰਦੇ। ਸੋਭਾ ਸੁਣ ਕੇ ਨਾਜ਼ਮ ਤਾਹਰਬੇਗ ਅਤੇ ਹੁਸੈਨ ਖਾਂ ਲਾਹੌਰ ਦੇ ਹਾਕਮ ਗੁਰੂ ਜੀ ਦੇ ਦਰਸ਼ਨ ਕਰਨ ਆਏ। ਬਾਉਲੀ ਤੇ ਲੰਗਰ ਚਲਦਾ ਵੇਖ ਕੇ ਬਹੁਤ ਖ਼ੁਸ਼ੀ ਹੋਏ। ਏਨ੍ਹਾਂ ਨੇ ਕਈ ਪ੍ਰਕਾਰ ਦੇ ਪ੍ਰਸ਼ਨ ਕੀਤੇ, ਜਿਨ੍ਹਾਂ ਦੇ ਜਵਾਬ ਗੁਰੂ ਜੀ ਨੇ ਸ਼ਬਦਾਂ ਵਿੱਚ ਦਿੱਤੇ, ਜਿਨ੍ਹਾਂ ਵਿੱਚੋਂ ਇੱਕ ਸ਼ਬਦ ਇਹ ਭੀ ਓਥੇ ਹੀ ਕਿਹਾ ਸੀ। ਯਥਾ:

ਤਿਲੰਗ ਮਹਲਾ ੫ ॥
ਮੀਰਾਂ ਦਾਨਾਂ ਦਿਲ ਸੋਚ ॥
ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ ॥੧॥ ਰਹਾਉ ॥
ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ ॥
ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ ॥੧॥
ਦਸ੍ਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ ॥
ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ ॥੨॥੫॥

(ਤਿਲੰਗ, ਮਃ ੫ - ੭੨੪)

ਤਿਸਦਾ ਪ੍ਰਮਾਰਥ: 'ਹੇ ਦਾਨਾ ਅਮੀਰ! ਅਪਣੇ ਮਨ ਵਿੱਚ ਵਿਚਾਰ। ਜੇਕਰ ਤੇਰੀ ਪ੍ਰੀਤ ਓਸ ਰੱਬ ਵਿੱਚ ਮਨ ਤਨ ਕਰ ਕੇ ਲਗ ਜਾਏ ਤਾਂ ਓਹ ਸੱਚਾ ਸਾਹਿਬ ਆਪੇ ਤੇਰੇ ਬੰਧਨ ਕਟੇਗਾ। ਫੇਰ ਤੈਨੂੰ ਚਾਰੋਂ ਤਰਫ ਓਹੋ ਨਜ਼ਰ ਆਵੇਗਾ ਕਯੋਂਕੇ ਫੇਰ ਪਾਕ ਪਰਵਰਦਗਾਰ ਖੁਦ ਖਸਮ ਤੂੰ ਆਪ ਹੀ ਹੋ ਜਾਵੇਂਗਾ। ਤਾਂ ਤੇ ਦਿਲਾਵਰ ਹੋ ਕੇ ਮਨ ਨੂੰ ਰੋਕਣ ਵਿੱਚ ਜ਼ੋਰ ਦੇਹ। ਸੋ ਮਨ ਉਪਾਸ਼ਨਾ ਬਿਨਾ ਰੁਕਦਾ ਨਹੀਂ। ਸਾਹਿਬ ਕਹਿੰਦੇ ਹਨ ਓਸ ਤੇ ਭਰੋਸਾ ਰੱਖੀਏ। ਹੋਰ ਕਲਪਤ ਪੀਰ, ਫ਼ਕੀਰ, ਪੈਗੰਬਰ, ਦੇਵੀ, ਦੇਵਤਾ ਦੀ ਸ਼ਰਨ ਨਹੀਂ ਲੈਣੀ ਚਾਹੀਏ।' ਇਤਜਾਦਕ ਅਨਭਵ ਤੇ ਮਾਰਫਤ (ਗਜਾਨ) ਦੇ ਸ਼ਬਦ ਸੁਣ ਕੇ ਓਹ ਬਹੁਤ ਖ਼ੁਸ਼ੀ ਹੋਏ ਤੇ ਸਲਾਮ ਕਰ ਗਏ।

## (ਪਾ: ੫ - ੨੪)

## ਕਲਜਾਨ ਕਾਰ ਜਾਤ੍ਰਾ

ਲਾਹੌਰ ਤੋਂ ਚੱਲ ਕੇ ਸਭ ਸੰਗਤ ਸਮੇਤ ਗੁਰੂ ਸਾਹਿਬ ਨੇ ਗੁਰੂ ਨਾਨਕ ਜੀ ਦੇ ਜਨਮ ਅਸਥਾਨ ਨਾਨਕਿਆਣੇ ਦੀ ਜਾਤ੍ਰਾ ਕੀਤੀ। ਓਥੋਂ ਚੱਲ ਕੇ ਰਾਵੀ ਕਿਨਾਰੇ ਪੱਛੋਂ ਵੰਨੀ ਮਦਰ ਪਿੰਡ ਜਾ ਉੱਤਰੇ। ਭਾਈ ਗੁੰਦਾਰਾ ਨਾਮ {ਭਾਈ ਗੁੰਦਾਰਾ} ਸੰਤ ਨੇ; ਜੋ ਓਥੇ ਰਿਹਾ ਕਰਦਾ ਸੀ, ਬਹੁਤ ਸੇਵਾ ਕੀਤੀ। ਓਸ ਨੂੰ ਹਜੀਰਾਂ ਦੀ ਬੀਮਾਰੀ* ਵਿੱਚ ਦੁਖੀ ਦੇਖ ਕੇ ਸਿੱਖ ਨੇ ਆਖਿਆ, "ਗੁਰੂ ਜੀ ਅੱਗੇ ਬੇਨਤੀ ਕਰ। ਤੇਰਾ ਰੋਗ ਜਾਂਦਾ ਰਹੇਗਾ।" ਗੁੰਦਾਰਾ ਬੋਲਿਆ, "ਏਸ ਮਿਥਿਆ ਦੇਹ ਮਹਾਂ ਮੈਲੇ ਥੈਲੇ ਵਾਸਤੇ ਗੁਰੂ ਜੀ ਅੱਗੇ ਸ੍ਵਾਲ ਕਰਨਾ ਐਸਾ ਹੈ, ਜੈਸਾ ਸ਼ਹਿਨਸ਼ਾਹ ਪਾਸੋਂ ਕੌਡੀ ਮੰਗਣੀ। ਏਸ ਘਰੋਂ ਤਾਂ ਮੁਕਤਿ ਮੰਗਣੀ ਚਾਹੀਏ।" ਗੁਰੂ ਸਾਹਿਬ ਜੀ ਓਸ ਦੀ ਏਹ ਗਲ ਸੁਣ ਕੇ ਬਹੁਤ ਖ਼ੁਸ਼ੀ ਹੋਏ। ਤਦ ਕ੍ਰਿਪਾ ਦ੍ਰਿਸ਼ਟੀ ਨਾਲ ਜ਼ਖ਼ਮ ਭੀ ਰਾਜ਼ੀ ਹੋ ਗਿਆ।

ਮਦਰ ਪਿੰਡ ਤੋਂ ਚੱਲ ਕੇ ਜੰਬਰ ਪਿੰਡ ਜਾ ਉੱਤਰੇ। ਸੰਗਤ ਨੇ ਬਹੁਤ ਸੇਵਾ ਕੀਤੀ। ਓਥੇ ਧਰਮਸਾਲਾ ਵਿੱਚ ਦੋ ਥੰਮ੍ਹ ਸਨ। ਇੱਕ ਸੰਤੂ ਨਾਮ ਚੋਪੜਾ ਖਤ੍ਰੀ ਬੱਡਾ ਉਜਾਗਰ ਸਾਹੂਕਾਰ ਕੁਸ਼ਟੀ ਹੋ ਰਿਹਾ ਸੀ। ਓਹ ਗੁਰੂ ਜੀ ਅੱਗੇ ਦੀਨ ਹੋਯਾ ਤਾਂ ਮਹਾਰਾਜ ਜੀ ਨੇ ਹੁਕਮ ਦਿਤਾ, "ਲਾਲ ਚੰਦਨ ਸ਼ਹਿਤ ਪਾ ਕੇ ਪੀਆ ਕਰ ਅਤੇ ਦੋ ਵਾਰੀ ਹਰ ਰੋਜ਼ ਏਹਨਾਂ ਥੰਮ੍ਹਾਂ ਦੇ ਗਲ ਮਿਲਿਆ ਕਰ ਤੇ ਸਾਧਾਂ ਸਿੱਖਾਂ ਦੀ ਟਹਿਲ ਕਰ, ਤੇਰਾ ਦੁਖ ਦੂਰ ਹੋਵੇਗਾ।" ਓਸ ਨੇ ਸ਼ਰਧਾ ਸਹਿਤ ਓਸੇ ਤਰ੍ਹਾਂ ਕੀਤਾ। ਦੋ ਇੱਕ ਮਹੀਨੇ ਵਿੱਚ ਰਾਜ਼ੀ ਹੋ ਗਿਆ। ਹੁਣ ਭੀ ਅਨੇਕ ਬੀਮਾਰ ਓਹਨਾਂ ਥੰਮਾਂ ਨੂੰ ਮਿਲ ਕੇ ਰੋਗ ਹਟਾਉਂਦੇ ਹਨ, ਏਸੇ ਲਈ ਓਨ੍ਹਾਂ ਦਾ ਨਾਮ ਦੁਖ ਨਿਵਾਰਣ ਹੈ।

ਜੰਬਰਾਂ ਤੋਂ ਚੱਲ ਕੇ ਚੂਹਣੀਆਂ ਵਾਲੇ ਭਾਈ ਭੂਰੀਏ ਤੇ ਚੌਧਰੀ ਚੂਹੜ ਮਲ ਬਾਦਸ਼ਾਹੀ ਮਾਲਗੁਜ਼ਾਰ ਨੂੰ। ਜੋ ਗੁਰੂ ਜੀ ਦਾ ਪ੍ਰੇਮੀ ਸੇਵਕ ਸੀ, ਦਰਸ਼ਨ ਦਿੰਦੇ ਹੋਏ ਬਹਿੜਵਾਲ ਦੇ ਚੌਧਰੀ ਹੇਮ ਰਾਜ ਦੇ ਘਰ ਜਾ ਠਹਿਰੇ। ਏਥੇ ਭੀ ਖਾਰੇ ਖੂਹ ਮਿੱਠੇ ਕਰਨੇ ਤੇ ਹੋਰ ਅਨੇਕ ਸ਼ਕਤੀਆਂ ਗੁਰੂ ਜੀ ਦੀਆਂ ਲੋਗਾਂ ਨੇ ਦੇਖੀਆਂ, ਜੋ ਹੁਣ ਤੱਕ ਮੰਨੀਆਂ ਜਾਂਦੀਆਂ ਹਨ। ਏਸ ਪ੍ਰਕਾਰ ਅਨੇਕ ਪਿੰਡਾਂ ਦੇ ਲੋਕਾਂ ਨੂੰ ਆਪਣੀ ਬਾਣੀ ਦੀ ਬਰਕਤ ਨਾਲ ਪ੍ਰਮੇਸ਼੍ਵਰ ਦੀ ਭਗਤੀ ਵਿੱਚ ਲਾਉਂਦੇ ਹੋਏ ਸੰਮਤ ੧੬੫੫ ਬਿਕ੍ਰਮੀ ਦੀ ਵਿਸਾਖੀ ਨੂੰ ਮੁੜ ਅੰਮ੍ਰਿਤਸਰ ਆ ਬਿਰਾਜੇ।

*ਲਿਖਿਆ ਹੈ ਕਿ ਗੁਰੂ ਜੀ ਦੇ ਹੁਕਮ ਅਨੁਸਾਰ ਗੁਰੂ ਜੀ ਦੇ ਚਰਨਾਂ ਦਾ ਜੋੜਾ ਓਸ ਨੇ ਆਪਣੇ ਗਲ ਬੰਨ੍ਹ ਲਿਆ, ਜਿਸ ਕਰ ਕੇ ਹਜੀਰਾਂ ਦਾ ਰੋਗ ਜਾਂਦਾ ਰਿਹਾ। ਹੁਣ ਭੀ ਓਹ ਜੋੜਾ ਓਥੇ ਹੈ ਤੇ ਅਨੇਕ ਲੋਕ ਹਜੀਰਾਂ ਵਾਲੇ ਛੁਹਾ ਛੁਹਾ ਕੇ ਰਾਜ਼ੀ ਹੋ ਜਾਂਦੇ ਹਨ।

## (ਪਾਃ ੫ - ੨੫)

## ਸਿੱਖਾਂ ਦਾ ਸਿਦਕ ਤੇ ਜੋਗੀ ਦਾ ਮੇਲ।

ਵਿਸਾਖੀ ਦੇ ਮੇਲੇ ਪਰ ਬਹੁਤ ਸੰਗਤ ਆਈ। ਓਸ ਸਮੇਂ ਇੱਕ {ਮਹੇਸ਼ਾ ਜੋਗੀ} ਮਹੇਸ਼ਨਾਥ ਜੋਗੀ ਗੜ੍ਹਸ਼ਾਂਕਰ ਵਾਲੇ ਨੇ ਦੇਸ ਵਿੱਚ ਢੰਢੋਰਾ ਫੇਰਿਆ ਕਿ ਮੈਨੂੰ ਸ਼ਿਵਜੀ ਨੇ ਦਰਸ਼ਨ ਦੇ ਕੇ ਵਰ ਦਿੱਤਾ ਹੈ ਕਿ ਜੋ ਕੋਈ ਤੇਰਾ ਦਰਸ਼ਨ ਕਰੇਗਾ ਸੋ ਤਨ ਤਜ ਕੇ ਇੱਕ ਬਰਸ ਕੈਲਾਸ ਬਾਸੀ ਹੋਵੇਗਾ। ਖਲਕਤ ਦੀ ਭੇਡ ਚਾਲ ਹੈ, ਓਸੇ ਵੰਨੀ ਵਹੀਰ ਪੈ ਗਿਆ। ਕੋਈ ਪੈਸਾ, ਕੋਈ ਰੁਪਜਾ, ਅੰਨ, ਬਸਤ੍ਰ ਚੜ੍ਹਾਵੇ, ਹਜ਼ਾਰਾਂ ਰੁਪਏ ਆ ਗਏ। ਓਸ ਨੂੰ ਤਾਂ ਸੁਰਗ ਮਿਲ ਗਿਆ। ਲੋਗਾਂ ਜਾਣ ਆਉਣ ਦਾ ਕਲੇਸ਼ ਏਥੇ ਪ੍ਰਤੱਖ ਨਰਕ ਲੱਭਿਆ, ਤਾਂ ਅੱਗੇ ਕਿਉਂ ਨਾ ਲੱਭੂ? ਪਰ ਇੱਕ ਗੁਰੂ ਕਾ ਸਿਦਕੀ ਸਿੱਖ ਖੱਤ੍ਰੀ {ਭਾਈ ਤਿਲਕੁ} ਭਾਈ ਤਿਲਕਾ ਓਸੇ ਗੜ੍ਹਸ਼ਾਂਕਰ ਦੇ ਰਹਿਣ ਵਾਲਾ ਸੀ, ਓਸ ਨੇ ਜੋਗੀ ਦਾ ਦਰਸ਼ਨ ਨਾ ਕੀਤਾ। ਓਸ ਦਾ ਸਿਦਕ ਦੇਖ ਕੇ ਮਹੇਸ਼ ਨਾਥ ਜਦ ਓਸ ਪਾਸ ਗਿਆ ਤਾਂ ਤਿਲਕੇ ਨੇ ਬੂਹਾ ਬੰਦ ਕਰ ਲਿਆ। ਆਖਿਆ, "ਮੈਂ ਮੁਕਤੀ ਛੱਡ ਕੇ; ਜੋ ਸਾਡੇ ਸਤਗੁਰਾਂ ਦੇ ਦਰਸ਼ਨ ਤੋਂ ਸਭ ਨੂੰ ਪ੍ਰਾਪਤ ਹੈ, ਤੇਰਾ ਮੂੰਹ ਦੇਖ ਕੇ ਕੈਲਾਸ ਕਿਉਂ ਜਾਵਾਂ? ਜਿੱਥੇ ਬਿਨਾਂ ਭੂਤਾਂ, ਪ੍ਰੇਤਾਂ, ਸੱਪਾਂ ਅਤੇ ਅੱਕ ਧਤੂਰੇ ਦੇ ਹੋਰ ਕੁਛ ਨਹੀਂ। ਸਾਡੇ ਸਤਗੁਰੂ ਦੇ ਤੀਰਥ ਅੰਮ੍ਰਿਤਸਰ ਦੇ ਉਤੋਂ ਦੀ ਜੇਹੜੇ ਪੰਖੀ ਲੰਘ ਜਾਂਦੇ ਹਨ, ਓਹ ਭੀ ਬੈਕੁੰਠ ਨੂੰ ਜਾਂਦੇ ਹਨ।"

ਇਸ ਪ੍ਰਕਾਰ ਮਹੇਸ਼ ਨਾਥ ਭਾਈ ਤਿਲਕੇ ਦਾ ਨਿਸਚਾ ਦੇਖ ਕੇ ਬਹੁਤ ਖ਼ੁਸ਼ੀ ਹੋਯਾ ਤੇ ਓਸ ਦੇ ਨਾਲ ਗੁਰੂ ਜੀ ਦੇ ਦਰਸ਼ਨ ਕਰਨ ਅੰਮ੍ਰਿਤਸਰ ਆਯਾ। ਭਾਵੇਂ ਓਸ ਨੂੰ ਆਪਣੀ ਵੱਡੀ ਉਮਰ ਹੋਣ ਦਾ ਬਹੁਤ ਹੰਕਾਰ ਸੀ। ਪਰ ਗੁਰੂ ਸਾਹਿਬ ਦੇ ਦਰਸ਼ਨ ਕਰ ਕੇ ਤੇ ਲੰਗਰ ਚਲਦਾ ਕਥਾ ਕੀਰਤਨ ਭਜਨ ਦਾ ਪ੍ਰਵਾਹ ਦੇਖ ਕੇ ਬਹੁਤ ਖ਼ੁਸ਼ੀ ਹੋਯਾ, ਪਰ ਹੰਕਾਰ ਨਾ ਛਡਯਾ। ਤਾਂ ਗੁਰੂ ਸਾਹਿਬ ਜੀ ਨੇ ਏਹ ਸ਼ਬਦ ਉਚਾਰਿਆ:

ਰਾਮਕਲੀ ਮਹਲਾ ੫ ॥
ਤਾਗਾ ਕਰਿ ਕੈ ਲਾਈ ਥਿਗਲੀ ॥
ਲਉ ਨਾੜੀ ਸੂਆ ਹੈ ਅਸਤੀ ॥
ਅੰਭੈ ਕਾ ਕਰਿ ਡੰਡਾ ਧਰਿਆ ॥
ਕਿਆ ਤੂ ਜੋਗੀ ਗਰਬਹਿ ਪਰਿਆ ॥੧॥
ਜਪਿ ਨਾਥੁ ਦਿਨੁ ਰੈਨਾਈ ॥
ਤੇਰੀ ਖਿੰਥਾ ਦੋ ਦਿਹਾਈ ॥੧॥ ਰਹਾਉ ॥
ਗਹਰੀ ਬਿਭੂਤ ਲਾਇ ਬੈਠਾ ਤਾੜੀ ॥
ਮੇਰੀ ਤੇਰੀ ਮੁੰਦ੍ਰਾ ਧਾਰੀ ॥
ਮਾਗਹਿ ਟੂਕਾ ਤ੍ਰਿਪਤਿ ਨ ਪਾਵੈ ॥
ਨਾਥੁ ਛੋਡਿ ਜਾਚਹਿ ਲਾਜ ਨ ਆਵੈ ॥੨॥
ਚਲ ਚਿਤ ਜੋਗੀ ਆਸਣੁ ਤੇਰਾ ॥
ਸਿੰਙੀ ਵਾਜੈ ਨਿਤ ਉਦਾਸੇਰਾ ॥
ਗੁਰ ਗੋਰਖ ਕੀ ਤੈ ਬੂਝ ਨ ਪਾਈ ॥
ਫਿਰਿ ਫਿਰਿ ਜੋਗੀ ਆਵੈ ਜਾਈ ॥੩॥
ਜਿਸ ਨੋ ਹੋਆ ਨਾਥੁ ਕ੍ਰਿਪਾਲਾ ॥
ਰਹਰਾਸਿ ਹਮਾਰੀ ਗੁਰ ਗੋਪਾਲਾ ॥
ਨਾਮੈ ਖਿੰਥਾ ਨਾਮੈ ਬਸਤਰੁ ॥
ਜਨ ਨਾਨਕ ਜੋਗੀ ਹੋਆ ਅਸਥਿਰੁ ॥੪॥
ਇਉ ਜਪਿਆ ਨਾਥੁ ਦਿਨੁ ਰੈਨਾਈ ॥

ਹੁਣਿ ਪਾਇਆ ਗੁਰੁ ਗੋਸਾਈ ॥੧॥ ਰਹਾਉ ਦੂਜਾ ॥੨॥੧੩॥
(ਰਾਮਕਲੀ, ਮਃ ੫ - ੮੯੬)

ਇਤਯਾਦਿ

ਏਹ ਸ਼ਬਦ ਸੁਣ ਕੇ ਤੇ ਗੁਰੂ ਜੀ ਦੀ ਆਤਮਕ ਸ਼ਕਤੀ ਬੇਅੰਤ ਦੇਖ ਕੇ ਮਹੇਸ਼ ਨਾਥ ਨੇ ਗੁਰੂ ਜੀ ਦੇ ਚਰਨ ਫੜ ਲਏ। ਹਠ ਜੋਗ ਕਰਨ ਦਾ ਹੰਕਾਰ ਤੇ ਪਖੰਡ ਛੱਡ ਕੇ ਭਗਤੀ ਜੋਗ ਕਰਨ ਲਗ ਪਿਆ ਅਤੇ ਗ੍ਰਿਸਤੀ ਬਣ ਗਿਆ ਤੇ ਭਾਈ ਤਿਲਕੇ ਦੀ ਸੰਗਤ ਕਰ ਕੇ ਸੰਮਤ ੧੬੯੨ ਨੂੰ ਚੋਲਾ ਛੱਡ ਗਿਆ। (ਪੀਰਾਂ ਨੂੰ ਮੁਰੀਦ ਉਡਾਉਂਦੇ ਹਨ) ਓਸ ਦੀ ਉਲਾਦ ਨੇ ਓਸ ਦੀ ਸਮਾਧ ਪਰ ਅਨੇਕ ਪਖੰਡ ਦਿਖਾ ਕੇ ਸ਼ਿਵਰਾਤ੍ਰੀ ਦਾ ਮੇਲਾ ਲਾਉਣਾ ਆਰੰਭ ਕਰ ਦਿਤਾ, ਜੋ ਹੁਣ ਤੱਕ ਗੜ੍ਹਸ਼ਾਂਕਰ ਪ੍ਰਗਣੇ ਜਲੰਧਰ ਵਿੱਚ ਹੁੰਦਾ ਹੈ। ਉਸ ਦੀ ਉਲਾਦ ਗੜ੍ਹਸ਼ਾਂਕਰ ਨਵੇਂ ਸ਼ਹਿਰ ਸਮੁੰਦਰ ਆਦਿਕ ਪਿੰਡਾਂ ਵਿੱਚ ਹੈ। ਸਿਰ ਉੱਤੇ ਸੇਲ੍ਹੀ ਤਾਂ ਓਹੋ ਗੁਰੂ ਕੀ ਬਖ਼ਸ਼ੀਸ਼ ਰੱਖਦੇ ਹਨ, ਪਰ ਗੁਰੂ ਕੇ ਘਰ ਤੋਂ ਹੁਣ ਬੇਮੁਖ ਹੋ ਕੇ ਆਪੇ ਗੁਰੂ ਕਹਾਉਣ ਲਗ ਪਏ ਹਨ। ਸਿੱਖੀ ਸੇਵਕੀ ਵਿੱਚੋਂ ਮੰਗ ਕੇ ਬੇਦੀਆਂ ਵਾਂਗੂੰ ਗ਼ੁਜ਼ਾਰਾ ਕਰਦੇ ਤੇ ਬਾਵੇ ਕਹਾਉਂਦੇ ਫਿਰਦੇ ਹਨ।

## (ਪਾ: ੫ – ੨੬)

## ਸ੍ਰੀਚੰਦ ਦਾ ਮਿਲਾਪ ਬਾਰਠ ਤੇ ਗੁਰੂ ਕੀ ਰੌੜ

ਸੰ: ੧੬੫੭ ਬਿਕ੍ਰਮੀ ਨੂੰ ਤੀਰਥ ਅੰਮ੍ਰਿਤਸਰ ਦੀ ਮਹਿਮਾ ਸੁਣ ਕੇ ਸ੍ਰੀਚੰਦ ਜੀ ਰਾਮਦਾਸਪੁਰ ਆਏ ਤਾਂ ਗੁਰੂ ਸਾਹਿਬ ਨੇ ਬਹੁਤ ਆਦਰ ਕੀਤਾ। ਪਰ ਓਨ੍ਹਾਂ ਦਾ ਸੇਵਕ {ਭਾਈ ਕਮਲੀਆ} ਭਾਈ ਕਮਲੀਆ ਜੋ ਸਿਰੀ ਚੰਦ ਦਾ ਘੋੜਾ ਸਦਾਉਂਦਾ ਸੀ, (ਜਿਸ ਦੇ ਮੋਢੇ ਉੱਪਰ ਸ੍ਰੀ ਚੰਦ ਜੀ ਚੜ੍ਹ ਕੇ ਜਾਯਾ ਕਰਦੇ ਸੇ) ਓਸ ਗੁਰੂ ਜੀ ਦੇ ਘਰ ਜਾ ਕੇ ਸ੍ਰੀ ਮਾਤਾ ਗੰਗਾ ਜੀ ਪਾਸੋਂ ਕੁਛ ਮਾਯਾ ਖ਼ਰਚ ਵਾਸਤੇ ਮੰਗੀ। ਤੇ ਆਖਯਾ, "ਬਹੁਤ ਛੇਤੀ ਦਿਓ।" ਸ੍ਰੀ ਮਾਤਾ ਜੀ ਬੋਲੇ, "ਭਾਈ! ਤੂੰ ਤਾਂ ਅਹਿਦੀਆ ਵਾਂਗੂੰ ਤੱਦੀ ਕਰਦਾ ਹੈਂ।" ਓਸ ਨੇ ਏਹੋ ਗੱਲ ਸ੍ਰੀਚੰਦ ਜੀ ਪਾਸ ਆ ਦੱਸੀ। ਸ੍ਰੀਚੰਦ ਜੀ ਭੀ ਜਰ ਨਾ ਸਕੇ। ਬਚਨ ਕੀਤਾ, "ਮਾਤਾ ਅਹਿਦੀਏ ਦੀ ਭੁੱਖੀ ਹੈ, ਤਾਂ {ਅਹਿਦੀਆ ਆਉਣ ਵਾਲਾ ਵਚਨ} ਅਹਿਦੀਆ ਆ ਜਾਵੇਗਾ।" ਤਦੋਂ ਨੂੰ ਪ੍ਰਿਥੀਆ ਗੁਰਿਆਈ ਯਾਂ ਪੂਜਾ ਵਿੱਚੋਂ ਹਿੱਸਾ ਲੈਣ ਵਾਸਤੇ ਸੁਲਹੀ ਖਾਂ ਮਨਸਬਦਾਰ ਨੂੰ ਤੇ ਕੋਤਵਾਲ ਬਿਜਲੀ ਖਾਂ ਨੂੰ ਚੜ੍ਹਾ ਲਿਆਯਾ। ਭਾਵੇਂ ਏਹਨਾਂ ਦੇ ਆਉਣ ਤੋਂ ਚਾਰ ਦਿਨ ਪਹਿਲੇ ਹੀ ਸਹਸ੍ਰੇ ਪਿੰਡ* ਦੀ ਪੰਚਾਇਤ ਗੁਰੂ ਸਾਹਿਬ ਨੂੰ ਆਪਣੇ ਪਿੰਡ ਜੋੜ ਮੇਲ ਉੱਤੇ ਲੈ ਗਈ ਸੀ ਤੇ ਹੁਣ ਸ੍ਰੀ ਮਾਤਾ ਗੰਗਾ ਜੀ ਸੁਲਹੀ ਦਾ ਆਵਣਾ ਸੁਣ ਕੇ ਰਥ ਜੁੜਾ ਕੇ ਗੁਰੂ ਜੀ ਪਾਸ ਚਲੀ ਗਈ ਤਾਂ ਭੀ ਏਸੇ ਨੂੰ ਸ੍ਰੀਚੰਦ ਜੀ ਦਾ ਸਰਾਪ ਤੇ ਅਹਿਦੀਏ ਦਾ ਆਵਣਾ ਮੰਨਿਆਂ ਗਿਆ। ਸੁਲਹੀ ਖਾਂ ਨੇ ਜਦ ਗੁਰੂ ਜੀ ਨੂੰ ਨਾ ਦੇਖਿਆ ਤਾਂ ਪੱਟੀ ਵਲ ਦੌਰੇ ਚਲਿਆ ਗਿਆ। ਓਧਰ ਗੁਰੂ ਜੀ ਨੇ ਡੇਹਰੇ ਬਾਬੇ ਨਾਨਕ ਦੇ ਦਰਸ਼ਨ ਜਾ ਕੀਤੇ। ਓਥੋਂ ਅੱਗੇ ਬਹੁਤ ਲੋਗਾਂ ਨੂੰ ਧਰਮ ਦਾ ਉਪਦੇਸ਼ ਤੇ ਸਤਿਨਾਮ ਦਾ ਜਾਪ ਦ੍ਰਿੜਾਉਂਦੇ ਹੋਏ {ਬਾਰਠ ਸ੍ਰੀਚੰਦ ਜੀ ਨੂੰ ਮਿਲੇ} ਬਾਰਠ ਪਿੰਡ; ਜਿੱਥੇ ਸ੍ਰੀਚੰਦ ਜੀ ਰਹਿੰਦੇ ਸੇ, ਜਾ ਉੱਤਰੇ। ਸ੍ਰੀਚੰਦ ਜੀ ਦੇ ਦਰਸ਼ਨ ਕੀਤੇ। ਓਸ ਵੇਲੇ ਸੁਖਮਨੀ ਸਾਹਿਬ ਜੀ ਦੀਆਂ ਸੋਲਾਂ ਅਸ਼ਟਪਦੀਆਂ ਗੁਰੂ ਸਾਹਿਬ ਰਚ ਚੁੱਕੇ ਸੇ। ਸੋ ਸ੍ਰੀਚੰਦ ਜੀ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਆਖਣ ਲੱਗੇ ਕਿ ੮ ਅਸ਼ਟਪਦੀਆਂ ਹੋਰ ਬਣਾਓ। ਕਿਉਂਕਿ ਆਦਮੀ ਨੂੰ ਅੱਠਾਂ ਪਹਿਰਾਂ ਵਿੱਚ ੨੪ ਹਜ਼ਾਰ ੬ ਸੌ ਸ੍ਵਾਸ ਆਉਂਦਾ ਹੈ। ਸੋ, ਜੋ ਕੋਈ ਏਹ ੨੪ ਅਸ਼ਟਪਦੀਆਂ ਪੜ੍ਹੇਗਾ, ਓਸ ਦਾ ਸ੍ਵਾਸ ਸ੍ਵਾਸ ਸਫ਼ਲ ਹੋਵੇਗਾ ਤੇ ਜਮ ਦੀ ਤਾੜਨਾ ਨਾ ਹੋਵੇਗੀ। ਏਹ ਵਰ ਸੁਣ ਕੇ ਗੁਰੂ ਜੀ ਨੇ ਆਖਿਆ, "ਏਹ ਤੁਸੀਂ ਹੀ ਪੂਰੀਆਂ ਕਰੋ।" ਤਾਂ ਸ੍ਰੀਚੰਦ ਜੀ ਨੇ:

ਸਲੋਕੁ ॥
ਆਦਿ ਸਚੁ ਜੁਗਾਦਿ ਸਚੁ ॥
ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥

(ਗਉੜੀ ਸੁਖਮਨੀ, ਮ: ੫ – ੨੮੫)

ਏਹ ਸਲੋਕ ਗੁਰੂ ਨਾਨਕ ਜੀ ਵਾਲਾ ਹੀ ਉਚਾਰ ਕੇ ਬੱਸ ਕਰ ਦਿੱਤੀ। ਬਰਾਬਰੀ ਨਾ ਕਰਨ ਵਾਸਤੇ ਯਾ ਪਛਾਣ ਵਾਸਤੇ ਸਿਰਫ 'ਭਿ' ਸਹਾਰੀ ਦਾ ਫ਼ਰਕ ਰੱਖਿਆ। ਫੇਰ ਗੁਰੂ ਜੀ ਮਹਾਰਾਜ ਨੇ ੮ ਅਸ਼ਟਪਦੀਆਂ ਓਥੇ ਹੀ ਰਚ ਕੇ ਓਹਨਾਂ ਨੂੰ ਸੁਣਾਈਆਂ, ਜਿਸ ਤੋਂ ਸ੍ਰੀਚੰਦ ਜੀ ਬੜੇ ਹੀ ਪ੍ਰਸੰਨ ਹੋਏ ਤੇ {ਸ੍ਰੀਚੰਦ ਜੀ ਵਲੋਂ ਵਰਦਾਨ} ਬਚਨ ਕੀਤਾ, "ਤੁਹਾਡਾ ਬੁਰਾ ਚਿਤਵਨ ਵਾਲਾ ਕੋਈ ਨਾ ਰਹੇਗਾ ਤੇ ਤੁਹਾਡੀ ਬਾਣੀ ਦੁਨੀਆਂ ਵਿੱਚ ਦਿਨ ਬਦਿਨ ਦੂਣਾ ਚੌਣਾ ਮਾਨ ਪਾਏਗੀ ਅਤੇ ਕਲਯਾਨਦਾਇਕ ਹੋਵੇਗੀ।" ਇਸ ਪ੍ਰਕਾਰ ਸ੍ਰੀਚੰਦ ਜੀ ਤੋਂ ਖ਼ੁਸ਼ੀ ਲੈ ਕੇ ਗੁਰੂ ਜੀ ਫੇਰ ਅੰਮ੍ਰਿਤਸਰ ਆ ਬਿਰਾਜੇ।

---

*ਸਹਿਸਰੇ ਪਿੰਡ ਪਾਸ ਜੋ ਰੋੜ ਸਾਹਿਬ ਗੁਰੂ ਕਾ ਬਾਗ਼ ਮਸ਼ਹੂਰ ਹੈ ਹਰ ਮਹੀਨੇ ਓਥੇ ਮੇਲਾ ਭਰਦਾ ਹੈ। ਪਹਿਲੇ ਤਾਂ ਭਾਵੇਂ ਸਚ ਮੁਚ ਰੋੜ ਹੀ ਸੀ ਪਰ ਹੁਣ ਉਦਾਸੀ ਸੰਤਾਂ ਨੇ ਓਥੇ ਸੱਚਾ ਬਾਗ਼ ਤੇ ਤਲਾਉ ਪੱਕਾ ਤੇ ਡੇਰਾ ਬਣਾ ਕੇ ਬਹੁਤ ਰੌਣਕ ਕਰ ਰਖੀ ਹੈ। ਪਲਾਸ ਦਾ ਦਰਖਤ ਜਿਸ ਹੇਠ ਗੁਰੂ ਜੀ ਜਾ ਕੇ ਬੈਠੇ ਸੇ, ਓਥੇ ਹੁਣ ਤੱਕ ਪੂਜੀਦਾ ਹੈ।

## (ਪਾ: ੫ - ੨੭)

## ਵਜ਼ੀਰ ਖਾਂ ਦਾ ਰੋਗ ਹਟਣਾ

ਵਜ਼ੀਰ ਖਾਂ ਨਾਇਬ ਵਜ਼ੀਰ ਅਕਬਰ ਬਾਦਸ਼ਾਹ ਦਾ, ਲਾਹੌਰ ਦੇ ਵੱਸਣ ਵਾਲਾ ਸੀ। ਓਸੇ ਦੀ ਬਨਵਾਈ ਹੋਈ ਮਸੀਤ ਲਾਹੌਰ ਦਿੱਲੀ ਦਰਵਾਜੇ ਦੇ ਅੰਦਰ ਹੈ। ਏਹ ਗੁਰੂ ਰਾਮਦਾਸ ਜੀ ਦੇ ਹੀ ਸਮੇਂ ਤੋਂ ਸਤਸੰਗੀ ਤੇ ਗੁਰੂ ਘਰ ਪਰ ਨਿਸਚਾ ਰੱਖਣ ਵਾਲਾ ਸੀ। ਸੰਮਤ ੧੬੫੬ ਬਿਕ੍ਰਮੀ ਨੂੰ ਏਸ ਨੂੰ ਜਲੋਧਰ ਦਾ ਰੋਗ ਅਜੇਹਾ ਡਾਢਾ ਲੱਗਾ, ਜੋ ਹਜ਼ਾਰਹਾਂ ਰੁਪਏ ਖ਼ਰਚੇ। ਅਨੇਕ ਉਪਾਇ ਕਰ ਹਾਰਿਆ, ਪਰ ਆਰਾਮ ਨਾ ਆਯਾ। ਜਦ ਡਾਢਾ ਹੀ ਲਚਾਰ ਹੋਇਆ ਤਾਂ ਸੰਮਤ ੧੬੫੭ ਬਿਕ੍ਰਮੀ ਨੂੰ ਗੁਰੂ ਜੀ ਦੇ ਦਰਸ਼ਨ ਨੂੰ ਆਇਆ। ਓਸ ਸਮੇਂ ਗੁਰੂ ਸਾਹਿਬ ਦੁਖਭੰਜਨੀ ਬੇਰ ਦੇ ਪਾਸ ਥੜ੍ਹੇ ਸਾਹਿਬ ਉੱਪਰ ਬੈਠ ਕੇ ਅੰਮ੍ਰਿਤਸਰ ਦੀ ਕਾਰ ਕਢਵਾ ਰਹੇ ਸੇ। ਵਜ਼ੀਰ ਖਾਂ ਨੂੰ ਓਸ ਦੇ ਸਾਥੀਆਂ ਨੇ ਪਾਲਕੀ ਵਿੱਚੋਂ ਕੱਢ ਕੇ ਦੁਖਭੰਜਨੀ ਬੇਰ ਹੇਠਾਂ ਲੰਮਾ ਪਾ ਦਿੱਤਾ। ਵਜ਼ੀਰ ਖਾਂ ਨੇ ਦੂਰੋਂ ਹੀ ਨਿੰਮਰ ਹੋ ਕੇ ਹੱਥ ਜੋੜੇ ਤੇ ਅਰਜ਼ ਕੀਤੀ, "ਮਹਾਰਾਜ! ਬਖ਼ਸ਼ੋ।" ਗੁਰੂ ਸਾਹਿਬ ਨੇ ਵਜ਼ੀਰ ਖਾਂ ਦੀ ਦਸ਼ਾ ਵੇਖ ਕੇ ਬਾਬੇ ਬੁੱਢੇ ਨੂੰ; ਜੋ ਹੋਰ ਸਿੱਖਾਂ ਵਾਂਗ ਗਾਰ ਕੱਢ ਰਿਹਾ ਸੀ, ਕਿਹਾ "ਬਾਬਾ ਜੀ! ਵਜ਼ੀਰ ਖਾਂ ਉੱਤੇ ਕ੍ਰਿਪਾ ਕਰੋ।" ਬਾਬਾ ਜੀ ਚੁੱਪ ਕਰ ਰਹੇ। ਫੇਰ ਏਸੇ ਪ੍ਰਕਾਰ ਜਦ ਗੁਰੂ ਜੀ ਤੀਜੀ ਵਾਰ ਬੋਲੇ ਤਾਂ ਬਾਬੇ ਬੁੱਢੇ ਜੀ ਨੇ ਗਾਰੇ ਦੀ ਭਰੀ ਹੋਈ ਟੋਕਰੀ ਜ਼ੋਰ ਨਾਲ ਵਜ਼ੀਰ ਖਾਂ ਦੇ ਢਿੱਡ ਉੱਤੇ ਮਾਰੀ। ਓਹ (ਕੁੱਬੇ ਦੇ ਲੱਤ) ਐਸੀ ਕਾਰ ਆਈ, ਜੋ ਦੋਵੇਂ ਕਲਾ ਛੁੱਟ ਗਈਆਂ ਤੇ ਸਭ ਮਾਂਦਗੀ, ਬੱਦ ਬਲਾ ਨਿੱਕਲ ਗਈ ਤੇ ਢਿੱਡ ਸਾਫ਼ ਹੋ ਗਿਆ। ਪਿੱਛੋਂ ਗੁਰੂ ਜੀ ਨੇ ਕ੍ਰਿਪਾ ਕਰ ਕੇ ਆਪਣੇ ਹਥੋਂ ਕੜਾਹ ਪ੍ਰਸ਼ਾਦ ਗ਼ਰਮ ਗ਼ਰਮ ਓਸ ਨੂੰ ਛਕਾਯਾ। ਉਸ ਨੇ ਨਿਰੋਆ ਹੋ ਕੇ ਗੁਰੂ ਸਾਹਿਬ ਜੀ ਦੀ ਬਹੁਤ ਟਹਿਲ ਕੀਤੀ ਅਤੇ ਮਨੋਂ ਤਨੋਂ ਸੇਵਕ ਬਣਿਆ ਰਿਹਾ ਅਤੇ ਗੁਰੂ ਜੀ ਤੋਂ ਮੰਗ ਕੇ ਇੱਕ ਭਾਗੂ ਨਾਮ ਸੁਖਮਨੀ ਪੜ੍ਹਨ ਵਾਲੇ ਸਿੱਖ ਨੂੰ ਆਪਣੇ ਨਾਲ ਲੈ ਗਿਆ। ਜਿਸ ਤੋਂ ਫੇਰ ਉਹ ਹਮੇਸ਼ ਸੁਖਮਨੀ ਸੁਣਦਾ ਤੇ ਸਵਾ ਰੁਪਏ ਦਾ ਕੜਾਹ ਪ੍ਰਸ਼ਾਦ ਹਰ ਰੋਜ਼ ਕਰਾ ਕੇ ਨਿੱਤ ਛਕਦਾ ਛਕਾਉਂਦਾ ਰਿਹਾ।

## (ਪਾਃ ੫ - ੨੮)

## ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ

ਗੁਰੂ ਅਰਜਨ ਸਾਹਿਬ ਜੀ ਨੇ ਵਿਚਾਰ ਕੀਤਾ ਕਿ ਦ੍ਰਿੜ੍ਹ ਜੜ੍ਹ ਪੇਡ ਦੇ ਆਸਰੇ ਬ੍ਰਿਛ ਦੇ ਅਧਿਕ ਫੈਲਣ ਵਾਂਙ, ਮਜ਼ਹਬ ਕੌਮ, ਧਰਮ ਪੁਸਤਕ ਦੇ ਆਸਰੇ ਫੈਲਦਾ ਹੈ। ਤਾਂ ਹੀ ਪ੍ਰਤੇਕ ਮਜ਼੍ਹਬ ਦੇ ਅਚਾਰਯ ਨੇ ਇੱਕ ਇੱਕ ਧਰਮ ਪੁਸਤਕ ਪ੍ਰਮੇਸ਼ਰ ਵੱਲੋਂ ਥਾਪ ਕੇ, ਪ੍ਰਗਟ ਕਰ, ਆਪਣੀ ਸੰਪ੍ਰਦਾਇ ਨੂੰ ਓਸੇ ਦੇ ਹੁਕਮ ਅਨੁਸਾਰ ਪ੍ਰਵਿਰਤ ਕੀਤਾ ਹੈ ਅਤੇ ਲੋਗ ਭੀ ਉਸ ਨੂੰ ਈਸ਼੍ਵਰ ਦਾ ਹੁਕਮ ਸਮਝ ਕੇ ਪੂਜਦੇ ਹਨ। ਕਯੋਂਕਿ ਈਸ਼੍ਵਰ ਦਾ ਹੁਕਮ[*] ਸਭ ਨੂੰ ਜ਼ਰੂਰ ਮੰਨਣਾ ਪੈਂਦਾ ਹੈ। ਦੇਖੋ ਬ੍ਰਹਮਾ ਨੇ ਹਿੰਦੂਆਂ ਲਈ ਵੇਦ, ਮੂਸਾ ਨੇ ਤੌਰੇਤ, ਈਸਾ ਨੇ ਅੰਜੀਲ, ਦਾਊਦ ਨੇ ਜ਼ੰਬੂਰ, ਮੁਹੰਮਦ ਨੇ ਕੁਰਾਨ ਪ੍ਰਗਟ ਕਰਿਆ ਹੈ। ਓਸੇ ਤਰ੍ਹਾਂ ਸਿੱਖ ਕੌਮ ਦੀ ਸਦਾ ਇਸਥਿਤੀ ਵਾਸਤੇ ਜੋ ਗੁਰੂ ਸਾਹਿਬਾਂ ਨੂੰ ਈਸ਼੍ਵਰ ਵੱਲੋਂ ਹੁਕਮ ਆਏ ਹੋਏ ਹਨ ਓਹ ਈਸ਼੍ਵਰੀ ਬਾਣੀ ਸੰਗ੍ਰਹ ਕਰ ਕੇ ਇੱਕ ਧਰਮ ਪੁਸਤਕ ਗ੍ਰੰਥ ਸਾਹਿਬ ਨਾਮ ਕਰੀਏ। ਏਹ ਵੀਚਾਰ ਕੇ ਗੁਰੂ ਸਾਹਿਬ ਨੇ ਸਭ ਦੇਸ ਦੇਸ਼ਾਂਤ੍ਰਾਂ ਦੇ ਸਿੱਖਾਂ ਨੂੰ ਹੁਕਮਨਾਮੇ ਲਿਖੇ ਕਿ ਜਿਸ ਕਿਸੇ ਪਾਸ ਕੋਈ ਗੁਰੂ ਕਾ ਸ਼ਬਦ ਹੈ ਸੋ ਸਭ ਲੈ ਆਵੇ। ਏਹ ਹੁਕਮ ਸੁਣ ਕੇ ਜੋ ਗੁਰ ਨਾਨਕ ਜੀ ਦੇ ਸਮੇਂ ਦੇ ਸ਼ਬਦ ਸਿੱਖਾਂ ਨੇ ਕੰਠ ਕਰ ਰੱਖੇ ਸੇ ਯਾ ਲਿਖ ਰੱਖੇ ਸੇ[+], ਓਹ ਸਭ ਲੈ ਆਏ ਤੇ ਗੁਰੂ ਜੀ ਪਾਸ ਲਿਖਾ ਦਿੱਤੇ। ਏਸੇ ਪ੍ਰਕਾਰ ਬਹੁਤ ਬਾਣੀ ਗੁਰੂ ਜੀ ਦੀ ਕੱਠੀ ਹੋ ਗਈ। ਬਾਕੀ ਕੁਛ ਥੋੜ੍ਹੀ ਜੇਹੀ ਬਾਣੀ ਦੀਆਂ ਦੋ ਪੋਥੀਆਂ[*] ਮੋਹਣ ਜੀ ਪਾਸ ਗੋਇੰਦਵਾਲ ਸਨ, ਓਹ ਗੁਰੂ ਜੀ ਆਪ ਜਾ ਕੇ ਲੈ ਆਏ। ਇੱਕ ਪੋਥੀ ਪ੍ਰਾਣ ਸੰਗਲੀ ਦੀ; ਜੋ ਗੁਰੂ ਨਾਨਕ ਸਾਹਿਬ ਸੰਗਲਾਦੀਪ ਵਿੱਚ ਰਾਜਾ ਸ਼ਿਵਨਾਭ ਦੇ ਘਰ ਰੱਖ ਆਏ ਸੇ, ਭਾਈ ਜੇਠਾ ਪੈੜੇ ਨੂੰ ਭੇਜ ਕੇ ਓਥੋਂ ਮੰਗਵਾ ਲਈ। ਓਸ ਦੀ ਕਥਾ ਭਾਈ ਬੰਨੋਂ ਵਾਲੇ ਗ੍ਰੰਥ ਸਾਹਿਬ ਵਿੱਚ ਲਿਖੀ ਹੈ। ਜਦ ਏਸ ਤਰ੍ਹਾਂ ਕਈ ਬਰਸ ਵਿੱਚ ਚੌਹਾਂ ਗੁਰੂਆਂ ਦੀ ਤੇ ਆਪਣੀ

---

[*]ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ (ਤਿਲੰਗ, ਮਃ ੧ - ੭੨੨)
ਬੇਸੁਮਾਰ ਅਥਾਹ ਅਗਨਤ ਅਤੋਲੈ ॥ ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥ (ਗਉੜੀ ਸੁਖਮਨੀ, ਮਃ ੫ - ੨੯੨)
ਇਤਯਾਦਿਕ ਬਚਨਾਂ ਥੀਂ ਪਰਮੇਸ਼੍ਰੀ ਬਾਣੀ ਦਾ ਪ੍ਰਾਪਤ ਹੋਣਾ ਸਿੱਧ ਹੈ॥

[+]ਜੈਸੇ ਕਿ ਭਾਈ ਬਖਤਾ ਅਰੋੜਾ ਗੁਰੂ ਕਾ ਸਿੱਖ ਜਲਾਲਪੁਰੀਆ, ਪ੍ਰਗਣੇ ਹਸਨ ਅਬਦਾਲ ਵਾਲਾ ਇੱਕ ਬਡਾ ਸਾਰਾ ਪੁਸਤਕ ਜੋ ਉਸ ਨੇ ਆਦ ਗੁਰੂ ਥੀਂ ਲੈ ਕੇ ਚੌਹਾਂ ਗੁਰੂਆਂ ਪਾਸ ਰਹਿ ਕੇ ਲਿਖਿਆ ਸੀ, ਸੋ ਹੁਣ ਪੰਜਵੇਂ ਗੁਰੂ ਜੀ ਪਾਸ ਲੈ ਆਯਾ। ਓਸ ਵਿੱਚੋਂ ਜੋ ਬਾਣੀ ਗੁਰੂ ਜੀ ਦੀ ਇਛਯਾ ਹੋਈ ਓਹ ਲਿਖ ਲਈ ਤੇ ਪੁਸਤਕ ਓਸ ਨੂੰ ਮੋੜ ਦਿੱਤਾ। ਹੁਣ ਓਹ ਪੁਸਤਕ ਓਸ ਦੀ ਔਲਾਦ ਵਿੱਚ ਬੂਟਾ ਸਿੰਘ ਪਸਾਰੀ ਪਾਸ ਰਾਵਲਪਿੰਡੀ ਹੈ। ਅਸਾਂ ਓਸ ਨੂੰ ਦੇਖਿਆ ਹੈ ਓਸ ਦੇ ਅਖਰ ਹੋਰ ਪ੍ਰਕਾਰ ਦੇ ਹੋਣ ਕਰ ਪੜ੍ਹ ਨਹੀਂ ਸਕੇ। ਪਰ ਬੀੜ ਨੂੰ ਇੱਕ ਆਦਮੀ ਮਸਾਂ ਚੁੱਕ ਸਕਦਾ ਹੈ। ਬਾਣੀ ਐਤਨੀ ਹੈ ਜਾਣੋ ਏਸ ਗੁਰੂ ਗ੍ਰੰਥ ਸਾਹਿਬ ਜੀ ਦਾ ਖ਼ਜ਼ਾਨਾ ਹੈ। ਦਸਖਤ ਉਸ ਉੱਪਰ ਦਸਾਂ ਹੀ ਗੁਰੂਆਂ ਦੇ ਹਨ ਕਯੋਂਕਿ ਬਖਤੇ ਦੇ ਪੁੱਤ੍ਰ ਤੇ ਪੋਤ੍ਰੇ ਗੁਰੂਆਂ ਦੇ ਦਸਖਤ ਕਰਵਾ ਲਿਆਉਂਦੇ ਰਹੇ ਸੇ।

[*]ਏਹ ਦੋਵੇਂ ਪੋਥੀਆਂ ਅਸਾਂ ਦੇਖੀਆਂ ਹਨ ਇੱਕ ਤਾਂ ਅੰਮ੍ਰਿਤਸਰ ਮਹਾਂ ਸਿੰਘ ਦੇ ਕਟੜੇ ਇੱਕ ਮਾਈ ਪਾਸ ਹੈ ਤੇ ਦੂਜੀ ਗੋਇੰਦਵਾਲ ਬਾਵੇ ਬੁੱਧ ਸਿੰਘ ਤੇ ਚੇਤ ਸਿੰਘ ਪਾਸ ਹੈ। ਓਹ ਸੰਮਤ ੧੯੫੨ ਬਿਕ੍ਰਮੀ ਪਟਿਆਲੇ ਵਿਖੇ ਪੂਜਾ ਵਾਸਤੇ ਲਿਆਏ ਸੇ, ਤਾਂ ਦੇਖੀ ਹੈ। ਏਨਾਂ ਪੋਥੀਆਂ ਦੇ ਅੱਖਰ ਚੰਗੀ ਤਰ੍ਹਾਂ ਨਹੀਂ ਪੜ੍ਹੇ ਜਾਂਦੇ, ਮੁਹਾਵਰੇ ਤੇ ਸ਼ਬਦ ਦੇ ਯਾਦ ਹੋਣੇ ਕਰ ਪੜ੍ਹ ਲਈਦੇ ਹਨ। ਓਨ੍ਹਾਂ ਵਿੱਚੋਂ ਬਹੁਤ ਸਾਰੀ ਲਿਖਤ ਸਾਡੇ ਪਾਸ ਹੈ। ਪਰ ਏਥੇ ਨਮੂਨੇ ਮਾਤ੍ਰ ਦਿਖਾਉਦੇ ਹਾਂ। ਇੱਕ ਪੋਥੀ ਵਿੱਚ ਰਾਮਕਲੀ, ਸੋਰਠ, ਸਾਰੰਗ, ਮਲਾਰ; ਤੇ ਦੂਜੀ ਵਿੱਚ ਸ੍ਰੀਰਾਗ, ਆਸਾ, ਗੌੜੀ, ਵਡਹੰਸ, ਕਾਨੜਾ; ਏਨਾਂ ਹੀ ੯ ਰਾਗਾਂ ਦੇ ਸ਼ਬਦ ਹਨ। ਪਾਠ ਏਥੋਂ ਚਲਦਾ ਹੈ, ਯਥਾ: 'ਬਾਬਾ ਨਾਨਕ ਬੇਦੀ ਪਾਤਸ਼ਾਹ ਦੀਨ ਦੁਨੀ ਦਾ ਟਿਕਾ ੧ਓ ਸਤਗੁਰ ਪ੍ਰਸਾਦ ਸਚ ਨਾਮ ਕਰਤਾਰ ਨਿਰਭਉ ਨਿਰੀਕਾਰ ਅਕਾਲ ਮੂਰਤ ਅਜੂਨੀ ਸੰਭਉ ਗੁਰੂ ਪੂਰੇ ਕੇ ਪਰਸਾਦ ॥' ਏਹ ਪਾਠ ਤੇ ਮਹਿਲ ਪਹਿਲਾ, ਮਹਲਾ ਤੀਜਾ, ਮਹਲਾ ਚੌਥਾ; ਏਵੇਂ ਜਜੋਂ ਅੱਖਰਾਂ ਵਿੱਚ ਲਿਖਿਆ ਹੋਯਾ ਪ੍ਰਤੇਕ ਸ਼ਬਦ ਬਾਣੀ ਦੇ ਆਦਿ ਵਿੱਚ ਹੈ। ਤੇ ਸ਼ਬਦ ਭੀ ਇਸ ਪ੍ਰਕਾਰ ਹਨ ਯਥਾ ਰਾਮਕਲੀ ਮਹਿਲ ਪਹਿਲਾ ੧ 'ਕੋਈ ਪੜ੍ਹਤਾ ਸਹਿਸਾ ਕਿਰਤਾ ਕੋਈ ਪੜ੍ਹੇ ਪੁਰਾਣਾ ॥' ੨੨ ਪਤ੍ਰੇ ਤੱਕ ਏਹ ਸ਼ਬਦ ਹਨ। ਅੱਗੇ ੩੫ ਤੱਕ ਤੀਸਰੇ ਗੁਰੂ ਜੀ ਦੇ ਸ਼ਬਦ ਹਨ। ਮਹਲਾ ਪਹਲਾ ਓਅੰਕਾਰ ਦੱਖਣੀ ੫੪ ਪੌੜੀਆਂ ਤੇ ਸਿੱਧ ਗੋਸ਼ਟ ੨੮ ਪੌੜੀਆਂ ੭੭ ਪੰਨੇ ਤਕ, ਅੱਗੇ ਅਨੰਦ ੧੩ ਪੌੜੀਆਂ ੯੪ ਪਤ੍ਰੇ ਤੱਕ ਹੈ। ਅੱਗੇ ਰਾਮਕਲੀ ਕਬੀਰ 'ਅੰਤਰ ਮੈਲ ਜੋ ਤੀਰਥ ਨਾਵੈ' ਤ੍ਰਿਲੋਚਨ ਰਾਜਾ ਰਾਵਣ ਸੁਣੋ ਬੇਨਤੀ ਕਹੇ ਮੰਦੋਦਰਿ ਰਾਣੀ\ ਕਮੀਰੇ ਦਾ ਧੰਨਾਂ ਕਰਤ ਕਰਨ ਕਰ ਥਾਕੇ ਜਨਮ ਗਇਆ ਤਨ ਛੀਨ ॥ ਨਾਮੇ ਦਾ 'ਆਨੀਲੇ ਗੁਡੀਆ' ਦੂਜਾ ਸ਼ਬਦ ਨਾਮੇ ਦਾ 'ਬੇਦ ਪੁਰਾਨ ਪੜੇ ਕਿਆ ਹੋਈ ॥ ਕਮੀਰੇ; ਨਾਮੇ ਦੀ 'ਪਾੜ ਪੜੋਸਣ ਪੂਛਲੇ ਨਾਮਾ ॥' ਸੋਰਠਿ ਰਵਿਦਾਸ 'ਜਿਉ ਹਮ ਬਾਧੇ ਮੋਹਿ ਫਾਸ ਪਰੇਮ ਬੰਧਨ ਤੁਮ ਬਾਧੋ ॥' ਏਸੇ ਪ੍ਰਕਾਰ ਗੁਰੂਆਂ ਤੇ ਭਗਤੀ ਦੇ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਨਾਲੋਂ ਬਹੁਤ ਵਿਲੱਖਣ ਪਾਠ ਵਾਲੇ ਹਨ। ਟੁੱਟੇ ਫੁਟੇ ਸ਼ਬਦਾਂ ਦੀ ਬਾਣੀ ਏਨਾਂ ਪੋਥੀਆਂ ਵਿੱਚ ਬਹੁਤ ਥੋੜ੍ਹੀ ਹੈ ਤੇ ਬਾਈ ਵਾਰਾਂ ਵਿੱਚੋਂ ਕੋਈ ਭੀ ਵਾਰ ਨਹੀਂ।

ਬਾਣੀ ਸਿਲਸਿਲੇ ਵਾਰ ਕਾਇਮ ਕਰ ਲਈ ਤਾਂ ਅੰਮ੍ਰਿਤਸਰ ਤੀਰਥ ਤੋਂ ਪੂਰਬ ਵੱਲ ਮੀਲ ਭਰ ਰਮਣੀਕ ਜੰਗਲ ਸੁੰਦਰ ਬਨ ਬੇਰੀਆਂ ਦਾ ਵੇਖ ਕੇ (ਜਿਥੇ ਬੈਠ ਕੇ ਸੁਖਮਨੀ ਰਚੀ ਸੀ) ਇੱਕ ਛੱਪੜ ਦੇ ਕੰਢੇ (ਜਿਸ ਦਾ ਨਾਮ ਹੁਣ ਰਾਮਸਰ ਹੈ) ਤੰਬੂ ਕਨਾਤ ਲਗਵਾ ਕੇ ਆਪ ਤਾਂ ਗੁਰੂ ਜੀ ਕਨਾਤ ਅੰਦਰ ਬੈਠ ਕੇ ਸ਼ਬਦ ਉਚਾਰਦੇ ਰਹੇ ਤੇ ਬਾਹਰ ਭਾਈ ਗੁਰਦਾਸ ਜੀ ਬੈਠੇ ਲਿਖਦੇ ਰਹੇ। ਹੋਰ ਪ੍ਰੇਮੀ ਸਿੱਖ ਭੀ ਬਾਹਰ ਬੈਠੇ ਸੁਣਦੇ ਰਹਿੰਦੇ। ਨਿਤ ਨੇਮ ਅੰਮ੍ਰਿਤ ਵੇਲੇ ਤੋਂ ਡੇਢ ਪਹਿਰ ਤੱਕ ਲਿਖਵਾਉਂਦੇ। ਫੇਰ ਲੰਗਰ ਵਰਤਦਾ ਤੇ ਪਿਛਲੇ ਪਹਿਰ ਦੀਵਾਨ ਲੱਗਦਾ। ਕਥਾ ਕੀਰਤਨ ਤੇ ਸਿੱਖਾਂ ਨੂੰ ਉਪਦੇਸ਼ ਹੁੰਦਾ ਰਹਿੰਦਾ। ਬਾਣੀ ਹਰੇਕ ਰਾਗ ਵਿੱਚ ਪਹਿਲੇ ਗੁਰੂ ਨਾਨਕ ਜੀ ਦੀ ਲਿਖਦੇ। ਫੇਰ ਦੂਜੇ, ਤੀਜੇ, ਚੌਥੇ ਗੁਰੂ ਜੀ ਦੀ ਲਿਖਾ ਕੇ ਪਿੱਛੋਂ ਆਪਣੀ ਲਿਖਾਉਂਦੇ ਰਹੇ। ਨਾਨਕ ਨਾਮ ਤਾਂ ਸਭਨਾਂ ਗੁਰੂਆਂ ਦੀ ਬਾਣੀ ਵਿੱਚ ਹੈ। ਪਰ ਮਹਲਾ ੧, ਮਹਲਾ ੨, ਮਹਲਾ ੩, ਮਹਲਾ ੪, ਮਹਲਾ ੫, ਏਹ ਭੇਦ ਗੁਰੂਆਂ ਦੀ ਬਾਣੀ ਪਛਾਨਣ ਵਾਸਤੇ ਰੱਖਿਆ ਹੈ। ਪ੍ਰਤੇਕ ਰਾਗ ਦੇ ਅੰਤ ਵਿੱਚ ਜੋ ਭਗਤਾਂ ਦੀ ਬਾਣੀ ਗੁਰੂ ਜੀ ਲਿਖਾਉਂਦੇ ਰਹੇ। ਏਸ ਵਿੱਚ ਦੋ ਮਤ ਹਨ। ਕੋਈ ਆਖਦੇ ਹਨ ਭਗਤ ਆਪ ਬੈਕੁੰਠ ਵਿੱਚੋਂ ਆ ਕੇ ਲਿਖਾਉਂਦੇ ਸੇ ਤੇ ਓਹਨਾਂ ਦਾ ਦਰਸ਼ਨ ਭੀ ਭਾਈ ਗੁਰਦਾਸ ਜੀ ਨੂੰ ਓਸ ਦੇ ਸੰਸੇ ਦੂਰ ਕਰਨ ਵਾਸਤੇ ਕਰਾਯਾ ਗਿਆ ਸੀ। ਕਈ ਆਖਦੇ ਹਨ ਕਿ ਭਗਤਾਂ ਦੀ ਬਾਣੀ ਜੇਹੜੀ ਜੇਹੜੀ ਗੁਰੂ ਜੀ ਨੂੰ ਪਸੰਦ ਆਈ, ਓਹਨਾਂ ਦੀਆਂ ਪੋਥੀਆਂ ਉਤੋਂ ਲਿਖਾਈ ਹੈ। ਸੋ ਏਹ ਬਾਤ ਓਨ੍ਹਾਂ ਪੋਥੀਆਂ ਤੋਂ ਭੀ ਸਾਬਤ ਹੈ ਜੋ ਗੁਰੂ ਜੀ ਮੋਹਣ ਪਾਸੋਂ ਲਿਆਏ ਸੇ। ਕਿਉਂਕਿ ਓਨ੍ਹਾਂ ਵਿੱਚ ਭੀ ਭਗਤ ਬਾਣੀ ਹੈ।

ਸਾਰੀ ਬਾਣੀ ਲਿਖਾ ਕੇ ਗੁਰੂ ਜੀ ਨੇ ਅੰਤ ਨੂੰ ਮੁੰਦਾਵਣੀ ਉੱਤੇ ਭੋਗ ਪਾ ਦਿੱਤਾ, ਕਿਉਂਕਿ ਮੁੰਦਾਵਣੀ ਨਾਮ ਮੁੰਦ ਦੇਣ ਦਾ ਹੈ। ਜਿਸ ਤਰ੍ਹਾਂ ਚਿੱਠੀ ਲਿਖ ਕੇ ਅੰਤ ਵਿੱਚ ਮੋਹਰੇ ਲਾ ਕੇ ਮੁੰਦ ਦੇਈਦਾ ਹੈ ਕਿ ਏਦੂੰ ਅੱਗੇ ਹੋਰ ਕੁਛ ਨਹੀਂ। ਜੇਹੜੇ ਸ਼ਬਦ ਤੇ ਸਲੋਕ ਨੌਮੇ ਗੁਰੂ ਜੀ ਦੇ ਚੜ੍ਹੇ ਹਨ, ਏਨ੍ਹਾਂ ਵਾਸਤੇ ਗੁਰੂ ਅਰਜਨ ਨੇ ਕੋਰੇ ਪੱਤਰੇ ਛੱਡ ਕੇ ਬਚਨ ਕੀਤਾ ਸੀ ਕਿ ਸਾਡਾ ਪੋਤ੍ਰਾ ਧਰਮ ਹੇਤ ਸਿਰ ਦੇਵੇਗਾ ਤਾਂ ਉਸ ਦੀ ਬਾਣੀ ਏਥੇ ਲਿਖੀ ਜਾਵੇਗੀ। ਓਸੇ ਹੁਕਮ ਅਨੁਸਾਰ ਦਸਵੀਂ ਪਾਤਸ਼ਾਹੀ ਨੇ ਨੌਵੇਂ ਗੁਰੂ ਜੀ ਦੀ ਬਾਣੀ ਚੜ੍ਹਾਈ। ਏਸ ਗੁਰੂ ਗ੍ਰੰਥ ਸਾਹਿਬ ਵਿੱਚ:

ਗੁਰੂ ਨਾਨਕ (੧), ਗੁਰੂ ਅੰਗਦ (੨),
ਗੁਰੂ ਅਮਰਦਾਸ (੩), ਗੁਰੂ ਰਾਮਦਾਸ (੪),
ਗੁਰੂ ਅਰਜਨ ਜੀ (੫), ਗੁਰੂ ਤੇਗ ਬਹਾਦਰ ਜੀ (੬),
ਧੁਨਾਂ ਨੌਂ ਗੁਰੂ ਹਰਿਗੋਬਿੰਦ ਦੀਆਂ (੭), ਕਬੀਰ (੮),
ਫਰੀਦ (੯), ਨਾਮ ਦੇਵ (੧੦),
ਧੰਨਾ (੧੧), ਸਧਨਾ (੧੨),
ਸੈਣ (੧੩), ਪੀਪਾ (੧੪),
ਰਵਿਦਾਸ (੧੫), ਪ੍ਰਮਾਨੰਦ (੧੬),
ਮੀਰਾਂਬਾਈ (੧੭), ਸੂਰਦਾਸ (੧੮),
ਬੇਣੀ (੧੯), ਤ੍ਰਿਲੋਚਨ (੨੦),
ਜੈਦੇਵ (੨੧), ਰਾਮਾਨੰਦ (੨੨), ਏਹ ਭਗਤ ਤੇ
੧੭ ਭੱਟਾਂ ਦੇ ਸੱਵਯੇ (੩੯), ਸੱਤਾ (੪੦), ਬਲਵੰਡ (੪੧),
ਜਮਾਲ (੪੩), ਪਤੰਗ (੪੪), ਸੰਮਨ (੪੫), ਮੂਸਨ (੪੬),
ਈਸ਼ਰ (੪੭), ਗੋਰਖ (੪੮), ਭਰਥਰੀ (੪੯), ਗੋਪੀਚੰਦ (੫੦),
ਆਲਮ* (੫੧); ਇਨ੍ਹਾਂ ੫੧ ਸਤਪੁਰਸ਼ਾਂ ਦੀ ਬਾਣੀ ਹੈ।

---

*ਆਲਮ ਨਾਮ ਕਵੀਸ਼ਰ ਭਗਤ ਨੇ ਹੋਰ ਭਗਤਾਂ ਵਾਂਗ ਓਸ ਸਮੇਂ ਆ ਕੇ ਆਪਣੀ ਰਚੀ ਹੋਈ ਬਾਣੀ ਗੁਰੂ ਜੀ ਦੀ ਭੇਟਾ ਕੀਤੀ ਪਰ ਏਸ ਵੇਲੇ ਮੁੰਦਾਵਣੀ ਲਿਖੀ ਜਾ ਚੁਕੀ ਸੀ ਤਾਂ ਹੀ ਏਹ ਬਾਣੀ ਭਾਈ ਗੁਰਦਾਸ ਜੀ ਨੇ ਗੁਰੂ ਜੀ ਦੇ ਹੁਕਮ ਨਾਲ ਗ੍ਰੰਥ ਸਾਹਿਬ ਜੀ ਦੇ ਅੰਤ

ਗੁਰੂ ਗ੍ਰੰਥ ਸਾਹਿਬ ਦੇ ਸਾਰੇ {ਬਾਣੀਆਂ ਦਾ ਵਿਸਥਾਰ ਸਹਿਤ ਵੇਰਵਾ} ਅੱਖਰ ੯੧੦੦੨੨੪ ਹਨ ਤੇ ੩੨ ਅੱਖਰਾਂ ਦੇ ਹਿਸਾਬ ੨੮੪੪੪ ਸਲੋਕ ਹਨ ਅਤੇ ਹਰ ਇੱਕ ਦਾ ਵੇਰਵਾ ਇਸ ਤਰ੍ਹਾਂ ਹੈ:

| ਗੁਰੂ | ਸ਼ਬਦ | ਅਸ਼ਟਪਦੀ | ਛੰਦ | ਸੋਲਹੇ | ਪਉੜੀਆਂ | ਸਲੋਕ |
|---|---|---|---|---|---|---|
| ਮਃ ੧ | ੨੧੬ | ੧੧੪ | ੫੧ | ੨੨ | ੭੯ | ੨੧੭ |
| ਮਃ ੨ | ੦ | ੦ | ੦ | ੦ | ੦ | ੫੭ |
| ਮਃ ੩ | ੧੭੧ | ੯੨ | ੪੪ | ੨੪ | ੧੦੬ | ੩੦੦ |
| ਮਃ ੪ | ੨੪੮ | ੩੧ | ੪੧ | ੨ | ੧੬੯ | ੨੬੪ |
| ਮਃ ੫ | ੧੪੧੬ | ੮੨ | ੭੧ | ੨੪ | ੧੦੭ | ੨੩੯ |
| ਮਃ ੯ | ੫੫ | ੦ | ੦ | ੦ | ੦ | ੫੭ |
| ਜੋੜ | ੨੧੦੬ | ੩੧੯ | ੨੦੭ | ੬੨ | ੪੬੧ | ੧੧੩੪ |

ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਕੁਲ ਜੋੜ = ੪੨੮੯

| ਬਾਣੀਆਂ | ਪਉੜੀਆਂ | ਸਲੋਕ | ਭਗਤਾਂ ਦੇ ਸ਼ਬਦ | |
|---|---|---|---|---|
| ਜਪੁਜੀ ਮ: ੧ | ੩੮ | ੨ | ਕਬੀਰ | ੨੨੯ |
| ਓਅੰਕਾਰ ਮ: ੧ | ੫੪ | ੦ | ਨਾਮਦੇਵ | ੭੩ |
| ਸਿਧ ਗੋਸ਼ਟ ਮ: ੧ | ੭੩ | ੦ | ਰਵਿਦਾਸ | ੪੧ |
| ਆਨੰਦ ਮ: ੩ | ੪੦ | ੦ | ਤ੍ਰਿਲੋਚਨ | ੪ |
| ਸਦ ਸੁੰਦਰ | ੬ | ੦ | ਜੈਦੇਵ | ੩ |
| ਸਤਾ ਬਲਵੰਡ | ੮ | ੦ | ਭੀਖਨ | ੨ |
| ਸੁਖਮਨੀ ਮ: ੫ | ੧੯੨ | ੨੪ | ਸੈਨ | ੧ |
| ਬਾਵਨ ਅਖਰੀ ਮ: ੫ | ੫੫ | ੬੭ | ਫਰੀਦ | ੬ |
| ਸਲੋਕ ਸਹਸਕ੍ਰਿਤੀ | ੦ | ੭੧ | ਪੀਪਾ | ੧ |
| ਗਾਥਾ | ੦ | ੨੪ | ਧੰਨਾ | ੪ |
| ਫੁਨਹੇ | ੦ | ੨੩ | ਸਧਨਾ | ੧ |
| ਚਉਬੋਲੇ | ੦ | ੧੧ | ਬੇਣੀ | ੩ |
| ਸਲੋਕ ਕਬੀਰ | ੦ | ੧੪੩ | ਰਾਮਾਨੰਦ | ੧ |
| ਸਲੋਕ ਫਰੀਦ | ੦ | ੧੩੦ | ਪਰਮਾਨੰਦ | ੧ |
| ਸਵੱਯੇ | ੧੨੨ | ੦ | ਸੂਰਦਾਸ | ੧ |
| ਮੁੰਦਾਵਣੀ | ੦ | ੨ | ਮੀਰਾਂਬਾਈ | ੧ |
| ਰਾਗਮਾਲਾ | ੧ | ੧ | ਜੋੜ | ੩੭੨ |

| ਨੰ: | ਰਾਗ | ਸ਼ਬਦ ਅਸ਼ਟਪਦੀ ਛੰਦ |
|---|---|---|
| ੧ | ਸਿਰੀ ਰਾਗ | ੧੨੯ |

ਵਿੱਚ ਓਸ ਦੀ ਬਾਣੀ ਵਿੱਚੋਂ (ਮੁੰਦਾਵਣੀ ਦੇ ਪਿਛੇ) ਕੇਵਲ ਰਾਗ ਮਾਲਾ ਲਿਖ ਦਿੱਤੀ, ਹੋਰ ਛੱਡ ਦਿੱਤੀ। (੧) ਏਸ ਵਿੱਚ ਕਿਸੇ ਮਹਲੇ ਦਾ ਨਾਮ ਨਹੀਂ (੨) ਨਾਨਕ ਨਾਮ ਭੀ ਨਹੀਂ (੩) ਗੁਰੂ ਜੀ ਦੀ ਕਵਿਤਾ ਨਾਲ ਏਹ ਕਵਿਤਾ ਨਹੀਂ ਮਿਲਦੀ (੪) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਰਾਗ ਏਸ ਵਿੱਚ ਨਹੀਂ ਤੇ ਏਸ ਦੇ ਗ੍ਰੰਥ ਸਾਹਿਬ ਵਿੱਚ ਨਹੀਂ (੫) ਈਸ਼੍ਵਰ ਦੇ ਨਾਮ ਦੀ ਸਤਸੰਗ ਦੀ ਗੁਰਾਂ ਦੀ ਮਹਿਮਾ ਇਸ ਵਿੱਚ ਨਹੀਂ (੬) ਮਾਧਵਾਨਲ ਪੋਥੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੰਨਣ ਤੋਂ ੯੧ ਬਰਸ ਪਹਿਲੇ ਦੀ ਹੈ।

| | | |
|---|---|---|
| ੨ | ਮਾਝ | ੯੧ |
| ੩ | ਗਉੜੀ | ੩੦੬ |
| ੪ | ਆਸਾ | ੩੦੩ |
| ੫ | ਗੂਜਰੀ | ੫੭ |
| ੬ | ਦੇਵਗੰਧਾਰੀ | ੪੭ |
| ੭ | ਬਿਹਾਗੜਾ | ੧੭ |
| ੮ | ਵਡਹੰਸ | ੫੩ |
| ੯ | ਸੋਰਠਿ | ੧੪੯ |
| ੧੦ | ਧਨਾਸਰੀ | ੪੮ |
| ੧੧ | ਜੈਤਸਰੀ | ੩੦ |
| ੧੨ | ਟੋਡੀ | ੩੨ |
| ੧੩ | ਬੈਰਾੜੀ | ੭ |
| ੧੪ | ਤਿਲੰਗ | ੧੭ |
| ੧੫ | ਸੂਹੀ | ੧੬੩ |
| ੧੬ | ਬਿਲਾਵਲ | ੨੭੨ |
| ੧੭ | ਗੌਂਡ | ੨੯ |
| ੧੮ | ਰਾਮਕਲੀ | ੧੦੮ |
| ੧੯ | ਨਟ | ੨੫ |
| ੨੦ | ਮਾਲੀ ਗੌੜਾ | ੧੪ |
| ੨੧ | ਮਾਰੂ | ੧੪੨ |
| ੨੨ | ਤੁਖਾਰੀ | ੧੧ |
| ੨੩ | ਕੇਦਾਰਾ | ੧੮ |
| ੨੪ | ਭੈਰਉ | ੯੯ |
| ੨੫ | ਸਾਰੰਗ | ੧੬੮ |
| ੨੬ | ਮਲਾਰ | ੭੦ |
| ੨੭ | ਕਾਨੜਾ | ੬੯ |
| ੨੮ | ਕਲਿਆਨ | ੨੩ |
| ੨੯ | ਪ੍ਰਭਾਤੀ | ੫੫ |
| ੩੦ | ਜੈਜੈਵੰਤੀ | ੪ |
| | ਕੁੱਲ ਜੋੜ | ੨੪੬੬ |

ਸਾਉਣ ਸੰਮਤ ੧੬੬੧ ਬਿਕ੍ਰਮੀ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਿਆਰ ਕਰ ਕੇ ਜਿਲਦ ਬਨਵਾਉਣ ਲਈ {ਭਾਈ ਬੰਨੋ} ਭਾਈ ਬੰਨੋ ਜੀ ਨੂੰ ਲਾਹੌਰ ਭੇਜਿਆ। ਓਸ ਨੇ ਰਸਤੇ ਵਿੱਚ ਇੱਕ ਉਤਾਰਾ ਹੋਰ ਕਰ ਲਿਆ ਜਿਸ ਵਿੱਚ ਕੁਛ ਕੁ ਸ਼ਬਦ ਸ੍ਰੀ ਗੁਰੂ ਨਾਨਕ ਜੀ ਦੇ ਤੇ ਕੁਛ ਕੁ ਹੋਰ ਭਗਤਾਂ ਦੇ ਵਧੀਕ ਲਿਖ ਲਏ ਤੇ ਦੋਹਾਂ ਦੀਆਂ ਜਿਲਦਾਂ ਬੰਨ੍ਹਵਾ ਕੇ ਦੋਵੇਂ ਜਿਲਦਾਂ ਗੁਰੂ ਸਾਹਿਬ ਜੀ ਅੱਗੇ ਲਿਆ ਰੱਖੀਆਂ। ਗੁਰੂ ਸਾਹਿਬ ਜੀ ਨੇ ਏਸ ਦਾ ਨਾਮ ਖਾਰੀ ਬੀੜ ਤਾਂ ਕਹਿ ਦਿੱਤਾ, ਪਰ ਮੰਨਣ ਪੂਜਣ ਵਿੱਚ ਦੋਹਾਂ ਦਾ ਮਹਾਤਮ ਇਕੋ ਜੇਹਾ ਹੈ। ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਏਹ ਭੀ ਕਿਹਾ ਸੀ, "ਜੋ ਭਾਈ ਬੰਨੋ! ਸਾਡੀ ਮਰਜ਼ੀ ਏਹ ਸੀ, ਕਿ ਇਕੋ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਹਿੰਦਾ ਤੇ ਏਸੇ ਦੇ ਦਰਸ਼ਨ ਕਰਨ ਨਾਲ ਹੀ ਲੋਗਾਂ ਦੀ

ਮੁਕਤੀ ਹੁੰਦੀ। ਹੁਣ ਘਰ ਘਰ ਗ੍ਰੰਥ ਸਾਹਿਬ ਹੋਵੇਗਾ ਤੇ ਲੋਕ ਦਰਸ਼ਨ ਕਰ ਕੇ ਮੁਕਤ ਹੋਣਗੇ।" ਸੋ ਓਹ ਭਵਿੱਖਤ ਬਚਨ ਹੁਣ ਸੱਚਾ ਹੋ ਰਿਹਾ ਹੈ, ਜੋ ਘਰ ਘਰ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਜਾਂਦਾ ਹੈ।

ਭਾਈ ਗੁਰਦਾਸ ਜੀ ਦੇ ਲਿਖੇ ਹੋਏ ਗ੍ਰੰਥ ਸਾਹਿਬ ਜੀ ਨੂੰ ਗੁਰੂ ਜੀ ਨੇ ਵੱਡੇ ਉਤਸ਼ਾਹ ਨਾਲ 'ਭਾਦ੍ਰੋਂ ਸੁਦੀ ਏਕਮ ਨੂੰ ਹਰਿ ਮੰਦਰ (ਦਰਬਾਰ ਸਾਹਿਬ) ਵਿੱਚ ਥਾਪ ਕੇ ਬਾਬੇ ਬੁੱਢੇ ਜੀ ਨੂੰ ਗ੍ਰੰਥੀ ਬਨਾਯਾ। ਤਦ ਸਭ ਸੰਗਤ ਨੇ ਪੂਜਾ ਕੀਤੀ। ਬੇਅੰਤ ਦੌਲਤ ਆਈ। ਸਿੱਖਾਂ ਨੂੰ ਗੁਰਮੁਖੀ ਪੜ੍ਹਨ ਦਾ ਬੜਾ ਸ਼ੌਕ ਹੋ ਗਿਆ। ਏਸ ਦੇ ਸਾਧਾਰਨ ਪਾਠ ਤੇ ਅਖੰਡ ਪਾਠ ਕਰਾਉਣੇ ਦਾ ਮਹਾਤਮ ਬਿਧੀ ਸਮੇਤ ਅੰਮ੍ਰਿਤ ਪ੍ਰਕਾਸ਼ ਨਾਮ ਪੁਸਤਕ ਵਿੱਚ ਹੈ।

## (ਪਾਃ ੫ - ੨੯)

## ਬ੍ਰਾਹਮਣ ਤੇ ਪੱਥਰ ਪੂਜਾ

ਇਕ ਦਿਨ ਅੰਮ੍ਰਿਤਸਰ ਤੀਰਥ ਕਨਾਰੇ ਅਨੇਕ ਬ੍ਰਾਹਮਣ ਪਾਖਾਣ ਪੂਜਾ ਕਰਦੇ ਅੱਖੀਆਂ ਮੀਟ ਕੇ ਮਾਲਾਂ ਫੇਰਦੇ ਹੋਏ ਧਨ ਦੀ ਇਛਜਾ ਵਾਸਤੇ ਮੂਰਤਾਂ ਅੱਗੇ ਬਗਲ ਸਮਾਧਿ ਲਾਈ ਬੈਠੇ ਸੇ। ਜਾਂ ਗੁਰੂ ਅਰਜਨ ਜੀ ਓਨ੍ਹਾਂ ਦੇ ਪਾਸੋਂ ਲੰਘੇ ਤਾਂ ਇੱਕ ਬ੍ਰਾਹਮਣ ਕਰੋਧ ਨਾਲ ਬੋਲਿਆ, "ਦੇਖੋ ਕਲਿਜੁਗ ਹੈ। ਗ੍ਰਿਹਸਤੀ ਖਤ੍ਰੀ ਗੁਰੂ ਬਣ ਬੈਠੇ ਹਨ। ਸਨਾਤਨ ਜਗਤ ਗੁਰੂ ਬ੍ਰਾਹਮਣ ਜੋ ਪੂਜਣ ਜੋਗ ਹਨ, ਓਹ ਪਿੱਛੇ ਪਏ ਹਨ। ਦੇਖੋ ਏਸ ਖਤ੍ਰੀ ਦੀ ਮਤਿ ਪੂਜਾ ਖਾ ਕੇ ਕੇਡੀ ਹੋ ਗਈ ਹੈ? ਸਾਨੂੰ ਬ੍ਰਹਮਣਾਂ ਨੂੰ ਜੋ ਭਗਵਾਨ ਦਾ ਮੁਖ ਹਾਂ, ਮੱਥਾ ਭੀ ਨਹੀਂ ਟੇਕਿਆ ਤੇ ਨਾ ਹੀ ਠਾਕੁਰਾਂ ਨੂੰ ਨਮਸਕਾਰ ਕੀਤੀ ਹੈ।"

ਏਹੋ ਜੇਹੇ ਅਨੁਚਿਤ ਬਚਨ ਸੁਣ ਕੇ ਗੁਰੂ ਸਾਹਿਬ ਵੱਡੇ ਧੀਰਜ ਨਾਲ ਬੋਲੇ, "ਭਾਈ ਬਿਪ੍ਰ ਬ੍ਰਹਮਣ! ਠਾਕੁਰ ਨੂੰ ਤਾਂ ਅਸੀਂ ਮੰਨਦੇ ਹਾਂ ਪਰ ਦੰਭੀ ਤੇ ਪਾਖੰਡੀ ਨੂੰ ਨਹੀਂ ਮੰਨਦੇ। ਤੇਰੇ ਅੰਦਰ ਤ੍ਰਿਸ਼ਨਾਂ ਦੀ ਜੁਆਲਾ ਪ੍ਰਜ੍ਵਲਤ ਹੋ ਕੇ ਤਪਾ ਰਹੀ ਹੈ, ਜਿਸ ਤੋਂ ਬੁਧੀ ਬਿਪ੍ਰਜੈ ਹੋਣੇ ਕਰ ਤੈਨੂੰ ਸਾਰ ਅਸਾਰ ਦਾ ਵਿਚਾਰ ਨਹੀਂ ਰਿਹਾ। ਘਰ ਦੇ ਬਾਹਰ ਚਿਤਵਦਾ ਹੋਯਾ ਲੋਗਾਂ ਤੋਂ ਧਨ ਦੀ ਬਾਂਛਾ ਕਰ ਕੇ ਬੇਦ ਸ਼ਾਸਤ੍ਰ ਸਲੋਕ ਤੇ ਅਰਥ ਖੋਲ੍ਹ ਖੋਲ੍ਹ ਕੇ ਸੁਣਾਉਂਦਾ ਹੈ।"

ਯਥਾ:

ਰਾਮਕਲੀ ਮਹਲਾ ੫ ॥

ਮੁਖ ਤੇ ਪੜਤਾ ਟੀਕਾ ਸਹਿਤ ॥
ਹਿਰਦੈ ਰਾਮੁ ਨਹੀ ਪੂਰਨ ਰਹਤ ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥
ਅਪਨਾ ਕਹਿਆ ਆਪਿ ਨ ਕਮਾਵੈ ॥੧॥
ਪੰਡਿਤ ਬੇਦੁ ਬੀਚਾਰਿ ਪੰਡਿਤ ॥
ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥੧॥ ਰਹਾਉ ॥
ਆਗੈ ਰਾਖਿਓ ਸਾਲ ਗਿਰਾਮੁ ॥
ਮਨੁ ਕੀਨੋ ਦਹ ਦਿਸ ਬਿਸ੍ਰਾਮੁ ॥
ਤਿਲਕੁ ਚਰਾਵੈ ਪਾਈ ਪਾਇ ॥
ਲੋਕ ਪਚਾਰਾ ਅੰਧੁ ਕਮਾਇ ॥੨॥
ਖਟੁ ਕਰਮਾ ਅਰੁ ਆਸਣੁ ਧੋਤੀ ॥
ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥
ਮਾਲਾ ਫੇਰੈ ਮੰਗੈ ਬਿਭੂਤ ॥
ਇਹ ਬਿਧਿ ਕੋਇ ਨ ਤਰਿਓ ਮੀਤ ॥੩॥
ਸੋ ਪੰਡਿਤੁ ਗੁਰ ਸਬਦੁ ਕਮਾਇ ॥
ਤ੍ਰੈ ਗੁਣ ਕੀ ਓਸੁ ਉਤਰੀ ਮਾਇ ॥
ਚਤੁਰ ਬੇਦ ਪੂਰਨ ਹਰਿ ਨਾਇ ॥
ਨਾਨਕ ਤਿਸ ਕੀ ਸਰਣੀ ਪਾਇ ॥੪॥੬॥੧੭॥

(ਰਾਮਕਲੀ, ਮਃ ੫ - ੮੮੭/੮੮)

ਏਹ ਸੁਣ ਕੇ ਪੰਡਿਤ ਨੇ ਆਖਿਆ, "ਮੰਨਿਆ ਕਿ ਅਸੀਂ ਏਹੋ ਜੇਹੇ ਹੀ ਹਾਂ। ਪਰ ਸਾਲਗਰਾਮ ਨੂੰ ਤਾਂ ਤੁਸਾਂ ਮੰਨਣਾ ਸੀ।" ਗੁਰੂ ਸਾਹਿਬ ਬੋਲੇ, "ਸਾਲਗਰਾਮ ਨੂੰ ਤਾਂ ਅਸੀਂ ਸਦਾ ਹੀ ਮੰਨਦੇ ਹਾਂ। ਪਰ ਸਾਡਾ ਸਾਲਗਰਾਮ ਪਥਰ ਦਾ ਬਣਾਯਾ ਹੋਯਾ ਨਹੀਂ।" ਪੰਡਤ ਨੇ ਕਿਹਾ ਓਹ ਕਾਹਦਾ ਹੈ? ਤਾਂ ਗੁਰੂ ਜੀ ਬੋਲੇ:

ਆਸਾ ਮਹਲਾ ੫ ॥
ਆਠ ਪਹਰ ਉਦਕ ਇਸਨਾਨੀ ॥
ਸਦ ਹੀ ਭੋਗੁ ਲਗਾਇ ਸੁਗਿਆਨੀ ॥
ਬਿਰਥਾ ਕਾਹੂ ਛੋਡੈ ਨਾਹੀ ॥
ਬਹੁਰਿ ਬਹੁਰਿ ਤਿਸੁ ਲਾਗਹ ਪਾਈ ॥੧॥
ਸਾਲਗਿਰਾਮੁ ਹਮਾਰੈ ਸੇਵਾ ॥
ਪੂਜਾ ਅਰਚਾ ਬੰਦਨ ਦੇਵਾ ॥੧॥ ਰਹਾਉ ॥
ਘੰਟਾ ਜਾ ਕਾ ਸੁਨੀਐ ਚਹੁ ਕੁੰਟ ॥
ਆਸਨੁ ਜਾ ਕਾ ਸਦਾ ਬੈਕੁੰਠ ॥
ਜਾ ਕਾ ਚਵਰੁ ਸਭ ਊਪਰਿ ਝੂਲੈ ॥
ਤਾ ਕਾ ਧੂਪੁ ਸਦਾ ਪਰਫੁਲੈ ॥੨॥
ਘਟਿ ਘਟਿ ਸੰਪਟੁ ਹੈ ਰੇ ਜਾ ਕਾ ॥
ਅਭਗ ਸਭਾ ਸੰਗਿ ਹੈ ਸਾਧਾ ॥
ਆਰਤੀ ਕੀਰਤਨੁ ਸਦਾ ਅਨੰਦ ॥
ਮਹਿਮਾ ਸੁੰਦਰ ਸਦਾ ਬੇਅੰਤ ॥੩॥
ਜਿਸਹਿ ਪਰਾਪਤਿ ਤਿਸ ਹੀ ਲਹਨਾ ॥
ਸੰਤ ਚਰਨ ਓਹੁ ਆਇਓ ਸਰਨਾ ॥
ਹਾਥਿ ਚੜਿਓ ਹਰਿ ਸਾਲਗਿਰਾਮੁ ॥
ਕਹੁ ਨਾਨਕ ਗੁਰਿ ਕੀਨੋ ਦਾਨੁ ॥੪॥੩੯॥੯੦॥

(ਆਸਾ, ਮਃ ੫ - ੩੯੩)

ਏਹ ਸਾਰਾ ਸ਼ਬਦ ਸੁਣ ਕੇ ਓਨ੍ਹਾਂ ਪੰਡਿਤਾਂ ਵਿੱਚ ਜੋ ਤਿੰਨ ਚਾਰ ਦੱਖਣੀ ਬ੍ਰਾਹਮਣ ਗਰਦਨ ਵਿੱਚ ਪੱਥਰ ਦੇ ਸਾਲਗਰਾਮ ਪਾਈ ਫਿਰਦੇ ਸੇ, ਵੱਡੇ ਕ੍ਰੋਧ ਨਾਲ ਬੋਲੇ, "ਏਸ ਸਾਲਗਰਾਮ ਨੂੰ ਪੂਜ ਕੇ ਤਾਂ ਧੰਨਾਂ, ਨਾਮਾਂ, ਤ੍ਰਿਲੋਚਨ ਆਦਿਕ ਅਨੇਕ ਭਗਤ ਤਰ ਗਏ ਹਨ। ਤੁਸੀਂ ਖਬਰੇ ਕਿਸ ਨੂੰ ਮੰਨਦੇ ਹੋ?" ਗੁਰੂ ਜੀ ਨੇ ਓਨ੍ਹਾਂ ਨੂੰ ਕਨਿਸ਼ਟਕ ਅਧਿਕਾਰੀ ਸਮਝ ਕੇ ਹੰਕਾਰ ਖੰਡਣ ਲਈ ਏਹ ਸ਼ਬਦ ਉਚਾਰਿਆ:

ਸੂਹੀ ਮਹਲਾ ੫ ॥
ਘਰ ਮਹਿ ਠਾਕੁਰੁ ਨਦਰਿ ਨ ਆਵੈ ॥
ਗਲ ਮਹਿ ਪਾਹਣੁ ਲੈ ਲਟਕਾਵੈ ॥੧॥
ਭਰਮੇ ਭੂਲਾ ਸਾਕਤੁ ਫਿਰਤਾ ॥
ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ ਰਹਾਉ ॥
ਜਿਸੁ ਪਾਹਣ ਕਉ ਠਾਕੁਰੁ ਕਹਤਾ ॥
ਓਹੁ ਪਾਹਣੁ ਲੈ ਉਸ ਕਉ ਡੁਬਤਾ ॥੨॥
ਗੁਨਹਗਾਰ ਲੂਣ ਹਰਾਮੀ ॥
ਪਾਹਣ ਨਾਵ ਨ ਪਾਰਗਿਰਾਮੀ ॥੩॥
ਗੁਰ ਮਿਲਿ ਨਾਨਕ ਠਾਕੁਰੁ ਜਾਤਾ ॥
ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥੪॥੩॥੯॥

(ਸੂਹੀ, ਮਃ ੫ - ੭੩੯)

ਏਹ ਸ਼ਬਦ ਸੁਣ ਕੇ ਪੰਡਿਤ ਬੋਲੇ, "ਸੰਸਕ੍ਰਿਤ ਭਾਖਾ ਤੋਂ ਬਿਨਾਂ ਕਰਮ, ਉਪਾਸ਼ਨਾ, ਗਿਆਨ ਦੀ ਬਿਧੀ ਦਾ ਭੇਦ ਹੱਥ ਨਹੀਂ ਲੱਗਦਾ। ਜਿਕੁਰ ਜੁਗਤ ਸੰਜਮ ਬਿਨਾ ਦੁੱਧ ਵਿੱਚੋਂ ਘਿਓ ਨਹੀਂ ਨਿਕਲਦਾ, ਤਿਕੁਰ ਬਿਧੀ ਬਿਨਾਂ ਕਰਮ, ਉਪਾਸ਼ਨਾ, ਗਿਆਨ ਦਾ ਫ਼ਲ ਸੁਰਗ, ਵੈਕੁੰਠ, ਮੁਕਤਿ ਨਹੀਂ

ਲਭਦੇ।" ਤਿਸ ਪਰ ਗੁਰੂ ਜੀ ਨੇ ਬਚਨ ਕੀਤਾ, "ਸੰਸਕ੍ਰਿਤ ਬ੍ਰਿਛ ਦਾ ਮੂਲ ਹੈ ਤੇ ਭਾਖਾ ਸਾਖਾ ਸਮਾਨ ਹੈ। ਮੂਲ ਤੋਂ ਕਦੇ ਕਿਸੇ ਨੂੰ ਫ਼ਲ ਨਹੀਂ ਲੱਭਿਆ, ਸਾਖਾ ਤੋਂ ਹੀ ਫ਼ਲ ਮਿਲਦਾ ਹੈ। ਜਿਕੂੰ ਅੰਧ ਪੁਰਖ ਦੂਜੇ ਦੀ ਸਹਾਇਤਾ ਬਿਨਾਂ ਕੰਧ ਹੈ, ਤਿਵੇਂ ਸੰਸਕ੍ਰਿਤ ਬਿਆਕਰਨ, ਕਾਬਜਾ, ਕੋਸ਼, ਬਿਨਾ ਨਿਕੰਮੀ ਹੈ। ਭਾਖਾ ਬਿਨਾ ਦੂਸਰੇ ਦੀ ਸਹਾਇਤਾ ਦੇ ਇਕੱਲੀ ਹੀ ਵੈਰਾਗ, ਵਿਵੇਕ, ਕਰਮ, ਉਪਾਸ਼ਨਾ, ਗਿਆਨ ਦੇਣੇ ਨੂੰ ਸਮਰੱਥ ਹੈ। ਪੰਡਤ ਜੀ! ਰਥੀ ਪੁਰਖ ਤਾਂ ਦੂਜੇ ਦੀ ਸਹਾਜਤਾ ਚਾਹੁੰਦਾ ਹੈ, ਅਤਿਰਥੀ ਨਹੀਂ ਚਾਹੁੰਦਾ। ਤੈਸੇ ਹੀ ਭਾਖਾ ਸੁਤੰਤ੍ਰ ਹੀ ਮੋਹਾਦਿਕ ਆਸੁਰੀ ਸੈਨਾਂ ਨੂੰ ਨਾਸ ਕਰ ਕੇ ਮੁਕਤਿ ਰੂਪੀ ਰਾਜਧਾਨੀ ਜਗਿਆਸੂ ਨੂੰ ਦਿਵਾ ਸਕਦੀ ਹੈ। ਏਸ ਵਾਸਤੇ ਸਾਡੇ ਸਤਿਗੁਰਾਂ ਨੇ ਸੰਸਕ੍ਰਿਤ ਪਰਬਤੀ ਖੁੱਡਾਂ ਦਾ ਰਾਹ ਛੱਡ ਕੇ ਭਾਖਾ ਸੂਧੀ ਸਾਫ਼ ਸੜਕ ਬਨਾ ਦਿੱਤੀ ਹੈ, ਜਿਸ ਦੇ ਆਸਰੇ ਬੇਅੰਤ ਹੀ ਜੀਵ ਆਪਣੇ ਆਪਣੇ ਬਾਂਛਤ ਧਰਮ ਪਦ ਨੂੰ ਪਹੁੰਚ ਰਹੇ ਹਨ ਤੇ ਪਹੁੰਚਣਗੇ। ਹੋਰ ਵਾਧਾ ਇਹ ਹੈ ਕਿ ਇਸ ਵਿੱਦਜਾ ਨੂੰ ਪੜ੍ਹ ਕੇ ਹੰਕਾਰ ਨਹੀਂ ਹੁੰਦਾ ਸਗੋਂ ਨਿੰਮ੍ਰਤਾ ਪ੍ਰਾਪਤ ਹੁੰਦੀ ਹੈ ਅਤੇ ਸੰਸਕ੍ਰਿਤ ਨੂੰ ਪੜ੍ਹ ਕੇ ਹੰਕਾਰ ਹੋ ਜਾਂਦਾ ਹੈ। ਸੋ ਹੰਕਾਰ ਉਚਾ ਟਿੱਬਾ ਹੈ ਜੋ ਕਿਸੇ ਨੂੰ ਨਹੀਂ ਭਾਉਂਦਾ। ਕਯੋਂਕਿ:

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥
ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ ॥੯॥

(ਮਾਰੂ ਵਾਰ-੧, ਮਃ ੩ - ੧੦੮੯)

ਅਤੇ ਸੰਸਕ੍ਰਿਤ ਦਾ ਅਧਿਕਾਰ ਭੀ ਤੁਸੀਂ ਸਭ ਨੂੰ ਨਹੀਂ ਦਸਦੇ। ਭਾਸ਼ਾ ਸਭ ਵਾਸਤੇ ਇਕੋ ਜੇਹੀ ਹੈ। ਤਾਂ ਤੇ ਸੰਸਕ੍ਰਿਤ ਨਾਲੋਂ ਅਧਿਕ ਗੁਣ ਭਾਸ਼ਾ ਵਿੱਚ ਹਨ। ਸੋ ਗੁਣਗ੍ਰਾਹੀ ਹੋਣਾ ਚਾਹੀਦਾ ਹੈ। ਯਥਾ:

ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ ॥
ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ ॥੭੨॥

(ਸਲੋਕ, ਭਗਤ ਕਬੀਰ ਜੀ - ੧੩੬੮)

ਸੰਸਕ੍ਰਿਤ ਕੂਏਂ ਤੇ ਚਬੱਚੇ ਦਾ ਬੰਦ ਜਲ ਹੈ, ਭਾਸ਼ਾ ਪਵਿੱਤ੍ਰ ਨਦੀ ਹੈ।"

ਇਤਯਾਦਿਕ ਬਚਨ ਗੁਰੂ ਜੀ ਤੋਂ ਸੁਣ ਕੇ ਬ੍ਰਾਹਮਣਾਂ ਦਾ ਮਨ ਨੀਵਾਂ ਹੋਯਾ ਤੇ ਸਿੱਖ ਬਣ ਗਏ। ਓਨ੍ਹਾਂ ਨੂੰ ਸਮਝਾਵਣ ਵਾਸਤੇ ਗੁਰੂ ਸਾਹਿਬ ਨੇ ਸੰਸਕ੍ਰਿਤੀ (ਸਹਜ ਸੁਭਾਵ) ਸਲੋਕ ਉਚਾਰੇ ਜਿਨ੍ਹਾਂ ਨੂੰ ਸਹਸਕ੍ਰਿਤੀ ਸ਼ਲੋਕ ਕਿਹਾ ਜਾਂਦਾ ਹੈ। ਉਨ੍ਹਾਂ ਨੂੰ ਸੁਣ ਕੇ ਬ੍ਰਾਹਮਣਾਂ ਨੇ ਚਰਨ ਫੜ ਲਏ ਅਤੇ ਗੁਰਮਤ ਨੂੰ ਧਾਰਣ ਕਰ ਕੇ ਪਰਮਪਦ ਨੂੰ ਪ੍ਰਾਪਤ ਹੋਏ।

## (ਪਾ: ੫ - ੩੦)
## ਸੱਤੇ ਬਲਵੰਡ ਤੇ ਭਾਈ ਲੱਧੇ ਦੀ ਕਥਾ

ਸੱਤਾ ਤੇ ਬਲਵੰਡ ਦੋ ਰਬਾਬੀ ਗੁਰੂ ਅਰਜਨ ਸਾਹਿਬ ਜੀ ਦੇ ਦੀਵਾਨ ਵਿੱਚ ਕੀਰਤਨ ਕਰਿਆ ਕਰਦੇ ਸੇ। ਗੁਰੂ ਜੀ ਦੇ ਅੱਗੇ ਹਰ ਰੋਜ਼ ੫੦੦ ਪੰਜ ਸੌ ਦੇ ਲਗਭਗ ਪੂਜਾ ਆ ਜਾਇਆ ਕਰਦੀ ਸੀ। ਸੱਤੇ ਬਲਵੰਡ ਦੀ ਭੈਣ ਦਾ ਵਿਆਹ ਹੋਣ ਲਗਾ ਤਾਂ ਉਨ੍ਹਾਂ ਨੇ ਆ ਕੇ ਆਖਿਆ ਕਿ ਮਹਾਰਾਜ! ਮਾਯਾ ਚਾਹੀਦੀ ਹੈ। ਗੁਰੂ ਸਾਹਿਬ ਨੂੰ ਕਿਹਾ, "ਜੀ! ਕੱਲ੍ਹ ਨੂੰ ਜੋ ਪੂਜਾ ਆਵੇ ਸੋ ਸਾਨੂੰ ਮਿਲੇ।" ਗੁਰੂ ਸਾਹਿਬ ਨੇ ਕਿਹਾ, "ਹੱਛੀ ਬਾਤ ਹੈ, ਕੱਲ੍ਹ ਦੀ ਪੂਜਾ ਸਭ ਤੁਸਾਂ ਹੀ ਲੈਣੀ।" ਅਗਲੇ ਭਲਕ ਵੱਡੀ ਸਵੇਰ ਤੋਂ ਹੀ ਆ ਕੇ ਕੀਰਤਨ ਕਰਨ ਲੱਗੇ ਤੇ ਦਿਨ ਦੁਪਹਿਰ ਹੋਣ ਤੱਕ ਕਰਦੇ ਰਹੇ। ਪਰ ਉਨ੍ਹਾਂ ਦੀ ਕਿਸਮਤ ਨੂੰ ੧੦੦) ਮਸਾਂ ਹੀ ਆਯਾ। ਗੁਰੂ ਸਾਹਿਬ ਨੇ ਓਹੋ ਪੂਜਾ ਉਨ੍ਹਾਂ ਨੂੰ ਦੇ ਦਿੱਤੀ, ਜਿਸ ਪਰ ਓਹ ਬੜੇ ਖਿਝੇ ਤੇ ਮਨ ਵਿੱਚ ਆਖਣ ਲਗੇ, "ਏਹ ਗੁਰੂ ਦਾ ਖਚਰਪੁਣਾ ਹੈ ਜੋ ਸਾਡੀ ਮਾਯਾ ਰੋਕ ਦਿੱਤੀ।" ਸੜਦੇ ਕੁੜ੍ਹਦੇ ਘਰ ਨੂੰ ਤੁਰ ਗਏ। ਜਾਂ ਸਵੇਰੇ ਕੀਰਤਨ ਦਾ ਵੇਲਾ ਹੋਯਾ ਤਾਂ ਨਾ ਆਏ। ਗੁਰੂ ਜੀ ਨੇ ਇੱਕ ਸਿੱਖ ਭੇਜਿਆ ਕਿ ਜਾ ਕੇ ਸੱਤੇ ਬਲਵੰਡ ਨੂੰ ਬੁਲਾਵੇ, ਪਰ ਓਹ ਤਾਂ ਵੀ ਨਾ ਆਏ। ਤਾਂ ਗੁਰੂ ਜੀ ਨੇ ਹੋਰ ਸਿੱਖ ਭੇਜੇ ਪਰ ਓਹ ਫੇਰ ਭੀ ਨਾ ਆਏ ਤੇ ਸਗੋਂ ਕਠੋਰ ਤੇ ਬਹੁਤ ਅਜੋਗ ਬਚਨ ਬੋਲੇ। ਫੇਰ ਗੁਰੂ ਸਾਹਿਬ ਆਪ ਓਨ੍ਹਾਂ ਦੇ ਘਰ ਗਏ ਤਾਂ ਓਨ੍ਹਾਂ ਨੇ ਗੁਰੂ ਸਾਹਿਬ ਨੂੰ ਬਹੁਤ ਅਜੋਗ ਬਚਨ ਕਹੇ ਤੇ ਏਹ ਭੀ ਆਖਯਾ ਕਿ ਤੂੰ ਸਾਡਾ ਹੀ ਬਣਾਯਾ ਹੋਯਾ ਗੁਰੂ ਹੈਂ ਅਤੇ ਗੁਰੂ ਨਾਨਕ ਤੋਂ ਲੈ ਕੇ ਸਾਰੇ ਗੁਰੂ ਸਾਡੇ ਹੀ ਬਣਾਏ ਹੋਏ ਹਨ। ਜੇ ਅਸੀਂ ਕੀਰਤਨ ਨਾ ਕਰਦੇ ਤਾਂ ਗੁਰੂਆਂ ਨੂੰ ਕੌਣ ਜਾਣਦਾ ਸੀ।

ਗੁਰੂ ਅਰਜਨ ਦੇਵ ਜੀ ਨੂੰ ਆਪਣੀ ਬਾਬਤ ਤਾਂ ਕੋਈ ਰੰਜ ਨਹੀਂ ਆਯਾ ਸੀ, ਪਰ ਜਾਂ ਓਨ੍ਹਾਂ ਦੁਸ਼ਟਾਂ ਨੇ ਵੱਡੇ ਗੁਰੂਆਂ ਦੀ ਨਿੰਦਾ ਤੇ ਅਜੋਗ ਬਚਨਾਂ ਨਾਲ ਨਿਰਾਦਰੀ ਕੀਤੀ ਤਾਂ ਗੁਰੂ ਸਾਹਿਬ ਜਰ ਨਾ ਸਕੇ ਤੇ ਆਖਿਆ "ਜਾਓ ਕੁਸ਼ਟੀਓ! ਤੁਸਾਂ ਗੁਰੂ ਨਾਨਕ ਜੀ ਮਹਾਰਾਜ ਦੀ ਨਿੰਦਾ ਕੀਤੀ ਹੈ, ਤੁਸੀਂ ਕੁਸ਼ਟੀ ਹੋ।" ਏਹ ਕਹਿ ਕੇ ਮੁੜ ਆਏ। ਸੰਗਤ ਵਿੱਚ ਆ ਕੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਸਰੰਦੇ ਫੜੋ ਤੇ ਸ਼ਬਦ ਗਾਓ। ਗੁਰੂ ਸਾਹਿਬ ਦੇ ਵਾਕ ਨਾਲ ਹੀ ਸੁਧੇ ਸਾਦੇ ਸਿੱਖਾਂ ਨੂੰ ਤੁਰਤ ਰਾਗ ਦਾ ਗਿਆਨ ਹੋ ਆਯਾ ਤੇ ਸ਼ਬਦ ਗਾਵਣ ਲਗੇ।

ਏਸੇ ਵੇਲੇ ਹੀ ਗੁਰੂ ਜੀ ਨੇ ਹੁਕਮ ਦਿੱਤਾ ਕਿ ਕੋਈ ਸਿੱਖ ਸਾਡੇ ਪਾਸ ਸੱਤੇ ਬਲਵੰਡ ਦੀ ਅਰਜ਼ ਨ ਕਰੇ। ਜੋ ਅਰਜ਼ ਕਰੇਗਾ ਓਸ ਦਾ ਮੂੰਹ ਕਾਲਾ ਤੇ ਨੀਲੇ ਪੈਰ ਕਰ ਕੇ, ਗਲ ਵਿੱਚ ਜੁੱਤੀਆਂ ਦਾ ਹਾਰ ਪਾ ਕੇ, ਖੋਤੇ ਉੱਪਰ ਚੜ੍ਹਾ ਕੇ ਸਾਰੇ ਅੰਮ੍ਰਿਤਸਰ ਦੇ ਗਿਰਦੇ ਫੇਰਿਆ ਜਾਵੇਗਾ। ਓਧਰ ਰਬਾਬੀਆਂ ਨੂੰ ਓਸੇ ਵੇਲੇ ਕੋਹੜ ਹੋ ਗਿਆ। ਬੜੇ ਲਾਚਾਰ ਹੋਏ। ਕੋਈ ਭੀ ਸਰਾਪ ਦਾ ਡਰਦਾ ਅਰਜ਼ ਨਾ ਕਰ ਸਕੇ। ਓੜਕ ਭਾਈ ਲਧਾ; ਜੋ ਪਰਉਪਕਾਰੀ ਸੀ, ਓਸ ਨੇ ਸਤੇ ਬਲਵੰਡ ਨੂੰ ਅਤੀ ਦੁਖੀ ਦੇਖ ਕੇ ਅਰਜ਼ ਕਰਨ ਵਾਸਤੇ ਆਪਣਾ ਓਹੋ ਰੂਪ ਬਣਾਯਾ ਜੋ ਗੁਰੂ ਜੀ ਦਾ ਹੁਕਮ ਸੀ। ਅਰਥਾਤ ਲਾਹੌਰੋਂ ਹੀ ਖੋਤੇ ਉੱਪਰ ਚੜ੍ਹ, ਮੂੰਹ ਕਾਲਾ ਤੇ ਜੁਤੀਆਂ ਦਾ ਹਾਰ ਗਲ ਵਿੱਚ ਪਾ ਕੇ ਗੁਰੂ ਜੀ ਪਾਸ ਆ ਕੇ ਅਰਜ਼ ਕੀਤੀ, ਜਿਸ ਪਰ ਗੁਰੂ ਜੀ ਬੜੇ ਖ਼ੁਸ਼ੀ ਹੋਏ ਤੇ ਬਚਨ ਕੀਤਾ, "ਜਿਸ ਮੂੰਹ ਨਾਲ ਏਨਾਂ ਰਬਾਬੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਤਿੰਨਾਂ ਗੁਰੂਆਂ ਦੀ ਨਿੰਦਾ ਕੀਤੀ ਹੈ, ਓਸੇ ਮੂੰਹ ਨਾਲ ਉਸਤਤੀ ਕਰਣ ਤਾਂ ਰੋਗ ਹਟੇਗਾ।" ਤਦ ਸਤੇ ਤੇ ਬਲਵੰਡ ਨੇ ਗੁਰੂ ਜੀ ਦੇ ਜੱਸ ਦੀ ਵਾਰ; ਜੋ ਰਾਮਕਲੀ ਰਾਗ ਵਿੱਚ ਲਿਖੀ ਹੈ, ਉਚਾਰਣ ਕੀਤੀ ਅਤੇ ਜਿਉਂ ਜਿਉਂ ਉਚਾਰਦੇ ਗਏ ਤਿਉਂ ਤਿਉਂ ਕੁਸ਼ਟ ਹਟਦਾ ਗਿਆ। ਗੱਲ ਕਾਹਦੀ ਏਸ ਵਾਰ ਦੇ ਉਚਾਰਨ ਨਾਲ ਹੀ ਓਹ ਨਵੇਂ ਨਿਰੋਏ ਹੋ ਗਏ। ਓਸ ਵਕਤ ਗੁਰੂ ਅਰਜਨ ਜੀ ਨੇ ਵਰ ਦਿੱਤਾ ਕਿ ਜੋ ਸਿੱਖ ਏਸ ਵਾਰ ਨੂੰ ਸਰਧਾ ਨਾਲ ਰੋਜ਼ ਇਸ਼ਨਾਨ ਕਰ ਕੇ ਪੜ੍ਹੇ ਸੁਣੇਗਾ ਓਸ ਦੇ ਸਭ ਰੋਗ ਦੂਰ ਹੋਣਗੇ।

## (ਪਾਃ ੫ - ੩੧)

# ਪ੍ਰਿਥੀਚੰਦ ਤੇ ਚੰਦੂਸ਼ਾਹੀ ਦਾ ਵਿਰੋਧ

ਗੁਰੂ ਗ੍ਰੰਥ ਸਾਹਿਬ ਜੀ ਦੇ ਤਿਆਰ ਹੋਣ ਸਮੇਂ ਗੁਰੂ ਜੀ ਦੀ ਸਿੱਖੀ ਦੇਸ਼ ਦੇਸ਼ਾਂਤ੍ਰਾਂ ਵਿੱਚ ਐਥੋਂ ਤੀਕ ਅਧਿਕ ਫੈਲ ਰਹੀ ਸੀ ਕਿ ਕਾਰ ਭੇਟ ਦੀ ਉਗਰਾਹੀ ਵਾਸਤੇ ਜੋ ਬਾਈ ਮਸੰਦ ਜੁਦੇ ਜੁਦੇ ਦੇਸ਼ਾਂ ਵਿੱਚ ਕਾਇਮ ਕੀਤੇ ਹੋਏ ਸੇ, ਓਹਨਾਂ ਨੇ ਭੀ ਕੰਮ ਨਿਬਾਹੁਣ ਲਈ ਦਸ ਦਸ ਬਾਰਾਂ ਬਾਰਾਂ ਨਾਇਬ; ਜਿਨ੍ਹਾਂ ਨੂੰ ਮੇਵੜੇ ਆਖੀਦਾ ਸੀ, ਆਪਣੇ ਅੱਗੇ ਕਾਇਮ ਕਰ ਰੱਖੇ ਸੇ। ਓਸੇ ਸਮੇਂ ਕੱਤਕ ਵਿੱਚ ਸੰਮਤ ੧੬੬੧ ਬਿਕ੍ਰਮੀ ਨੂੰ ਦੀਵਾਨ ਚੰਦੂ ਲਾਲ ਸ਼ਾਹੀ ਖੱਤ੍ਰੀ ਰੁਹੇਲੇ ਪਿੰਡ ਵਾਲਾ, ਜੋ ਬਾਦਸ਼ਾਹੀ ਨੌਕਰ ਹੋ ਕੇ ਦਿੱਲੀ ਵਿੱਚ ਵਸਦਾ ਸੀ, ਓਸ ਦੇ ਭੇਜੇ ਹੋਏ {ਚੰਦੂ ਦੇ ਲਾਗੀ ਆਏ} ਨਾਈ ਬ੍ਰਾਹਮਣ ਓਸ ਦੀ ਬੇਟੀ ਦਾ ਨਾਤਾ ਕਰਨ ਲਈ ਘਰ ਘਰ ਵਰ ਦੇਖਦੇ ਹੋਏ ਅੰਮ੍ਰਿਤਸਰ ਆ ਪਹੁੰਚੇ। ਗੁਰੂ ਜੀ ਦਾ ਸੁਜੱਸ ਤੇ ਦਰਬਾਰ ਦੀ ਆਮਦਨੀ ਤੇ ਰੌਣਕ ਦੇਖ ਕੇ ਗੁਰੂ ਜੀ ਦੇ ਸਪੁਤ੍ਰ ਹਰਿ ਗੋਬਿੰਦ ਜੀ ਨੂੰ ਪਸੰਦ ਕਰ ਗਏ ਤੇ ਓਹੋ ਗੱਲ ਚੰਦੂ ਨੂੰ ਜਾ ਦੱਸੀ। ਚੰਦੂ ਨੇ ਕੁੜਮਾਈ ਦਾ ਸਗਨ ਤੋਰਨ ਸਮੇਂ ਵੱਡੇ ਹੰਕਾਰ ਨਾਲ ਬ੍ਰਾਹਮਣ ਨੂੰ ਏਹ ਗੱਲ ਆਖੀ ਕਿ ਤੁਸਾਂ ਚੁਬਾਰੇ ਦੀ ਇੱਟ ਮੋਰੀ ਨੂੰ ਲਾਈ ਹੈ, ਪਰ ਹੱਛਾ ਮੇਰੀ ਧੀ ਸਿੱਖਾਂ ਦੀ ਮਾਤਾ ਤਾਂ ਕਹਾਵੇਗੀ। ਹੋਣਹਾਰ ਪ੍ਰਬਲ ਹੈ, ਏਹ ਹੰਕਾਰ ਵਾਲਾ ਕੁਬੋਲ ਦਿੱਲੀ ਦੇ ਸਿੱਖਾਂ ਨੇ ਸੁਣ ਕੇ ਬਹੁਤ ਬੁਰਾ ਮੰਨਿਆਂ ਤੇ ਗੁਰੂ ਜੀ ਪਾਸ ਬੇਨਤੀ ਲਿਖ ਭੇਜੀ ਕਿ ਏਸ ਪਾਪੀ ਦਾ ਨਾਤਾ ਨਹੀਂ ਲੈਣਾ। ਏਸ ਨੇ ਗੁਰੂ ਕੇ ਘਰ ਨੂੰ ਮੋਰੀ ਤੇ ਆਪ ਨੂੰ ਚੁਬਾਰਾ ਕਿਹਾ ਹੈ। ਜਾਂ ਏਹ ਚਿੱਠੀ ਤੇ ਚੰਦੂਲਾਲ ਦੇ ਲਾਗੀ ਗੁਰੂ ਸਾਹਿਬ ਪਾਸ ਪਹੁੰਚੇ ਤਾਂ ਗੁਰੂ ਜੀ ਨੇ ਸੰਗਤ ਦਾ ਬਚਨ ਮੰਨ ਕੇ ਚੰਦੂ ਦਾ ਸਾਕ ਨਾ ਲਿਆ। ਏਸ ਤੋਂ ਚੰਦੂ ਆਪਣੀ ਬੇਇੱਜ਼ਤੀ ਤੇ ਨਿਰਾਦਰੀ ਸਮਝ ਕੇ ਗੁਰੂ ਜੀ ਦਾ ਵੈਰੀ ਬਣ ਗਿਆ। ਏਹ ਸੁਣ ਕੇ ਤਾਂ ਪ੍ਰਿਥੀਏ ਨੇ ਘਿਉ ਦੇ ਦੀਵੇ ਬਾਲੇ। ਸੁਲਹੀ ਖਾਂ ਭੀ ਤਦੋਂ ਦਿੱਲੀ ਵਿੱਚ ਸੀ। ਸੋ ਪ੍ਰਿਥੀਆ ਭੀ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਕਰਦਾ ਹੋਯਾ ਦਿੱਲੀ ਜਾ ਪੁੱਜਾ। ਇੱਕ ਹੋਰ ਸੁਲਭੀ ਖਾਂ; ਜੋ ਸੁਲਹੀ ਖਾਂ ਦਾ ਭਨਵਈਆ ਸੀ, ਓਹ ਭੀ ਨਾਲ ਰਲਾ ਲਿਆ। ਫੇਰ ਤਾਂ ਪੂਰੀ ਚੰਡਾਲ ਚੌਕੜੀ ਬਣ ਗਈ ਅਤੇ ਸਾਰਿਆਂ ਨੇ ਸਲਾਹ ਗੁੰਦ ਕੇ ਪ੍ਰਿਥੀਏ ਤੋਂ ਜਾਇਦਾਦ ਤੇ ਆਮਦਨੀ ਵੰਡਾਉਣ ਵਾਸਤੇ ਬਾਦਸ਼ਾਹ ਪਾਸ ਅਰਜ਼ੀ ਦਿਵਾਈ, ਜੋ ਵਜ਼ੀਰ ਖਾਂ ਦੇ ਸਮਝਾਉਣੇ ਕਰ ਖਾਰਜ ਤਾਂ ਨਾ ਹੋਈ ਪਰ ਇੱਕ ਹੇਹਰ ਪਿੰਡ ਤੇ ਦੂਜਾ ਕਦੇਰ; ਏਹ ਦੋਵੇਂ ਚੌਦਾਂ ਹਜਾਰ ਬਿਘੇ ਦਾ ਰਕਬਾ ਪੁਰਾਣੀ ਸਨਦ ਦੇ ਲਿਹਾਜ਼ ਨੂੰ ਦਿਵਾ ਕੇ ਗੁਰੂ ਅਰਜਨ ਦੇਵ ਜੀ ਨਾਲ ਬੇਦਾਵਾ ਲਿਖਵਾ ਲਿਆ।

## (ਪਾਃ ੫ - ੩੨)

## ਮੇਹਰਵਾਨ ਦਾ ਝਗੜਾ ਸੁਲਭੀ ਤੇ ਸੁਲਹੀ ਦਾ ਮਰਨਾ

ਭਾਵੇਂ ਪ੍ਰਿਥੀਚੰਦ ਨੂੰ ਗੁਰੂ ਚੱਕ ਦੀ ਆਮਦਨੀ ਨਾਲੋਂ ਭੀ ਬਹੁਤੀ ਆਮਦਨੀ ਦੇ ਪਿੰਡ ਮਿਲ ਗਏ, ਪਰ ਓਨ ਫੇਰ ਭੀ ਸਬਰ ਨਾ ਕੀਤਾ, ਕਯੋਂਕਿ ਓਸ ਦੀ ਇਸਤ੍ਰੀ ਨੇ ਕਿਹਾ ਕਿ ਜਾਗੀਰ ਭਾਵੇਂ ਕਿਤਨੀ ਹੀ ਮਿਲੀ ਹੈ ਪਰ ਜੇ ਸਿੱਖੀ ਸੇਵਕੀ ਮਿਲਦੀ ਤਾਂ ਅੱਛਾ ਸੀ। ਕਿਵੇਂ ਓਹ ਲਓ ਕਯੋਂਕੇ ਫੇਰ ਮੇਰਾ ਪੁੱਤ੍ਰ ਭੀ ਗੁਰੂ ਸਦਾਵੇਗਾ। ਪ੍ਰਿਥੀਆ ਜੋ ਆਪਣੇ ਹਥੀਂ ਬੇਦਾਵਾ ਲਿਖ ਆਯਾ ਸੀ ਹੁਣ ਕੁਛ ਨਹੀਂ ਕਰ ਸਕਦਾ ਸੀ। ਏਸ ਲਈ ਚੰਦੂ ਤੇ ਸੁਲਹੀ ਦੀ ਸਲਾਹ ਨਾਲ ਆਪਣੇ ਪੁੱਤ੍ਰ ਮੇਹਰਵਾਣ ਤੋਂ ਇਹ ਦਾਵਾ ਕਰਵਾ ਦਿੱਤਾ ਕਿ ਗੁਰੂ ਅਰਜਨ ਸਾਹਿਬ ਨੇ ਜਦ ਓਨ੍ਹਾਂ ਦੇ ਘਰ ਬੇਟਾ ਨਹੀਂ ਹੋਯਾ ਸੀ ਤਾਂ ਮੈਨੂੰ ਗੋਦੀ ਵਿੱਚ ਲੈ ਕੇ ਆਪਣਾ ਮੁਤਵੰਨਾ ਬਨਾਯਾ ਸੀ ਤੇ ਹੁਣ ਹਰਿਗੋਬਿੰਦ ਓਨ੍ਹਾਂ ਦਾ ਪੁੱਤ੍ਰ ਹੋ ਪਿਆ ਹੈ। ਸੋ ਓਹ ਓਸ ਨੂੰ ਗੁਰਿਆਈ ਦੇਣੀ ਚਾਹੁੰਦੇ ਹਨ ਤਾਂ ਤੇ ਅੱਧੀ ਸਿੱਖੀ ਸੇਵਕੀ ਮੈਨੂੰ ਮਿਲਣੀ ਚਾਹੀਦੀ ਹੈ। ਏਸ ਸਮੇਂ ਅਕਬਰ ਸ਼ਾਹ ਦੇ ਨਾਲ ਵਜ਼ੀਰ ਖਾਂ ਤਾਂ ਦੱਖਣ ਵੰਨੀਂ ਚਲਿਆ ਗਿਆ ਹੋਯਾ ਸੀ। ਏਸ ਕਰ ਕੇ ਸੁਲਹੀ ਤੇ ਚੰਦੂਲਾਲ ਨੇ ਛਲ ਵਲ ਕਰ ਕੇ ਵਡੀ ਅਦਾਲਤ ਵਿੱਚੋਂ ਓਸ ਦੀ ਡਿਗਰੀ ਕਰਾ ਦਿੱਤੀ ਤੇ ਸੁਲਭੀ ਖਾਂ ਨੂੰ ਜੋ ਸੁਲਹੀ ਦਾ ਭਤੀਸਾ ਸੀ ਏਹ ਹੁਕਮ ਦੇ ਕੇ ਤੋਰਿਆ ਕਿ ਗੁਰੂ ਚੱਕ ਜਾ ਕੇ ਸਿੱਖੀ ਵੰਡਵਾ ਦਿਓ।

ਪ੍ਰਿਥੀਚੰਦ ਏਹ ਹੁਕਮ ਸੁਣ ਕੇ ਬੜਾ ਖ਼ੁਸ਼ੀ ਹੋਯਾ ਤੇ ਘਰ ਵਿੱਚ ਕਰਮੋਂ ਨੇ ਭੀ ਲੱਡੂ ਵੰਡੇ। ਓਧਰ ਜਦ ਸੌ ਅਸਵਾਰ ਸਮੇਤ ਸੁਲਭੀ ਖਾਂ ਸਿੱਖੀ ਵੰਡਾਉਣ ਦਾ ਬਹਾਨਾ ਪਾ ਕੇ ਚੰਦੂ ਦੁਸ਼ਟ ਦੇ ਕਹਿਣੇ ਕਰ ਗੁਰੂ ਜੀ ਉੱਤੇ ਵਾਰ ਕਰਨ ਦੀ ਨੀਤ ਥਾਪ ਕੇ ਦਿੱਲੀ ਤੋਂ ਚੜ੍ਹ ਆਯਾ ਤਾਂ ਭਾਈ ਬਿੱਧੀ ਚੰਦ, ਕਲਯਾਣਾ, ਸਾਲੋ, ਕਿਦਾਰਾ, ਮੁਕੰਦਾ, ਕਾਲਾ, ਬਹਿਲੋ, ਭਗਤੂ, ਗੁਰਦਾਸ, ਆਦਿਕ ਸਿੱਖਾਂ ਨੇ ਸੁਲਭੀ ਦਾ ਕਪਟ ਸੁਣ ਕੇ ਓਸ ਦਾ ਮੁਕਾਬਲਾ ਕਰਨ ਲਈ ਗੁਰੂ ਸਾਹਿਬ ਨੂੰ ਬੇਨਤੀ ਕੀਤੀ। ਗੁਰੂ ਸਾਹਿਬ ਨੇ; ਜੋ ਸੰਤਰੂਪ ਕੇਵਲ ਪ੍ਰਮੇਸ਼੍ਵਰ ਉੱਤੇ ਭਰੋਸਾ ਰੱਖਦੇ ਸਨ, ਏਹ ਸ਼ਬਦ ਉਚਾਰਿਆ:

ਸੋਰਠਿ ਮਹਲਾ ੫ ॥

ਗਰੀਬੀ ਗਦਾ ਹਮਾਰੀ ॥
ਖੰਨਾ ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥
ਗੁਰ ਪੂਰੇ ਏਹ ਗਲ ਸਾਰੀ ॥੧॥
ਹਰਿ ਹਰਿ ਨਾਮੁ ਸੰਤਨ ਕੀ ਓਟਾ ॥
ਜੋ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ ਕੋਟਾ ॥੧॥ ਰਹਾਉ ॥
ਸੰਤ ਸੰਗਿ ਜਸੁ ਗਾਇਆ ॥
ਇਹੁ ਪੂਰਨ ਹਰਿ ਧਨੁ ਪਾਇਆ ॥
ਕਹੁ ਨਾਨਕ ਆਪੁ ਮਿਟਾਇਆ ॥
ਸਭੁ ਪਾਰਬ੍ਰਹਮੁ ਨਦਰੀ ਆਇਆ ॥੨॥੧੬॥੮੦॥

(ਸੋਰਠਿ, ਮਃ ੫ - ੬੨੮)

ਕੁਦਰਤ ਐਸੀ ਹੋਈ ਕਿ ਸੁਲਭੀ ਖਾਂ ਜਦੋ ਬਜਾਸਾ ਕਿਨਾਰੇ ਪਹੁੰਚਿਆ ਤਾਂ ਜਲੰਧਰ ਦੇ ਸੱਯਦ ਹਸਨ ਅਲੀ ਖਾਂ ਨੇ ਓਸ ਤੋਂ ਆਪਣੀ ਤਨਖਾਹ ਮੰਗੀ, ਜੋ ਦੋ ਸਾਲ ਦੀ ਓਸ ਵੰਨੀਂ ਬਾਕੀ ਸੀ। ਓਸ ਅਗੋਂ ਹੰਕਾਰ ਵਿੱਚ ਸੱਯਦ ਨੂੰ ਗਾਹਲ ਕੱਢੀ। ਓਸ ਨੇ ਖਿੱਚ ਕੇ ਤਲਵਾਰ ਐਸੀ ਮਾਰੀ ਜੋ ਸੁਲਭੀ ਖਾਂ ਦਾ ਸਿਰ ਲਾਹ ਸਿੱਟਿਆ ਤੇ ਆਪ ਦੌੜ ਕੇ ਝਲ ਵਿੱਚ ਵੜ ਗਿਆ। ਸਰਦਾਰ ਤੋਂ ਬਿਨਾਂ ਫੌਜ ਸਭ ਮੁੜ ਗਈ। ਪ੍ਰਿਥੀਚੰਦ ਨੇ ਏਹ ਹਾਲ ਸੁਣ ਕੇ ਬਹੁਤ ਪਛੁਤਾਵਾ ਕੀਤਾ ਤੇ

ਰੋਂਦਾ ਹੋਯਾ ਸੁਲਹੀ ਖਾਂ ਪਾਸ ਲਾਹੌਰ ਜਾ ਕੇ ਆਖਣ ਲਗਾ, "ਗੁਰੂ ਅਰਜਨ ਜੀ ਨੇ ਆਪਣੇ ਕਿਸੇ ਆਦਮੀ ਤੋਂ; ਜੋ ਓਨ੍ਹਾਂ ਦੇ ਪਾਸ ਬੜੇ ਬੜੇ ਧਾੜਵੀ ਰਹਿੰਦੇ ਹਨ, ਮਰਵਾ ਦਿੱਤਾ ਹੈ।" ਸੁਲਹੀ ਖਾਂ ਨੂੰ ਭਤੀਜੇ ਮਾਰੇ ਜਾਣ ਦਾ ਬੜਾ ਸੱਲ ਲਗਾ ਤੇ ਬੜੇ ਕ੍ਰੋਧ ਨਾਲ ਚਿੜ੍ਹ ਕੇ ਅੰਮ੍ਰਿਤਸਰ ਆਉਣ ਵਾਸਤੇ ਹੇਹਰ ਪਿੰਡ ਪ੍ਰਿਥੀਏ ਪਾਸ ਜਾ ਉਤਰਿਆ। ਜਦ ਏਸ ਤੋਂ ਬਚਾਉ ਵਾਸਤੇ ਸਿੱਖ ਕਈ ਤਰ੍ਹਾਂ ਦੇ ਤਰੱਦਦ ਕਰਨ ਲਗੇ, ਤਾਂ ਗੁਰੂ ਜੀ ਨੇ ਹੇਠ ਲਿਖਿਆ ਸ਼ਬਦ ਪੜ੍ਹਿਆ ਤੇ ਆਖਿਆ, "ਹੌਸਲਾ ਰੱਖੋ! ਸੁਲਹੀ ਏਥੋਂ ਤੱਕ ਨਹੀਂ ਪਹੁੰਚ ਸਕੇਗਾ।"

ਬਿਲਾਵਲੁ ਮਹਲਾ ੫ ॥
ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ
ਸੁਲਹੀ ਹੋਇ ਮੂਆ ਨਾਪਾਕੁ ॥੧॥ ਰਹਾਉ ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ
ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ
ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥
ਪੁਤ੍ਰ ਮੀਤ ਧਨੁ ਕਿਛੂ ਨ ਰਹਿਓ
ਸੁ ਛੋਡਿ ਗਇਆ ਸਭ ਭਾਈ ਸਾਕੁ ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ
ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥੧੦੪॥

(ਬਿਲਾਵਲੁ, ਮਃ ੫ - ੮੨੫)

ਓਧਰ ਸੁਲਹੀ ਖਾਂ ਤੇ ਪ੍ਰਿਥੀਆ ਦੋਵੇਂ ਕਈ ਤਰ੍ਹਾਂ ਦੇ ਪਾਪ ਚਿਤਵਦੇ ਰਹੇ। ਜਦ ਸ਼ਿਕਾਰ ਖੇਡ ਕੇ ਆਉਂਦੇ ਹੋਏ ਪੰਜਾਵਾ ਦੇਖਣ ਲਈ ਓਥੇ ਪਹੁੰਚੇ, ਤਾਂ ਸੁਲਹੀ ਖਾਂ ਦਾ ਘੋੜਾ ਐਸਾ ਤ੍ਰਬਕਿਆ ਜੋ ਪਹਿਲੀ ਛਾਲੇ ਹੀ ਪੰਜਾਵੇ ਉੱਤੇ ਜਾ ਚੜ੍ਹਿਆ ਤੇ ਦੂਜੀ ਛਾਲੇ ਘੜੰਮ ਆਵੇ ਵਿੱਚ ਡਿਗ ਕੇ ਸੜ ਗਿਆ। ਇਸ ਪ੍ਰਕਾਰ ਗੁਰੂ ਜੀ ਦਾ ਵਾਕ ਸੱਤ ਹੋਇਆ। ਸੁਲਹੀ ਖਾਂ ਤਾਂ ਕਾਫਰ ਹੋ ਕੇ ਮਰ ਗਿਆ ਤੇ ਪ੍ਰਿਥੀਚੰਦ ਰੋ ਧੋ ਕੇ ਘਰ ਜਾ ਬੈਠਾ। ਪਿੱਛੋਂ ਸਭ ਸਿੱਖਾਂ ਨੇ ਇਹ ਖ਼ਬਰ ਸੁਣ ਕੇ ਅਕਾਲ ਪੁਰਖ ਦਾ ਧੰਨਵਾਦ ਕੀਤਾ* ਤੇ ਬੜੀ ਖ਼ੁਸ਼ੀ ਮਨਾਈ।

ਹੁਣ ਧੀਰਜ ਤੇ ਵਿਚਾਰ ਨੂੰ ਖਾਤੇ ਵਿੱਚ ਸਿੱਟ ਕੇ ਬਾਪ ਬੇਟਾ ਤਾਹਰਬੇਗ ਖਾਂ ਪਾਸ ਜਾ ਰੋਏ ਤੇ ਆਖਣ ਲਗੇ, (ਦੁਸ਼ਮਨ ਬਾਤ ਕਰੇ ਅਣਹੋਈ) "ਗੁਰੂ ਅਰਜਨ ਨੇ ਸੁਲਭੀ ਖਾਂ ਨੂੰ ਤਲਵਾਰ ਨਾਲ ਤੇ ਸੁਲਹੀ ਖਾਂ ਨੂੰ ਜਾਦੂ ਨਾਲ ਮਰਵਾ ਦਿੱਤਾ ਹੈ। ਹੁਣ ਜੇ ਤੁਸੀਂ ਏਨ੍ਹਾਂ ਦਾ ਵੈਰ ਨ ਲਵੋਗੇ ਤਾਂ ਸਾਨੂੰ ਨਿਆਉਂ ਕਿੱਥੇ ਮਿਲਣਾ ਹੈ?" ਭਾਵੇਂ ਸੂਬੇ ਨੇ ਏਹ ਸੁਣ ਕੇ ਏਨ੍ਹਾਂ ਨੂੰ ਬਕਬਾਦੀ ਤੇ ਸ਼ਿਕਾਜਤੀ ਸਮਝ ਲੀਤਾ ਸੀ ਪਰ ਸਦਰ ਅਦਾਲਤ ਦਾ ਹੁਕਮ ਮੰਨ ਕੇ ਉਸ ਨੇ ਆਪਣੇ ਛੋਟੇ ਭਾਈ ਖਿਲਜੀ ਖਾਂ ਨੂੰ ਸਿੱਖੀ ਵੰਡਾਉਣ ਵਾਸਤੇ ਅੰਮ੍ਰਿਤਸਰ ਭੇਜਿਆ। ਓਸ ਸਮੇਂ ਵਜ਼ੀਰ ਖਾਂ ਭੀ ਦੱਖਣ ਵੱਲੋਂ ਬਾਦਸ਼ਾਹ ਦੇ ਨਾਲ ਪੰਜਾਬ ਵੱਲ ਮੁੜ ਆਯਾ। ਓਸ ਨੇ ਦੋਹਾਂ ਵੱਲੋਂ ਮੁਨਸਫ਼ ਹੋ ਕੇ

---

*ਇਹ ਬ੍ਰਿਤਾਂਤ ਜੇਹੜਾ ਅਸਾਂ ਉੱਪਰ ਲਿਖਿਆ ਹੈ ਤਵਾਰੀਖੀ ਹੈ ਤੇ ਨੰਦ ਸਿੰਘ ਬਟਾਲੀਏ ਨੇ ਲਿਖਯਾ ਹੈ। ਪਰ ਸੂਰਜ ਪ੍ਰਕਾਸ਼ ਵਿੱਚ ਇਉਂ ਲਿਖਯਾ ਹੈ ਕਿ ਜਹਾਂਗੀਰ ਲਾਹੌਰ ਨੂੰ ਜਾਂਦਾ ਹੋਯਾ ਘੋੜੇ ਉੱਤੋਂ ਡਿੱਗ ਪਿਆ ਤਾਂ ਓਨ ਹੁਕਮ ਦਿਤਾ, ਮੇਰੀ ਜਨਮ ਪੱਤ੍ਰੀ ਦੇਖੋ ਇਹ ਸੱਟ ਮੈਨੂੰ ਕਯੋਂ ਵੱਜੀ ਹੈ? ਦੀਵਾਨ ਚੰਦ ਨੇ ਅਰਜ਼ ਕੀਤੀ, "ਜਨਮ ਪੱਤਰੀ ਹੋਰ ਬਹੁਤ ਸਾਰੇ ਸਾਮਾਨ ਸਮੇਤ ਚੋਰੀ ਚਲੀ ਗਈ ਹੈ। ਲੋਗ ਕਹਿੰਦੇ ਹਨ ਕਿ ਗੁਰੂ ਅਰਜਨ ਜੀ ਦੇ ਪਾਸ ਜੋ ਬਹੁਤ ਸਾਰੇ ਚੋਰ ਧਾੜਵੀ ਹਨ। ਓਹ ਚੁਰਾ ਕੇ ਲੈ ਗਏ ਹਨ।" ਬਾਦਸ਼ਾਹ ਨੇ ਕਿਹਾ, "ਜੇ ਓਥੇ ਗਈ ਹੋਊ ਤਾਂ ਓਹ ਭੇਜ ਦੇਣਗੇ। ਕਿਸੇ ਆਦਮੀ ਨੂੰ ਭੇਜ ਦਿਓ।" ਏਹ ਹੁਕਮ ਲੈ ਕੇ ਚੰਦੂ ਦੁਸ਼ਟ ਨੇ ਸੁਲਭੀ ਖਾਂ ਨੂੰ ਦੋ ਸੌ ਅਸਵਾਰ ਨਾਲ ਚੜ੍ਹਾ ਕੇ ਹੁਕਮ ਦਿੱਤਾ, ਜਿਸ ਤਰ੍ਹਾਂ ਬਣੇ ਗੁਰੂ ਨੂੰ ਮਾਰ ਕੇ ਓਨ੍ਹਾਂ ਦਾ ਘਰ ਬਾਰ ਲੁੱਟ ਕੇ ਲੈ ਆਵੀਂ। ਪਰ ਓਹ ਰਾਹ ਵਿੱਚ ਹੀ ਇੱਕ ਸੱਯਦ ਦੇ ਹਥੋਂ ਮਾਰਿਆ ਗਿਆ। ਸੁਲਹੀ ਖਾਂ ਦਾ ਗੁਰੂ ਕੇ ਕੋਠੇ ਪਿੰਡ ਆਵੇ ਵਿੱਚ ਸੜ ਮਰਨਾ ਲਿਖਯਾ ਹੈ, ਜੋ ਪ੍ਰਿਥੀਚੰਦ ਦੇ ਪੜੋਤ੍ਰੇ ਸੋਢੀ ਕੌਲ ਨੇ ਕਪੂਰੇ ਬਿਰਾੜ ਤੋਂ ਜ਼ਮੀਨ ਲੈ ਕੇ ਸੰਮਤ ੧੭੨੧ ਬਿਕ੍ਰਮੀ ਨੂੰ ਬਸਾਯਾ ਸੀ। ਏਹ ਬਾਤ ਕੋਠੇ ਪਿੰਡ ਦੀ ਸੰਨਦ ਤੋਂ ਸਬੂਤ ਹੈ ਜੋ ਕੌਲ ਦੀ ਉਲਾਦ ਪਾਸ ਹੁਣ ਭੀ ਹੈ।

ਲਿਖਤ ਕਰਵਾ ਕੇ ਏਹ ਫ਼ੈਸਲਾ ਕਰ ਦਿੱਤਾ ਅਰਥਾਤ ਗੁਰੂ ਜੀ ਦੇ ਬਾਈ ਮਸੰਦਾਂ ਵਿੱਚੋਂ ਸਾਰੇ ਤਿੰਨ ਮਸੰਦ ਮੇਹਰਵਾਨ ਨੂੰ ਦਿਵਾ ਦਿੱਤੇ, ਜਿਨ੍ਹਾਂ ਦਾ ਵੇਰਵਾ ਇਹ ਹੈ: ਇੱਕ ਮਸੰਦ ਸੁਚਾ ਨਾਮ ਬੰਨੂ ਟਾਂਕ ਦੇ ਪਰਗਣੇ ਦਾ, ਦੂਜਾ ਧਨੀ ਘੇਬ ਡੇਹਰੇ ਗ਼ਾਜ਼ੀ ਖਾਂ ਆਦਿਕ ਪ੍ਰਗਣਿਆਂ ਦਾ ਤੀਜਾ ਝੰਗ ਚਨਿਓਟ ਦੇ ਪ੍ਰਗਣੇ ਦਾ।

ਜਾਂ ਏਹ ਸਾਰੇ ਬ੍ਰਿਤਾਂਤ ਸੰਗਤ ਨੇ ਸੁਣੇ ਤਾਂ ਬਹੁਤ ਸਿੱਖਾਂ ਨੇ ਮੇਹਰਵਾਨ ਦੇ ਮਸੰਦਾਂ ਨੂੰ ਜਵਾਬ ਦੇ ਦਿੱਤਾ ਤਦ ਗੁਰੂ ਜੀ ਨੇ ਜੋ ਸਰਬਦਾ ਦਯਾਲੂ ਸੇ, ਸਿੱਖਾਂ ਵੱਲ ਹੁਕਮਨਾਮੇ ਲਿਖ ਭੇਜੇ ਜੋ ਮੇਹਰਵਾਨ ਦੇ ਮਸੰਦਾਂ ਨੂੰ ਅੱਗੇ ਵਾਂਙ ਹੀ ਮੰਨਣ। ਸੋ ਸਿੱਖ ਗੁਰੂ ਜੀ ਦੇ ਹੁਕਮ ਅਨੁਸਾਰ ਮੁੜ ਮਸੰਦਾਂ ਨੂੰ ਮੰਨਣ ਲਗ ਪਏ। ਪਰ ਪਗ ਪਾਹੁਲ ਗੁਰਗੱਦੀ ਨਸ਼ੀਨ ਪਾਸੋਂ ਹੀ ਲੈਂਦੇ ਰਹੇ। ਓਹ ਹੁਕਮਨਾਮੇ ਮਸੰਦਾਂ ਦੀ ਉਲਾਦ ਪਾਸ ਹੁਣ ਤੱਕ ਹਨ।

## (ਪਾ: ੫ - ੩੩)

## ਬਾਦਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਸ਼ਨ ਕਰਨਾ

ਜਦ ਵੈਸਾਖ ਸੰਮਤ ੧੬੬੨ ਬਿਕ੍ਰਮੀ ਨੂੰ ਬਾਦਸ਼ਾਹ ਲਾਹੌਰ ਨੂੰ ਜਾਂਦਾ ਹੋਯਾ ਕਸਬੇ ਵਟਾਲੇ ਉਤਰਿਆ, ਤਾਂ ਪ੍ਰਿਥੀਚੰਦ ਦੀ ਚੁੱਕ ਨਾਲ ਦੋ ਚਾਰ ਕਾਜ਼ੀਆਂ ਨੇ ਬਾਦਸ਼ਾਹ ਪਾਸ ਚੁਗਲੀ ਕੀਤੀ ਕਿ ਅਰਜਨ ਨੇ ਜੋ ਪੁਸਤਕ ਬਨਾਯਾ ਹੈ, ਓਸ ਵਿੱਚ ਦੀਨ ਇਸਲਾਮ ਤੇ ਪੈਗੰਬਰਾਂ ਦੀ ਨਿੰਦਾ ਲਿਖੀ ਹੈ। ਪਾਸੋਂ ਪ੍ਰਿਥੀਏ ਤੇ ਚੰਦੂ ਨੇ ਐਸੇ ਢੰਗ ਨਾਲ ਦਬਾ ਕੇ ਗਵਾਹੀ ਦਿੱਤੀ, ਜਿਸ ਪਰ ਬਾਦਸ਼ਾਹ ਨੇ ਗੁਰੂ ਅਰਜਨ ਜੀ ਨੂੰ ਗ੍ਰੰਥ ਸਾਹਿਬ ਸਮੇਤ ਵਟਾਲੇ ਤਲਬ ਕੀਤਾ। ਪਰ ਆਪ ਤਾਂ ਗੁਰੂ ਜੀ ਨਾ ਗਏ ਤੇ ਬਾਬੇ ਬੁੱਢੇ ਤੇ ਭਾਈ ਗੁਰਦਾਸ ਤੇ ਪੰਜ ਸਤ ਸਿਆਣੇ ਸਿੱਖਾਂ ਗ੍ਰੰਥ ਸਾਹਿਬ ਜੀ ਦੇ ਤਾਬੇ ਕਰ ਕੇ ਭੇਜ ਦਿੱਤਾ। ਜਾਂ ਅਕਬਰ ਬਾਦਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਦੇ ਪੜ੍ਹਨ ਦਾ ਹੁਕਮ ਦਿੱਤਾ ਤਾਂ ਭਾਈ ਗੁਰਦਾਸ ਜੀ ਨੇ ਏਹ ਸ਼ਬਦ ਸੁਣਾਯਾ:

ਤਿਲੰਗ ਮਹਲਾ ੫ ਘਰੁ ੧
ੴ ਸਤਿਗੁਰ ਪ੍ਰਸਾਦਿ ॥
ਖਾਕ ਨੂਰ ਕਰਦੰ ਆਲਮ ਦੁਨੀਆਇ ॥
ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ ॥੧॥
ਬੰਦੇ ਚਸਮ ਦੀਦੰ ਫਨਾਇ ॥
ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ ॥ ਰਹਾਉ ॥
ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥
ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ ॥੨॥
ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ ॥
ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ ॥੩॥
ਹਵਾਲ ਮਾਲੂਮੁ ਕਰਦੰ ਪਾਕ ਅਲਾਹ ॥
ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥੪॥੧॥

(ਤਿਲੰਗ, ਮ: ੫ - ੭੨੩)

ਏਹ ਸ਼ਬਦ ਸੁਣ ਕੇ ਅਮੀਰ ਗ਼ਰੀਬ ਸੱਚੇ ਲੋਗ ਤਾਂ ਬਹੁਤ ਖ਼ੁਸ਼ੀ ਹੋਏ ਪਰ ਚੁਗਲਾਂ ਦੀ ਚਿੰਤਾ ਠੰਢੀ ਨਾ ਹੋਈ ਤੇ ਚੰਦੂ ਦੁਸ਼ਟ ਨੇ ਆਖਯਾ, "ਏਹ ਸ਼ਬਦ ਪਹਿਲਾਂ ਹੀ ਸਿੱਖਾਂ ਨੇ ਤੁਹਾਡੇ ਸੁਨਾਵਣ ਵਾਸਤੇ ਚੁਣ ਰੱਖਿਆ ਸੀ।" ਤਦ ਬਾਦਸ਼ਾਹ ਨੇ ਅਨੇਕ ਪੱਤ੍ਰੇ ਉਲਟਾਕੇ ਉਂਗਲ ਰੱਖ ਕੇ ਆਖਯਾ, "ਐਥੋਂ ਪੜ੍ਹੋ" ਤਾਂ ਏਹ ਸ਼ਬਦ ਆਯਾ:

ਮਾਰੂ ਮਹਲਾ ੫ ॥
ਅਲਹ ਅਗਮ ਖੁਦਾਈ ਬੰਦੇ ॥
ਛੋਡਿ ਖਿਆਲ ਦੁਨੀਆ ਕੇ ਧੰਧੇ ॥
ਹੋਇ ਪੈ ਖਾਕ ਫਕੀਰ ਮੁਸਾਫਰੁ
ਇਹੁ ਦਰਵੇਸੁ ਕਬੂਲੁ ਦਰਾ ॥੧॥
ਸਚੁ ਨਿਵਾਜ ਯਕੀਨ ਮੁਸਲਾ ॥
ਮਨਸਾ ਮਾਰਿ ਨਿਵਾਰਿਹੁ ਆਸਾ ॥
ਦੇਹ ਮਸੀਤਿ ਮਨੁ ਮਉਲਾਣਾ
ਕਲਮ ਖੁਦਾਈ ਪਾਕੁ ਖਰਾ ॥੨॥
ਸਰਾ ਸਰੀਅਤਿ ਲੇ ਕੰਮਾਵਹੁ ॥
ਤਰੀਕਤਿ ਤਰਕ ਖੋਜਿ ਟੋਲਾਵਹੁ ॥
ਮਾਰਫਤਿ ਮਨੁ ਮਾਰਹੁ ਅਬਦਾਲਾ

ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥
ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥
ਦਸ ਅਉਰਾਤ ਰਖਹੁ ਬਦ ਰਾਹੀ ॥
ਪੰਚ ਮਰਦ ਸਿਦਕਿ ਲੇ ਬਾਧਹੁ
ਖੈਰਿ ਸਬੂਰੀ ਕਬੂਲ ਪਰਾ ॥੪॥
ਮਕਾ ਮਿਹਰ ਰੋਜਾ ਪੈ ਖਾਕਾ ॥
ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥
ਹੂਰ ਨੂਰ ਮੁਸਕੁ ਖੁਦਾਇਆ
ਬੰਦਗੀ ਅਲਹ ਆਲਾ ਹੁਜਰਾ ॥੫॥
ਸਚੁ ਕਮਾਵੈ ਸੋਈ ਕਾਜੀ ॥
ਜੋ ਦਿਲੁ ਸੋਧੈ ਸੋਈ ਹਾਜੀ ॥
ਸੋ ਮੁਲਾ ਮਲਊਨ ਨਿਵਾਰੈ
ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥
ਸਭੇ ਵਖਤ ਸਭੇ ਕਰਿ ਵੇਲਾ ॥
ਖਾਲਕੁ ਯਾਦਿ ਦਿਲੈ ਮਹਿ ਮਉਲਾ ॥
ਤਸਬੀ ਯਾਦਿ ਕਰਹੁ ਦਸ ਮਰਦਨੁ
ਸੁੰਨਤਿ ਸੀਲੁ ਬੰਧਾਨਿ ਬਰਾ ॥੭॥
ਦਿਲ ਮਹਿ ਜਾਨਹੁ ਸਭ ਫਿਲਹਾਲਾ ॥
ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥
ਮੀਰ ਮਲਕ ਉਮਰੇ ਫਾਨਾਇਆ
ਏਕ ਮੁਕਾਮ ਖੁਦਾਇ ਦਰਾ ॥੮॥
ਅਵਲਿ ਸਿਫਤਿ ਦੂਜੀ ਸਾਬੂਰੀ ॥
ਤੀਜੈ ਹਲੇਮੀ ਚਉਥੈ ਖੈਰੀ ॥
ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ ॥੯॥
ਸਗਲੀ ਜਾਨਿ ਕਰਹੁ ਮਉਦੀਫਾ ॥
ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ ॥੧੦॥
ਹਕੁ ਹਲਾਲੁ ਬਖੋਰਹੁ ਖਾਣਾ ॥
ਦਿਲ ਦਰੀਆਉ ਧੋਵਹੁ ਮੈਲਾਣਾ ॥
ਪੀਰੁ ਪਛਾਣੈ ਭਿਸਤੀ ਸੋਈ
ਅਜਰਾਈਲੁ ਨ ਦੋਜ ਠਰਾ ॥੧੧॥
ਕਾਇਆ ਕਿਰਦਾਰ ਅਉਰਤ ਯਕੀਨਾ ॥
ਰੰਗ ਤਮਾਸੇ ਮਾਣਿ ਹਕੀਨਾ ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ
ਸਾਬਤ ਸੂਰਤਿ ਦਸਤਾਰ ਸਿਰਾ ॥੧੨॥
ਮੁਸਲਮਾਣੁ ਮੋਮ ਦਿਲਿ ਹੋਵੈ ॥
ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ
ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥
ਜਾ ਕਉ ਮਿਹਰ ਮਿਹਰ ਮਿਹਰਵਾਨਾ ॥

ਸੋਈ ਮਰਦੁ ਮਰਦੁ ਮਰਦਾਨਾ ॥
ਸੋਈ ਸੇਖੁ ਮਸਾਇਕੁ ਹਾਜੀ
ਸੋ ਬੰਦਾ ਜਿਸੁ ਨਜਰਿ ਨਰਾ ॥੧੪॥
ਕੁਦਰਤਿ ਕਾਦਰ ਕਰਣ ਕਰੀਮਾ ॥
ਸਿਫਤਿ ਮੁਹਬਤਿ ਅਥਾਹ ਰਹੀਮਾ ॥
ਹਕੁ ਹੁਕਮੁ ਸਚੁ ਖੁਦਾਇਆ
ਬੁਝਿ ਨਾਨਕ ਬੰਦਿ ਖਲਾਸ ਤਰਾ ॥੧੫॥੩॥੧੨॥

(ਮਾਰੂ, ਮਃ ੫ - ੧੦੮੩/੮੪)

ਏਹ ਸ਼ਬਦ ਸੁਣ ਕੇ ਹੋਰ ਤਾਂ ਸਬ ਲੋਗ ਬਾਦਸ਼ਾਹ ਸਮੇਤ ਖ਼ੁਸ਼ ਹੋਏ ਤੇ ਵਾਹ ਵਾਹ ਕਹਿਣ ਲੱਗੇ, ਪਰ ਚੁਗਲਾਂ ਨੂੰ ਫੇਰ ਭੀ ਚੈਨ ਨਾ ਆਯਾ ਤੇ ਸਰਬਦਿਆਲ ਮੁਨਸ਼ੀ; ਜੋ ਗੁਰਮੁਖੀ ਪੜ੍ਹਿਆ ਹੋਯਾ ਸੀ, ਤੀਜੀ ਵਾਰ ਗੁਰੂ ਗ੍ਰੰਥ ਸਾਹਿਬ ਪੜ੍ਹਨ ਲੱਗਾ ਤਾਂ ਏਹ ਸ਼ਬਦ ਆਯਾ:

ਰਾਮਕਲੀ ਮਹਲਾ ੫ ॥
ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥
ਕਾਰਣ ਕਰਣ ਕਰੀਮ ॥
ਕਿਰਪਾ ਧਾਰਿ ਰਹੀਮ ॥੧॥ ਰਹਾਉ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥
ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥

(ਰਾਮਕਲੀ, ਮਃ ੫ - ੮੮੫)

ਏਹ ਸ਼ਬਦ ਸੁਣ ਕੇ ਬਾਦਸ਼ਾਹ ਨੂੰ ਨਿਸਚਾ ਹੋ ਗਿਆ ਕਿ ਏਸ ਗ੍ਰੰਥ ਵਿੱਚ ਸਿਵਾਇ ਪਰਮੇਸ਼੍ਵਰ ਦੀ ਮਹਿਮਾ ਤੇ ਸੱਚੇ ਉਪਦੇਸ਼ ਦੇ ਹੋਰ ਕਿਸੇ ਦੀ ਨਿੰਦਾ ਕਹਾਣੀ ਨਹੀਂ। ਚੁਗਲ ਝੂਠੇ ਹਨ। ਫੇਰ ੫੧ ਮੋਹਰਾਂ ਪੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੇ ਸਭਨਾਂ ਸਿੱਖਾਂ ਨੂੰ ਦੁਸ਼ਾਲੇ ਤੇ ਗੁਰੂ ਜੀ ਵਾਸਤੇ ਖਿਲਤ ਦੇ ਕੇ ਵਿਦਾ ਕੀਤਾ।

## (ਪਾਃ ੫ - ੩੪)

## ਬਾਦਸ਼ਾਹ ਦਾ ਗੁਰੂ ਜੀ ਨੂੰ ਮਿਲਣਾ ਤੇ ਬੀਬੀ ਭਾਨੀ, ਮਹਾਂਦੇਵ ਪ੍ਰਿਥੀਏ ਦਾ ਚਲਾਣਾ।

ਜਦ ਭਾਦੋਂ ਵਿੱਚ ਅਕਬਰ ਬਾਦਸ਼ਾਹ ਨੇ ਕਾਬਲ ਵੱਲੋਂ ਮੁੜ ਗੁਰੂ ਚੱਕ ਆ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਗੁਰੂ ਕਾ ਸਤੋਗੁਣੀ, ਸ਼ਾਂਤਿ ਸੁਭਾਵ ਅਤੇ ਦੇਵਤਿਆਂ ਵਰਗੇ ਸਿੱਖਾਂ ਦੀ ਸਭਾ, ਅੰਮ੍ਰਿਤਸਰ ਤੀਰਥ ਹਰਿਮੰਦਰ ਸਾਹਿਬ ਤੇ ਲੰਗਰ ਗ਼ਰੀਬਾਂ ਨੂੰ ਵਰਤਦਾ ਦੇਖ ਕੇ ਬਹੁਤ ਖ਼ੁਸ਼ੀ ਹੋਯਾ। ਫੇਰ ਗੁਰੂ ਸਾਹਿਬ ਦੇ ਅਨੇਕ ਸ਼ਬਦ ਸੁਣੇ ਅਤੇ ਭਾਵੇਂ ਗੁਰੂ ਸਾਹਿਬ ਜੀ ਦੀ ਇਛਜਾ ਨਹੀਂ ਸੀ, ਪਰ ਬਾਦਸ਼ਾਹ ਨੇ ਓਨ੍ਹਾਂ ਬਾਰਾਂ ਪਿੰਡਾਂ ਦੀ ਆਦਮਨੀ; ਜਿਨ੍ਹਾਂ ਦਾ ਪਟਾ ਤੀਸਰੀ ਪਾਤਸ਼ਾਹੀ ਨੂੰ ਦੇ ਗਿਆ ਸੀ, ਲੰਗਰ ਵਿੱਚ ਪਾਉਣ ਦਾ ਬਹੁਤ ਹਠ ਕੀਤਾ। ਤਦ ਗੁਰੂ ਜੀ ਨੇ ਬਚਨ {ਗੁਰੂ ਜੀ ਨੇ ਕਾਲ ਕਾਰਣ ਪੰਜਾਬ ਦਾ ਮਾਮਲਾ ਮੁਆਫ਼ ਕਰਵਾਇਆ} ਕੀਤਾ, "ਸਾਡੇ ਲੰਗਰ ਦੀ ਸੇਵਾ ਏਹੋ ਹੈ ਜੋ ਪਰਜਾ ਨੂੰ ਪਾਲੋ। ਕਯੋਂਕੇ ਤੇਰੀ ਪਰਜਾ ਬਾਰਸ਼ ਨਾ ਹੋਣ ਕਰ ਕੇ ਕਾਲ ਪੈ ਜਾਣ ਦੇ ਸਬੱਬ ਭੁਖੀ ਮਰ ਰਹੀ ਹੈ। ਏਸ ਦੀ ਪਰਵਰਸ਼ ਕਰੋ। ਕਯੋਂਕਿ ਜਿਸ ਦੀ ਪਰਜਾ ਖ਼ੁਸ਼ੀ ਰਹਿੰਦੀ ਹੈ ਓਹ ਬਾਦਸ਼ਾਹ ਹਮੇਸ਼ ਭਿਸਤ (ਸ੍ਵਰਗ) ਭੋਗਦੇ ਹਨ ਤੇ ਬਾਦਸ਼ਾਹੀ ਭੀ ਓਨ੍ਹਾਂ ਦੀ ਕਾਯਮ ਰਹਿੰਦੀ ਹੈ।" ਬਾਦਸ਼ਾਹ ਨੇ ਅਰਜ਼ ਕੀਤੀ, "ਜੋ ਫਰਮਾਓ।" ਤਦ ਗੁਰੂ ਜੀ ਨੇ ਕਿਹਾ, "ਮਾਮਲਾ ਛੱਡ ਦੇਹ।" ਬਾਦਸ਼ਾਹ ਨੇ ਬਚਨ ਮੰਨ ਕੇ ਸਾਰੀ ਪੰਜਾਬ ਦਾ ਮਾਮਲਾ ਮਾਫ਼ ਕਰ ਦਿੱਤਾ ਤੇ ਆਪਣੇ ਕੋਲੋਂ ਭੀ ਅੰਨ ਬਹੁਤ ਦਿੱਤਾ। ਇਸ ਉਪਕਾਰ ਦੀ ਵਾਰਤਾ ਤੋਂ ਗੁਰੂ ਸਾਹਿਬ ਦਾ ਸੁਜਸ ਬਹੁਤ ਫੈਲ ਗਿਆ, ਜਿਸ ਨੂੰ ਸੁਣ ਕੇ ਪ੍ਰਿਥੀਚੰਦ ਸੱਥਰ ਲੈਹ ਪਿਆ। ਪਰ ਪੇਸ਼ ਕੁਛ ਨਾ ਜਾਏ।

ਏਸੇ ਸੰਮਤ ੧੬੬੨ ਬਿਕ੍ਰਮੀ ਅੱਸੂ ਨੂੰ {ਮਾਤਾ ਭਾਨੀ ਜੀ ਪ੍ਰਲੋਕ ਗਮਨ} ਮਾਤਾ ਭਾਨੀ ਤੇ ਕੱਤਕ ਵਦੀ ਪੰਚਮੀ ਨੂੰ {ਬਾਬਾ ਮਹਾਂਦੇਵ ਜੀ ਪ੍ਰਲੋਕ ਗਮਨ} ਮਹਾਂਦੇਵ ਜੀ ਨੇ ਗੋਇੰਦਵਾਲ ਜਾ ਕੇ ਦੇਹ ਛੱਡੀ। ਓਨ੍ਹਾਂ ਦੇ ਨਮਿਤ ਗੁਰੂ ਅਰਜਨ ਸਾਹਿਬ ਜੀ ਨੇ ਗੋਇੰਦਵਾਲ ਖਡੂਰ ਰਾਮਦਾਸਪੁਰ ਵਿੱਚ ਵੱਡੇ ਭਾਰੀ ਜਗਯ ਕੀਤੇ।

ਏਸੇ ਸਮੇਂ ਪ੍ਰਿਥੀਚੰਦ ਫੇਰ ਲਾਹੌਰ ਨੂੰ ਫਰਿਆਦ ਕਰਨ ਤੁਰਿਆ ਤਾਂ ਰਸਤੇ ਵਿੱਚ ਹੀ {ਪ੍ਰਿਥੀਚੰਦ ਦਾ ਚਲਾਣਾ} ੨੭ ਮੱਘਰ ਸੰਮਤ ੧੬੬੨ ਬਿਕ੍ਰਮੀ ਨੂੰ ਅਜੇਹਾ ਸੂਲ ਉੱਠਿਆ ਕਿ ਤੜਫ ਤੜਫ ਕੇ ਮਰ ਗਿਆ।

## (ਪਾঃ ੫ - ੩੫)
## ਗੁਰੂ ਮਹਾਰਾਜ ਜੀ ਦਾ ਜੋਤੀ ਜੋਤਿ ਸਮਾਉਣਾ

ਏਸੇ ਸੰਮਤ ੧੬੬੨ ਬਿਕ੍ਰਮੀ ਵਿੱਚ ਅਕਬਰ ਸ਼ਾਹ ਦੇ ਗੁਜ਼ਰੇ ਪਿੱਛੋਂ ਓਸ ਦੇ ਵੱਡੇ ਪੁੱਤ੍ਰ ਸਲੀਮ ਨੇ ਤਖ਼ਤ ਪਰ ਬੈਠ ਕੇ ਆਪਣਾ ਨਾਮ ਜਹਾਂਗੀਰ ਰੱਖਜਾ ਤਾਂ ਓਸ ਦਾ ਬੇਟਾ ਖੁਸਰੋ ਓਸ ਨਾਲ ਵਿਗੜ ਗਿਆ। ਪਰ ਲੜਾਈ ਵਿੱਚ ਹਾਰ ਕੇ ਪੰਜਾਬ ਵਲ ਨੱਠ ਆਯਾ। ਓਸ ਸਮੇਂ ਗੁਰੂ ਅਰਜਨ ਸਾਹਿਬ ਜੀ ਤਰਨ ਤਾਰਨ ਉੱਤਰੇ ਹੋਏ ਸੇ। ਸ਼ਾਹਜ਼ਾਦੇ ਨੇ ਗੁਰੂ ਜੀ ਪਾਸ ਪਹੁੰਚ ਕੇ {ਖੁਸਰੋ ਆਗਮਨ} ਵੱਡੇ ਅਦਬ ਨਾਲ ਸਲਾਮ ਕੀਤੀ ਤੇ ਖ਼ਰਚ ਦੀ ਤੰਗੀ ਜਿਤਾ ਕਰ ਆਖਜਾ, "ਜੇਕਰ ਤੁਸੀਂ ਮੈਨੂੰ ਇੱਕ ਲੱਖ ਰੁਪਿਯਾ ਤੇ ਸਿੱਖਾਂ ਦੀ ਮਦਦ ਦਿਓ ਤਾਂ ਮੈਂ ਜਹਾਂਗੀਰ ਨੂੰ ਜਿੱਤ ਕੇ ਖੁਦ ਬਾਦਸ਼ਾਹ ਹੋ ਕੇ ਸਾਰੀ ਪੰਜਾਬ ਦਾ ਰਾਜ ਤੁਹਾਨੂੰ ਦੇਵਾਂਗਾ।" ਗੁਰੂ ਸਾਹਿਬ ਬੋਲੇ, "ਸਾਨੂੰ ਏਸ ਝੂਠੇ ਰਾਜ ਦੀ ਇਛਜਾ ਨਹੀਂ ਤੇ ਰੁਪਯਾ ਭੀ ਸਾਡੇ ਫ਼ਕੀਰਾਂ ਪਾਸ ਕਿੱਥੋਂ ਆਯਾ? ਏਹ ਤਾਂ ਚਲਦੀ ਸਰਾਂ ਹੈ। ਆਮਦਨੀ ਤੇ ਲੰਗ੍ਰ ਦਾ ਖ਼ਰਚ ਬਰਾਬਰ ਰਹਿੰਦਾ ਹੈ।" ਜਦ ਫੇਰ ਅਮੀਰ ਖੁਸਰੋ ਨੇ ਨਿੰਮ੍ਰ ਹੋ ਕੇ ਆਖਯਾ ਤਾਂ ਪੰਜ ਹਜਾਰ ਰੁਪਯਾ ਗੁਰੂ ਜੀ ਨੇ ਓਸ ਨੂੰ ਦਿੱਤਾ ਤੇ ਜਦ ਫੇਰ ਜਹਾਂਗੀਰ ਓਸ ਦੇ ਪਿੱਛੇ ਪਿੱਛੇ ਲਾਹੌਰ ਆ ਪੁੱਜਾ ਤਾਂ ਖੁਸਰੋ ਜੇਹਲਮ ਪਾਸੋਂ ਇੱਕ ਮਸੀਤ ਵਿੱਚੋਂ ਫੜਿਆ ਜਾਣੇ ਕਰ ਲਾਹੌਰ ਲਜਾ ਕੇ ਕਤਲ ਕੀਤਾ ਗਿਆ।

ਤਦੋਂ ਚੁਗਲਾਂ ਨੂੰ ਚੁਗਲੀ ਕਰਨ ਦਾ ਫੇਰ ਮੌਕਾ ਮਿਲਿਆ। ਪ੍ਰਿਥੀਚੰਦ ਦੇ ਪੁੱਤ੍ਰ ਮੇਹਰਵਾਨ ਤੇ ਦੀਵਾਨ ਚੰਦੂ ਲਾਲ ਨੇ ਪਹਿਲੇ ਤਾਂ ਏਹ ਆਖਜਾ {ਬਾਦਸ਼ਾਹ ਪਾਸ ਚੁਗਲੀ} ਕਿ ਓਹ ਚੋਰਾਂ ਧਾੜਵੀਆਂ ਨੂੰ ਪਾਸ ਰੱਖ ਕੇ ਮੁਲਕ ਲੁੱਟ ਰਿਹਾ ਹੈ ਤੇ ਓਸੇ ਦੇ ਧਾੜਵੀਆਂ ਨੇ ਤੁਹਾਡੀ ਜਨਮ ਪੜ੍ਹੀ ਸਮੇਤ ਬਹੁਤ ਸਾਮਾਨ ਲੁੱਟਿਆ ਸੀ। ਓਸੇ ਪੜ੍ਹੀ ਨੂੰ ਲੈਣ ਗਿਆ ਹੋਯਾ ਸੁਲਭੀ ਖਾਂ ਮਾਰਿਆ ਗਿਆ ਤੇ ਫੇਰ ਸੁਲਹੀ ਖਾਂ ਨੂੰ ਭੀ ਓਸੇ ਨੇ ਮਰਵਾਇਆ ਹੈ। ਤੇ ਹੁਣ ਆਪ ਦੇ ਦੁਸ਼ਮਣ ਖੁਸਰੋ ਨੂੰ ਇੱਕ ਲੱਖ ਰੁਪਯਾ ਖ਼ਰਚ ਵਾਸਤੇ ਦੇ ਕੇ ਆਪਣਾ ਕਈ ਲੱਖ ਮੁਰੀਦ ਓਸ ਦੀ ਕੁਮਕ ਵਾਸਤੇ ਤਿਆਰ ਕੀਤਾ ਸੀ। ਜੇਕਰ ਬਾਦਸ਼ਾਹੀ ਫੌਜ ਛੇਤੀ ਨਾ ਪਹੁੰਚਦੀ ਤਾਂ ਬੜਾ ਭਾਰੀ ਜੰਗ ਹੁੰਦਾ। ਬਾਦਸ਼ਾਹ ਕੰਨਾਂ ਦੇ ਕੱਚੇ ਹੀ ਹੁੰਦੇ ਹਨ। ਓਸੇ ਦੀ ਬਾਤ ਉੱਤੇ ਨਿਸਚਾ ਕਰ ਕੇ ਅਹਿਦੀਆ ਭੇਜ ਕੇ ਗੁਰੂ ਜੀ ਨੂੰ ਲਾਹੌਰ ਬੁਲਾ ਲਿਆ।

ਗੁਰੂ ਅਰਜਨ ਸਾਹਿਬ ਜੀ ਆਪਣੇ ਸ਼ਾਹਜ਼ਾਦੇ ਗੁਰੂ ਹਰਿਗੋਬਿੰਦ ਜੀ ਦਾ ਵਿਆਹ ਤਾਂ ਸੰਮਤ ੧੬੬੧ ਬਿਕ੍ਰਮੀ ੨੨ ਭਾਦ੍ਰੋਂ ਨੂੰ ਹੀ ਕਰ ਚੁੱਕੇ ਸੇ। ਹੁਣ ਆਪਣਾ ਅੰਤ ਸਮਾਂ ਨਿਕਟ ਦੇਖ ਕੇ ੭ ਜੇਠ ਸੰਮਤ ੧੬੬੩ ਬਿਕ੍ਰਮੀ ਨੂੰ ਗੁਰਿਆਈ ਦੀ ਗੱਦੀ ਪਰ ਬੈਠਾ ਕੇ ਬਾਬੇ ਬੁੱਢੇ, ਭਾਈ ਗੁਰਦਾਸ, ਭਾਈ ਬਹਿਲੋ, ਭਾਈ ਸਾਲੋ, ਭਾਈ ਕਲਜਾਣੇ ਆਦਕ ਨਾਮੀ ਨਾਮੀ ਸਿੱਖਾਂ ਨੂੰ ਗੁਰੂ ਘਰ ਦਾ ਕਾਰਬਾਰ ਤੇ ਗੁਰੂ ਹਰਿਗੋਬਿੰਦ ਜੀ ਦੀ ਬਾਂਹ ਸੌਂਪ ਕੇ ਭਾਈ ਜੇਠਾ, ਪੈੜਾ, ਬਿਧੀਆ ਲੰਗਾਹਾ, ਪਿਰਾਣਾ, ਏਹਨਾਂ ਸਿੱਖਾਂ ਨੂੰ ਨਾਲ ਲੈ ਕਰ ਲਾਹੌਰ ਜਾ ਪਹੁੰਚੇ।

ਭਾਈ ਸੁਧੁ ਭਗਤ ਜੋ ਬਹੁਤ ਦਿਨਾਂ ਤੋਂ ਈਦ ਦੇ ਚੰਦ ਵਾਂਙ ਗੁਰੂ ਜੀ ਦੇ ਦਰਸ਼ਨ ਦਾ ਲੋੜਵੰਦ ਸੀ। ਓਸ ਦੇ ਪ੍ਰੇਮ ਦੇ ਖਿੱਚੇ ਹੋਏ ਓਸੇ ਦੇ ਘਰ ਜਾ ਰਹੇ। ਓਸ ਨੇ ਬਹੁਤ ਪ੍ਰੇਮ ਤੇ ਸ਼ਰਧਾ ਨਾਲ ਸੇਵਾ ਕੀਤੀ। ਲਾਹੌਰ ਦੀ ਸੰਗਤ ਸੁਣ ਕੇ ਦਰਸ਼ਨ ਨੂੰ ਆਈ। ਸਤਸੰਗ ਹੁੰਦਾ ਰਿਹਾ। ਦੂਜੇ ਦਿਨ ਸੰਝ ਸਮੇਂ ਗੁਰੂ ਜੀ ਨੇ ਬਚਨ ਕੀਤਾ, "ਸਾਡਾ ਸਮਾਂ ਨੇੜੇ ਹੈ, ਹੁਣ ਸਭ ਚਲੇ ਜਾਓ।" ਸਿੱਖ ਤਾਂ ਭਾਵੇਂ ਪਾਸੋਂ ਜਾਣਾ ਨਹੀਂ ਚਾਹੁੰਦੇ ਸੇ। ਪਰ ਹੁਕਮ ਮੰਨਣ ਪਿਆ। ਗੁਰੂ ਜੀ ਕੇਵਲ ਓਨ੍ਹਾਂ ਪੰਜਾਂ ਸਿੱਖਾਂ ਨੂੰ; ਜੋ ਅੰਮ੍ਰਿਤਸਰੋਂ ਲਿਆਏ ਸੇ, ਨਾਲ ਲੈ ਕੇ ਬਾਦਸ਼ਾਹ ਦੇ ਪਾਸ ਚਲੇ ਗਏ। ਵਜ਼ੀਰ ਖਾਂ ਨੂੰ ਭੀ ਖ਼ਬਰ ਨਾ ਕੀਤੀ।

ਬਾਦਸ਼ਾਹ ਦੇ ਰੋਬਰੂ ਗਏ ਤਾਂ ਏਨਾਂ ਦੇ ਸੂਧੇ ਸਾਦੇ ਲਿਬਾਸ ਨੂੰ ਦੇਖ ਕੇ ਓਸ ਦਾ ਏਹ ਸ਼ੱਕ ਜਾਂਦਾ ਰਿਹਾ ਕਿ ਏਹ ਧਾੜਵੀਆਂ ਯਾ ਚੋਰਾਂ ਨੂੰ ਪਾਸ ਰੱਖਦੇ ਹੋਣਗੇ। ਸਗੋਂ ਗੁਰੂ ਜੀ ਤੋਂ ਸ਼ਬਦ* ਸੁਣ ਕੇ ਖ਼ੁਸ਼ ਹੋ ਗਿਆ। ਪਰ ਫੇਰ ਭੀ ਸਿਖਾਏ ਹੋਏ ਨੇ ਕਹਿ ਦਿੱਤਾ ਕਿ ਤੁਸਾਂ ਮੇਰੇ ਵੈਰੀ ਖੁਸਰੋ ਨੂੰ ਇੱਕ ਲਖ ਰੁਪਯਾ ਦਿੱਤਾ ਹੈ ਏਸ ਲਈ ਮੈਂ ਤੁਹਾਡੇ ਪਰ ਦੋ ਲੱਖ ਰੁਪਯਾ ਡੰਡ ਲਾਯਾ ਹੈ। ਗੁਰੂ ਜੀ ਬੋਲੇ, "ਅਸਾਂ ਖੁਸਰੋ ਨੂੰ ਤੁਹਾਡਾ ਵੈਰੀ ਸਮਝ ਕੇ ਰੁਪਯਾ ਨਹੀਂ ਦਿੱਤਾ। ਏਹ ਕੇਵਲ ਕਿਸੇ ਚੁਗਲਖੋਰ ਨੇ ਝੂਠ ਹੀ ਆਖਿਆ ਹੈ। ਅਸਾਂ ਤਾਂ ਓਸ ਨੂੰ ਦੁਖੀ ਤੇ ਦੀਨ ਸਮਝ ਕੇ ਪੰਜ ਹਜ਼ਾਰ ਰੁਪਯਾ ਖ਼ਰਚ ਵਾਸਤੇ ਦਿੱਤਾ ਹੈ ਤੇ ਅਸੀਂ ਕੋਈ ਜਾਗੀਰਦਾਰ ਯਾ ਰਾਜੇ ਤਾਂ ਨਹੀਂ ਜੋ ਹੁਣ ਤੁਹਾਨੂੰ ਦੋ ਲੱਖ ਰੁਪਯੇ ਦੇ ਦੇਵੀਏ। ਸਾਡੇ ਪਾਸ ਤਾਂ ਜੋ ਕੁਛ ਆਉਂਦਾ ਹੈ ਓਹ ਧਰਮ ਦੇ ਕੰਮਾਂ ਵਿੱਚ ਖ਼ਰਚ ਹੁੰਦਾ ਹੈ। ਅਸੀਂ ਰੁਪਯਾ ਨਹੀਂ ਦੇ ਸਕਦੇ।"

ਇਹ ਸੁਣ ਕੇ ਬਾਦਸ਼ਾਹ ਤਾਂ ਚੁੱਪ ਕਰ ਰਿਹਾ, ਪਰ ਲਾਹੌਰ ਦੇ ਨਾਜ਼ਮ {ਨਾਜ਼ਮ ਲਾਹੌਰ ਦੀ ਪੇਸ਼ਕਸ਼} ਨੇ ਪਾਸੋਂ ਆਖਿਆ ਕਿ ਜੇਹੜੀ ਪੁਸਤਕ ਤੁਸਾਂ ਬਣਾਈ ਹੈ ਜੇ ਓਸ ਵਿੱਚ ਹਜ਼ਰਤ ਸਾਹਿਬ ਜੀ ਦੀ ਆਪ ਤਾਰੀਫ਼ ਦਿਓਗੇ ਤਾਂ ਬਾਦਸ਼ਾਹ ਤੁਹਾਡੇ ਉੱਪਰ ਮੇਹਰਬਾਨੀ ਕਰਨਗੇ ਤੇ ਜੁਰਮਾਨਾਂ ਭੀ ਮਾਫ਼ ਹੋ ਜਾਊ। ਗੁਰੂ ਸਾਹਿਬ ਜੀ ਨੇ ਜਵਾਬ ਦਿੱਤਾ ਕਿ ਏਹ ਕੰਮ ਸਾਡੇ ਵੱਸ ਵਿੱਚ ਨਹੀਂ। ਏਹ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੈ। ਜੋ ਕੁਛ ਸਾਨੂੰ ਹੁਕਮ ਹੋਯਾ ਹੈ ਓਹੋ ਅਸਾਂ ਲਿਖਿਆ ਹੈ, ਵੱਧ ਘੱਟ ਕੁਛ ਨਹੀਂ ਕਰ ਸਕਦੇ।

ਏਹ ਸੁਣ ਕੇ ਬਾਦਸ਼ਾਹ ਤਾਂ ਉੱਠ ਗਿਆ ਤੇ ਦੂਜੇ ਦਿਨ ਸਵੇਰੇ ਹੀ ਸਿੰਧ ਵੱਲ ਤੁਰ ਗਿਆ ਅਤੇ ਗੁਰੂ ਜੀ ਨੂੰ {ਚੰਦੂ ਦੁਸ਼ਟ ਦੀ ਕੈਦ ਵਿੱਚ} ਚੰਦੂ ਦੁਸ਼ਟ ਆਪਣੇ ਘਰ ਲੈ ਆਯਾ। ਪੰਜ ਸਿੱਖ, ਜੋ ਗੁਰੂ ਜੀ ਦੇ ਨਾਲ ਸੇ; ਓਨ੍ਹਾਂ ਨੂੰ ਤਾਂ ਡੇਉਢੀ ਵਿੱਚ ਕੈਦ ਕਰ ਦਿੱਤਾ ਤੇ ਗੁਰੂ ਜੀ ਨੂੰ ਅੰਦਰ ਹਵੇਲੀ ਵਿੱਚ (ਜੋ ਹੁਣ ਖੂਹ ਵਾਲੀ ਹਵੇਲੀ ਰਾਜੇ ਲਾਲ ਸਿੰਘ ਦੇ ਮਹਿਲ ਪਾਸ ਹੈ) ਲੈ ਗਿਆ ਅਤੇ ਆਖਣ ਲੱਗਾ, "ਹੁਣ ਕੀ ਵੱਸ ਜੇ? ਹੁਣ ਮੇਰਾ ਨਾਤਾ ਮੰਨ ਲਓ, ਨਹੀਂ ਤਾਂ ਮੈਂ ਬੁਰਾ ਹਾਲ ਕਰਾਂਗਾ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਚਾਰ ਹਰਫ ਮੁਹੰਮਦ ਦੀ ਤਾਰੀਫ਼ ਦੇ ਲਿਖ ਦਿਓਗੇ ਤਾਂ ਮੈਂ ਬਾਦਸ਼ਾਹ ਤੋਂ ਜੁਰਮਾਨਾ ਭੀ ਮਾਫ਼ ਕਰਾ ਕੇ ਬਡੀ ਇੱਜ਼ਤ ਕਰਾ ਦੇਵਾਂਗਾ।"

ਇਸ ਵੇਲੇ ਪਰਬਤ ਸਮਾਨ ਅਚੱਲ ਹਿਰਦੇ ਵਾਲੇ ਸਤਿਗੁਰਾਂ ਨੇ ਆਖਿਆ, "ਹੇ ਚੰਦੂ ਇਹ ਦੋਵੇਂ ਗੱਲਾਂ ਨਹੀਂ ਹੋਣੀਆਂ। ਨਾਤੇ ਵਾਸਤੇ ਅਸੀਂ ਸਿੱਖਾਂ ਦੇ ਕਹੇ ਪ੍ਰਣ ਕਰ ਚੁੱਕੇ ਹਾਂ। ਓਹ ਪ੍ਰਣ ਕਦੇ ਨਹੀਂ ਤੋੜਾਂਗੇ। ਕਯੋਂਕਿ:

ਸਾਰਗ ਮਹਲਾ ੫ ॥
ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥
ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥੨॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥੩॥
ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥
ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥

(ਸਾਰਗ, ਮਃ ੫ – ੧੨੦੪)

---

*"ਕੋਈ ਬੋਲੈ ਰਾਮ ਰਾਮ ਕੋਈ ਖੁਦਾਇ।" ਇਤਿਆਦਕ।

ਅਤੇ ਮੁਹੰਮਦ ਦੀ ਤਾਰੀਫ਼ ਭੀ ਨਹੀਂ ਲਿਖ ਸਕਦੇ ਕਯੋਂਕਿ ਅਸੀਂ ਸੱਚੇ ਧਰਮ ਦੇ ਪ੍ਰਚਾਰ ਵਾਸਤੇ ਆਏ ਹਾਂ। ਝੂਠੀ ਖ਼ੁਸ਼ਾਮਦ ਤੇਰੇ ਵਾਂਙ ਨਹੀਂ ਕਰਨੀ, ਚਾਹੇ ਸਾਡੇ ਪ੍ਰਾਣ ਹੀ ਕਿਉਂ ਨਾ ਚਲੇ ਜਾਣ।" ਫੇਰ ਚੰਦੂ ਨੇ ਕਿਹਾ, "ਜ਼ਬਾਨੀ ਕਹਿਣਾ ਸੁਖਾਲਾ ਹੈ, ਪਰ ਜਦ ਪ੍ਰਾਣਾਂ ਪਰ ਬਣਦੀ ਹੈ ਤਾਂ ਸੱਭੇ ਭੁੱਲ ਜਾਂਦੀਆਂ ਹਨ। ਦੇਖਾਂਗਾ ਨਾ! ਜੋ ਤੁਸੀਂ ਭੀ ਕਿਹੋ ਜਿਹਾ ਪ੍ਰਣ ਪੂਰਾ ਕਰਦੇ ਹੋ?" ਗੁਰੂ ਸਾਹਿਬ ਜੀ ਨੇ ਕਿਹਾ, "ਜੋ ਕਰਤਾਰ ਦੀ ਮਰਜ਼ੀ!" ਭਾਵੇਂ ਗੁਰੂ ਜੀ ਨੇ ਸੱਚ ਬਾਤ ਕਹੀ ਸੀ, ਪਰ ਚੰਦੂ ਨੂੰ 'ਗਧੇ ਨੂੰ ਮਿਸਰੀ ਤੇ ਬਾਂਦ੍ਰ ਨੂੰ ਘਿਓ' ਦਾ ਕੰਮ ਕੀਤਾ, ਜਿਸ ਨਾਲ ਸੜ ਬਲ ਕੇ ਕੋਲਾ ਹੋ ਗਿਆ ਤੇ ਸਿਪਾਹੀਆਂ ਨੂੰ ਹੁਕਮ ਦਿਤੋਸ ਕਿ ਗੁਰੂ ਨੂੰ ਖਾਣ ਪੀਣ ਨੂੰ ਕੁਛ ਨਾ ਦੇਣਾ ਤੇ ਨਾ ਹੀ ਸੌਣ ਦੇਣਾ।

ਏਹ ਹੁਕਮ ਦੇ ਕੇ ਚੰਦੂ ਦੁਸ਼ਟ ਆਪ ਕੋਮਲ ਸੇਜਾ ਪਰ ਜਾ ਸੁੱਤਾ ਤੇ ਸੱਚੇ ਪਾਤਸ਼ਾਹ ਨੂੰ ਦੁੱਖ ਵਿੱਚ ਸਿੱਟ ਗਿਆ। ਗੁਰੂ ਸਾਹਿਬ ਭਾਵੇਂ ਸ੍ਰੀਰ ਕਰ ਕੇ ਦੁੱਖੀ ਸੇ, ਪਰ ਮਨ ਵਿੱਚ ਪੂਰਨ ਪ੍ਰਮਾਤਮਾ ਦਾ ਪ੍ਰੇਮ ਭਰਪੂਰ ਸੀ, ਜਿਸ ਨਾਲ ਓਨ੍ਹਾਂ ਨੂੰ ਕੋਈ ਰੰਜ ਨਹੀਂ ਸੀ। ਅਗਲੇ ਦਿਨ ਚੰਦੂ ਸਵੇਰੇ ਹੀ ਆਯਾ ਤੇ ਫੇਰ ਆ ਕੇ ਓਹੋ ਗੱਲਾਂ ਆਖੀਆਂ ਪਰ ਜਾਂ ਸਾਫ਼ ਜਬਾਬ ਪਾਯਾ ਤਾਂ ਹੁਕਮ ਦੇ ਗਿਆ ਕਿ ਗ਼ਰਮ ਪਾਣੀ ਦੀ ਦੇਗ ਵਿੱਚ ਬੈਠਾਓ। ਹੇਠ ਅੱਗ ਬਾਲੋ। ਹੁਕਮ ਅਨੁਸਾਰ ਸਿਪਾਹੀਆਂ ਨੇ ਦੇਗ ਵਿੱਚ ਜਗਤ ਦੇ ਰੱਖਯਕ ਨੂੰ ਬਿਠਾਯਾ ਪਰ ਸ਼ਾਂਤੀ ਦੇ ਸੁੰਦਰ ਸਤਗੁਰੂ ਜੀ ਨੇ ਜ਼ਰਾ ਬੁਰਾ ਨਾ ਮੰਨਿਆ ਤੇ ਨਾ ਹੀ ਹਾਇ ਤੋਬਾ ਮੂੰਹੋਂ ਆਖੀ।

ਦੂਜੇ ਦਿਨ ਚੰਦੂ ਦੁਸ਼ਟ ਫੇਰ ਆਯਾ ਤੇ ਓਹੋ ਪੁਰਾਣੀ ਗੱਲ ਆਖੀ। ਪਰ ਜਾਂ ਮੰਨੀ ਨਾ ਗਈ ਤਾਂ ਹੁਕਮ ਦਿਤੋਸ ਕਿ ਅੱਜ ਗ਼ਰਮ ਰੇਤ ਏਹਨਾਂ ਉੱਪਰ ਪਾਈ ਜਾਵੇ। ਨੌਕਰ ਗ਼ਰਮ ਰੇਤ ਏਹਨਾਂ ਉੱਪਰ ਪਾਉਣ ਲਗੇ। ਪਿੰਡੇ ਉੱਪਰ ਫਲੂਹੇ ਪੈ ਗਏ। ਸਾਰੀ ਦੇਹ ਤੱਤੀ ਰੇਤ ਪਰ ਮੱਛੀ ਵਾਂਙ ਹੋ ਰਹੀ ਹੈ ਪਰ ਧੰਨ ਸਤਿਗੁਰੂ! ਜਿਨ੍ਹਾਂ ਕੇਵਲ ਸੱਚ ਦੇ ਵਾਸਤੇ ਇੱਡੇ ਕਸ਼ਟ ਸਹਾਰੇ।

ਦੂਜੇ ਦਿਨ ਚੰਦੂ ਨੇ ਫੇਰ ਆ ਕੇ ਕਿਹਾ ਤਦ ਭੀ ਗੁਰੂ ਜੀ ਨੇ ਇਨਕਾਰ ਹੀ ਕੀਤਾ। ਤਦ ਹੁਕਮ ਦੇ ਗਿਆ 'ਤੱਤੇ ਤਵੇ ਪੁਰ ਬਠਾਓ।'

ਜਾਂ ਏਹ ਖ਼ਬਰ ਮੀਆਂਮੀਰ ਨੇ; {ਮੀਆਂਮੀਰ ਜੀ} ਜੋ ਗੁਰੂ ਜੀ ਦਾ ਆਤਮਕ ਮਿਤ੍ਰ ਸੀ, ਸੁਣੀ ਤਾਂ ਗੁਰੂ ਜੀ ਪਾਸ ਆਯਾ ਤੇ ਜਿਸ ਵਕਤ ਗੁਰੂ ਜੀ ਨੂੰ ਤਪਤ ਲੋਹ ਉੱਪਰ ਬੈਠਿਆਂ ਦੇਖਿਆ ਤਾਂ ਕ੍ਰੋਧਵਾਨ ਹੋ ਕੇ ਕੰਬ ਉੱਠਿਆ। ਅਰਜ਼ ਕੀਤੀਓਸ ਕਿ ਓ ਹੋ! ਆਪ ਐਡੇ ਕਸ਼ਟ ਵਿੱਚ ਬੈਠੇ ਹੋ, ਜੋ ਦੇਖਿਆ ਨਹੀਂ ਜਾਂਦਾ। ਜੇ ਹੁਕਮ ਕਰੋ ਤਾਂ ਮੈਂ ਦੁਸ਼ਟਾਂ ਨੂੰ ਏਸ ਕਰਮ ਦਾ ਫ਼ਲ ਦੇਵਾਂ ਤੇ ਬਾਦਸ਼ਾਹ ਨੂੰ ਕਹਿ ਕੇ ਭੀ ਏਹਨਾਂ ਨੂੰ ਸਜ਼ਾ ਦਵਾਵਾਂ। ਤਦ ਗੁਰੂ ਜੀ ਨੇ ਕਿਹਾ, "ਏਹ ਦੁਖ ਨਹੀਂ, ਕਿੰਤੂ ਸੁਖ ਹੈ, ਕਯੋਂਕੇ ਸਾਡੇ ਪ੍ਰਭੂ ਦੀ ਆਗਯਾ ਵਿੱਚ ਹੈ, ਬਾਹਰ ਨਹੀਂ। ਏਹ ਸਾਨੂੰ ਸਹਾਰਨਾ ਹੀ ਯੋਗ ਹੈ।" ਕਯੋਂਕੇ:

ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥

(ਗਉੜੀ ਸੁਖਮਨੀ, ਮਃ ੫ - ੨੭੫)

ਪੁਨਹ:

ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥

(ਮਾਰੂ, ਮਃ ੩ - ੯੯੩)

ਪੁਨਹ:

ਬ੍ਰਹਮ ਗਿਆਨੀ ਸਦਾ ਨਿਰਲੇਪ ॥
ਜੈਸੇ ਜਲ ਮਹਿ ਕਮਲ ਅਲੇਪ ॥
ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥

(ਗਉੜੀ ਸੁਖਮਨੀ, ਮਃ ੫ - ੨੭੨)

ਇਤਯਾਦਿਕ ਬਚਨ ਸੁਣਾ ਕੇ ਕਿਹਾ ਕਿ ਤੁਸੀਂ ਅਕਾਲ ਪੁਰਖ ਅੱਗੇ ਪ੍ਰਾਰਥਨਾ ਕਰੋ ਅੰਤ ਤੱਕ ਸਾਡਾ ਏਹ ਨੇਮ ਸੰਪੂਰਨ ਰਹੇ ਕਿ ਅਸੀਂ ਓਸ ਦੇ ਭਾਣੇ ਨੂੰ ਮਿਠਾ ਕਰ ਕੇ ਮੰਨੀਏਂ ਤੇ ਸਹਿਨ ਦੇ ਜੋਗ ਹੋਵੀਏ। ਇਹ ਬਚਨ ਸੁਣ ਕੇ ਧਰਤੀ ਵਰਗਾ ਧੀਰਜ ਦੇਖ ਕੇ ਮੀਆਂਮੀਰ ਭੀ ਸਲਾਮ ਕਰ ਕੇ ਚਲਾ ਗਿਆ।

ਚੰਦੂ ਦੀ ਨੌਂਹ {ਚੰਦੂ ਦੀ ਨੂੰਹ} ਜੋ ਇੱਕ ਸਿੱਖ ਦੀ ਪੁਤ੍ਰੀ ਸੀ ਤੇ ਗੁਰੂ ਸਾਹਿਬ ਦੀ ਅਤਿ ਪ੍ਰੇਮਣ ਸੀ ਅੱਜ ਰਾਤ ਨੂੰ ਪਹਿਰੇਦਾਰਾਂ ਨੂੰ ਗਹਿਣੇ ਵੱਢੀ ਦੇ ਕੇ ਗੁਰੂ ਜੀ ਪਾਸ ਆਈ ਤੇ ਰੁਦਨ ਕਰ ਕੇ ਬੇਨਤੀ ਕਰਨ ਲਗੀ, “ਹੇ ਮਹਾਰਾਜ! ਕ੍ਰਿਪਾ ਕਰੋ ਹੁਣ ਤਾਂ ਆਪ ਦੇ ਦੁਖ ਹੱਦ ਤੋਂ ਭੀ ਲੰਘ ਗਏ ਹਨ। ਮੈਂ ਏਹਨਾਂ ਨੂੰ ਸਹਾਰ ਨਹੀਂ ਸਕਦੀ। ਹੇ ਗੁਰੂ ਜੀ! ਤੁਸੀਂ ਏਹ ਭਾਣਾ ਕਦ ਤੱਕ ਵਰਤਾਓਗੇ? ਬਸ ਕਰੋ! ਬਸ ਕਰੋ! ਬਹੁਤ ਹੋ ਗਈ ਹੈ। ਹੁਣ ਮੈਨੂੰ ਇਹ ਦੁਖ ਨਾ ਵਿਖਾਓ।” ਗੁਰੂ ਜੀ ਬੋਲੇ, “ਧਰਮ ਪੁਤ੍ਰੀ! ਜਾਹ, ਹੁਣ ਏਹਨਾਂ ਦੁਖਾਂ ਨੂੰ ਦੇਖਣ ਲਈ ਹੋਰ ਸੂਰਜ ਨਾ ਚੜ੍ਹੇਗਾ।”

ਅਗਲੀ ਭਲਕ ਬੜੀ ਸਵੇਰੇ ਹੀ ਚੰਦੂ ਆਯਾ ਤੇ ਗਊ ਦਾ ਕੱਚਾ ਚਮੜਾ ਮੰਗਵਾ ਕੇ ਆਖਿਆ, “ਮੇਰੀਆਂ ਗੱਲਾਂ ਮੰਨ ਜਾਓ। ਅਜੇ ਭੀ ਵੇਲਾ ਹੈ, ਨਹੀਂ ਤਾਂ ਏਸ ਚਮੜੇ ਵਿੱਚ ਸੀਤੇ ਜਾਓਗੇ।” ਗੁਰੂ ਜੀ ਨੇ ਇਸ ਦਾ ਕੁਛ ਜਵਾਬ ਨਾ ਦਿੱਤਾ ਤੇ ਆਖਯਾ ਕਿ ਅਸੀਂ ਰਾਵੀ ਵਿੱਚ ਇਸ਼ਨਾਨ ਕਰਨਾ ਹੈ। ਚੰਦੂ ਦੁਸ਼ਟ ਚੁੱਪ ਨੂੰ ਮਨਜ਼ੂਰੀ ਸਮਝ ਬੈਠਾ ਤੇ ਦੋ ਸਿਪਾਹੀ ਦੇ ਕੇ ਰਾਵੀ ਇਸ਼ਨਾਨ ਕਰਨ ਦੀ ਆਗਯਾ ਦੇ ਦਿੱਤੀ।

ਜਦ ਅੰਮ੍ਰਿਤ ਵੇਲੇ ਗੁਰੂ ਜੀ ਚੰਦੂ ਦੇ ਘਰੋਂ ਨਿੱਕਲੇ ਤਾਂ ਸਿੱਖ; ਜੋ ਬਾਹਰ ਬਯਾਕੁਲ ਹੋਏ ਉਡੀਕ ਵਿੱਚ ਸੇ, ਨਾਲ ਹੋ ਪਏ ਤੇ ਹੋਰ ਸੰਗਤ ਭੀ ਬਹੁਤ ਇਕੱਠੀ ਆ ਹੋਈ। ਗੁਰੂ ਜੀ ਨੇ ਰਾਵੀ ਵਿੱਚ ਜਾ ਕੇ ਇਸ਼ਨਾਨ ਕੀਤਾ ਤੇ ਜਪੁਜੀ ਸਾਹਿਬ ਦਾ ਪਾਠ ਕਰ ਕੇ {ਗੁਰੂ ਜੀ ਦੀ ਸ਼ਹਾਦਤ} ਦੇਹ ਤਯਾਗ ਦਿੱਤੀ। ਏਸ ਵੇਲੇ ਚੰਦੂ ਦੀ ਨੌਂਹ ਭੀ ਪ੍ਰਾਣ ਤਯਾਗ ਗਈ। ਸਿੱਖਾਂ ਨੇ ਗੁਰੂ ਜੀ ਦੀ ਦੇਹ ਦਰਯਾ ਪ੍ਰਵਾਹ ਕਰ ਦਿੱਤੀ ਤੇ ਓਸ ਥਾਂ ਦੇਹੁਰਾ ਬਣਾ ਦਿਤਾ, ਜੋ ਹੁਣ ਲਾਹੌਰ ਦੇ ਕਿਲ੍ਹੇ ਦੇ ਪਾਸ ਹੈ। ਏਥੇ ਹਰ ਸਾਲ ਜੇਠ ਸੁਦੀ ਚੌਥ ਦਾ ਮੇਲਾ ਭਰਦਾ ਹੈ। ਤਿੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਖੁਲਦੇ ਹਨ ਤੇ ੧੫੦) ਡੇਢ ਸੌ ਰੁਪਯਾ ਸਾਲਾਨਾ ਰਯਾਸਤ ਨਾਭੇ ਵੱਲੋਂ ਹੈ। ਇੱਕ ਖੂਹ ਮਾਫ਼ੀ ਲਾਹੌਰ ਵਿੱਚ ਤੇ ਇੱਕ ਪਿੰਡ ਨੰਦੀਪੁਰ ਸਯਾਲਕੋਟ ਦੇ ਜ਼ਿਲੇ ੯੦੨) ਰੁਪਏ ਦਾ ਭੀ ਇਸ ਗੁਰਦੁਆਰੇ ਨਾਲ ਹੈ। ਏਥੋਂ ਦੇ ਪੁਜਾਰੀ ਭਾਈ ਸੰਤ ਸਿੰਘ ਆਦਕ ਚੰਗੀ ਰੌਣਕ ਰੱਖਦੇ ਹਨ ਤੇ ਸੰਗ ਮਰਮਰ ਲਗਾ ਕੇ ਚੰਗੀ ਸਜਾਵਟ ਕਰ ਰੱਖੀ ਹੈ।

ਏਹ ਗੁਰੂ ਸਾਹਿਬ ੨੮ ਬਰਸ ੪ ਮਹੀਨੇ ੧੧ ਦਿਨ ਦੀ ਉਮਰ ਵਿੱਚ ਗੱਦੀ ਪਰ ਬੈਠ ਕੇ, ੨੪ ਬਰਸ ੯ ਮਹੀਨੇ ੨ ਦਿਨ ਗੁਰਿਆਈ ਕਰ, ੫੩ ਬਰਸ ੧ ਮਹੀਨਾ ੧੨ ਦਿਨ ਸਾਰੀ ਉਮਰ ਭੋਗ ਕੇ, ੨੨ ਜੇਠ ਸੁਦੀ ਚੌਥ ਸੰਮਤ ੧੬੬੨ ਬਿਕ੍ਰਮੀ ਨੂੰ ਸ਼ੁੱਕਰਵਾਰ ਅੰਮ੍ਰਿਤ ਵੇਲੇ ਲਾਹੌਰ ਵਿੱਚ ਜੋਤੀ ਜੋਤਿ ਸਮਾ ਗਏ।

## ਗੁਰੂ ਅਰਜਨ ਦੇਵ ਜੀ ਦੀ ਬਾਬਤ
## ਭਾਈ ਵੀਰ ਸਿੰਘ ਜੀ ਦੁਆਰਾ ਕੀਤੀ ਵਿਸ਼ੇਸ਼ ਖੋਜ:

...ਕਿ ਮਹਿਮਾ ਪ੍ਰਕਾਸ਼ ਨੇ ਕੇਵਲ ਸਤਿਗੁਰਾਂ ਵਲੋਂ ਸ਼ਹਿਜ਼ਾਦੇ ਖੁਸਰੋ ਨੂੰ ਰੋਟੀ ਦੇਣੀ ਲਿਖੀ ਹੈ,
ਯਥਾ: 'ਸੋ ਬਡਾ ਦੁਖੀ ਤਾਂ ਪਰ ਭਈ ਆਫਤ।
ਦੇਖ ਦਿਆਲ ਗੁਰ ਕਰੀ ਜ਼ਿਆਫਤ।
ਤਾਂ ਕੋ ਖਾਨ ਪਾਨ ਸਭ ਦੀਆ।
ਨਿਜ ਕਰ ਗੁਜ਼ਰਾਨ ਕਚ ਤਿਨ ਕੀਆ।'

ਕਿਸੇ ਨੇ ਉਸ ਸਮੇਂ ਅੱਖੀਂ ਦੇਖੀ ਲਿਖੀ ਹੋਵੇ, ਐਸੀ ਕੋਈ ਲਿਖਤ ਅਜੇ ਨਹੀਂ ਮਿਲੀ। ਸੋ ਇਹ ਗੱਲ ਕਿ ਸਚ ਮੁਚ ਗੁਰੂ ਜੀ ਨੂੰ ਖੁਸਰੋ ਮਿਲੇ ਨਿਸਚੇ ਸਿੱਧ ਕਿਸੇ ਨਹੀਂ ਕੀਤੀ। ਪਰੰਤੂ ਜੇ ਇਹ ਗੱਲ ਸੀ ਬੀ ਹੋਵੇ ਤਾਂ ਕੋਈ ਅਨੋਖੀ ਗਲ ਨਹੀਂ। ਸਤਿਗੁਰਾਂ ਨੂੰ ਸਭ ਮਿਲਨੇ ਵਾਲੇ ਲੰਗਰੋਂ ਪ੍ਰਸ਼ਾਦ ਛਕਦੇ ਸਨ। ਅਕਬਰ ਪਾਤਸ਼ਾਹ ਨੇ ਵੀ ਸਤਿਗੁਰਾਂ ਦੇ ਗ੍ਰਿਹਿ ਦਾ ਓਗਰਾ ਛਕਿਆ ਸੀ। ਹਰੀ ਪੁਰ ਵਾਲੇ ਰਾਜੇ ਵੀ ਲੰਗਰ ਦਾ ਪ੍ਰਸ਼ਾਦ ਛਕਿਆ ਸੀ। ਸੋ ਜਿਥੇ ਕਿ ਅਟੁੱਟ ਲੰਗਰ ਦਾ ਅਸੂਲ ਵਰਤੋਂ ਵਿਚ ਸੀ ਤੇ ਬਿਨਾਂ ਲਿਹਾਜ਼ ਜਾਤ, ਜਨਮ ਤੇ ਕਰਮ ਕੁਲ ਦੇ; ਸਭ ਨੂੰ ਰੋਟੀ ਮਿਲਦੀ ਸੀ। ਉਥੇ ਜੇ ਸ਼ਾਹਜ਼ਾਦੇ* ਨੇ ਰੋਟੀ ਮੰਗੀ ਤੇ ਸਤਿਗੁਰਾਂ ਨੇ ਦਿੱਤੀ, ਤਾਂ ਅਪਣੇ ਅਸੂਲ ਤੋਂ ਉਨ੍ਹਾਂ ਨੇ ਠੀਕ ਕੀਤਾ ਹੈ। ਸਤਿਗੁਰਾਂ ਨੇ ਆਪਣੇ ਆਤਮਕ ਤੇ ਸਦਾਚਾਰਕ ਅਸੂਲਾਂ ਨੂੰ ਮੁਹਰੇ ਰੱਖਣਾ ਹੈ ਤੇ ਕਿਸੇ ਭੈ ਤੋਂ ਡਰ ਕੇ ਅਸੂਲ ਨਹੀਂ ਤੋੜਨੇ। ਹਉਮੈਂ ਵਿਚ ਆਫਰੇ ਜਰਵਾਣੇ ਹਾਕਮਾਂ ਤੇ ਪਾਤਸ਼ਾਹਾਂ ਨੇ ਜੇ ਨਹੀਂ ਸਮਝਣਾਂ, ਤਾਂ ਨਾ ਸਮਝਣ।

ਬਾਕੀ ਰਹੀ ਅਸਲ ਗਲ ਸੋ ਇਉਂ ਜਾਪਦੀ ਸੀ ਕਿ ਮੁਸਲਮਾਨ ਦੋਖੀਆਂ ਨੇ ਜੋ ਸਿੱਖੀ ਪ੍ਰਚਾਰ ਨਾਲ ਖੁਣਸ ਖਾ ਰਹੇ ਸਨ, ਤੇ ਮੁਸਲਮਾਨਾਂ ਦੇ ਸਿੱਖ ਬਣਨ ਤੋਂ ਵਧੇਰੇ ਦੁਖੀ ਸਨ, ਅਤੇ ਚੰਦੂ ਵਰਗੇ ਸੁਆਰਥੀਆਂ ਨੇ ਪਾਤਸ਼ਾਹ ਨੂੰ ਕੋਲੋਂ ਪਾ ਪਾ ਕੇ ਅਤੇ ਆਪਣੇ ਰੰਗਾਂ ਵਿਚ ਗੱਲਾਂ ਦੱਸਣੀਆਂ ਹੀ ਸਨ। ਕਿਸੇ ਕਿਹਾ 'ਖੁਸਰੋ ਦੇ ਹਕ ਵਿਚ ਦੁਆ ਕੀਤੀ' (ਦੇਖੋ ਦਬਿਸਤਾਨ ਮਜ਼ਾਹਬ) ਪਰ ਜਹਾਂਗੀਰ ਆਪ ਲਿਖਦਾ ਹੈ ਕਿ 'ਖੁਸਰੋ ਦੇ ਮੱਥੇ ਤੇ ਤਿਲਕ ਲਾਇਆ ਤੇ ਖ਼ਾਸ ਤਰ੍ਹਾਂ ਦਾ ਵਰਤਾਉ ਕੀਤਾ।' ਤਿਲਕ ਵਾਲੀ ਗਲ ਬੀ ਬਨਾਵਟੀ ਚੁਗਲੀ ਹੈ। ਸਤਿਗੁਰਾਂ ਦੇ ਘਰ ਵਿਚ ਤਿਲਕ ਕੇਵਲ ਆਪਣੇ ਜਾਨਸ਼ੀਨ ਨੂੰ ਦੇਂਦੇ ਸਨ, ਹੋਰ ਕਦੇ ਕਿਸੇ ਨੂੰ ਨਹੀਂ ਸਨ ਦੇਂਦੇ। ਅਕਬਰ ਤੀਸਰੇ ਸਤਿਗੁਰਾਂ ਪਾਸ ਆਇਆ ਸੀ, ਤਿਲਕ ਨਹੀਂ ਦਿੱਤਾ। ਇਕ ਰਾਜਾ ਤੀਸਰੇ ਸਤਿਗੁਰਾਂ ਪਾਸ, ਇਕ ਪੰਜਵੇਂ ਗੁਰਾਂ ਪਾਸ ਆਇਆ ਸੀ, ਕਿਸੇ ਨੂੰ ਤਿਲਕ ਨਹੀਂ ਦਿੱਤਾ। ਸੋ ਇਹ ਬੀ ਠੱਪੀ ਹੋਈ ਊਜ ਹੀ ਸੀ।

ਭਾਈ ਸੰਤੋਖ ਸਿੰਘ ਜੀ ਨੂੰ ਜੋ ਖਬਰ ਜਹਾਂਗੀਰ ਦਾ ਦਿਲ ਗੁਰਾਂ ਨਾਲ ਚੰਗੇ ਹੋਣ ਦੀ ਮਿਲੀ ਹੈ, ਠੀਕ ਨਹੀਂ। ਪਤਾ ਨਹੀਂ ਉਹਨਾਂ ਨੇ ਇਹ ਕਿਸੇ ਮੁਸਲਮਾਨ ਪੱਖੀ ਤੋਂ ਸੁਣੀ ਹੈ, ਯਾ ਮਗਰੋਂ ਜੋ ਪਾਤਸ਼ਾਹ ਨੇ ਚੰਦੂ ਨੂੰ ਹਵਾਲੇ ਕਰ ਦਿੱਤਾ ਸੀ, ਇਸ ਗੱਲ ਤੋਂ ਉਸ ਨੂੰ ਨਿਰਦੋਸ਼ ਮੰਨਕੇ ਸ਼ਰਧਾਲੂ ਬੀ ਮੰਨ ਲਿਆ। ਪਰ ਜਹਾਂਗੀਰ ਦੀ ਲਿਖਤ ਦਸਦੀ ਹੈ ਕਿ

---

*ਮੈਕਾਲਫ ਲਿਖਦਾ ਹੈ ਕਿ ਅਕਬਰ ਨੇ ਤਖਤ, ਖੁਸਰੋ ਅਪਣੇ ਪੋਤੇ ਨੂੰ ਦੇਣਾ ਕਿਹਾ ਸੀ, ਪਰ ਜਹਾਂਗੀਰ ਨੇ ਤਖਤ ਸਾਂਭ ਲਿਆ ਸੀ, ਇਸ ਕਰਕੇ ਸ਼ਾਹਜ਼ਾਦਾ ਆਗਰੇ ਤੋਂ ਨੱਠਾ ਸੀ ਕਿ ਪੰਜਾਬ ਤੇ ਅਫਗਾਨਸਤਾਨ ਮੈਂ ਲੈ ਲਵਾਂ।

ਉਸ ਦੇ ਜੀ ਵਿਚ ਸਖ਼ਤ ਤਅੱਸਬ ਭਰਿਆ ਪਿਆ ਸੀ ਉਹ ਆਪ ਵੀ ਲਿਖੀ ਤੌਜ਼ਕ ਜਹਾਂਗੀਰੀ ਵਿਚ ਲਿਖਦਾ ਹੈ:-

"ਦਰ ਗੋਇੰਦਵਾਲ ਕਿ ਬਰ ਕਨਾਰੇ ਦਰਯਾਇ ਬਿਆਸ ਵਾਕਿਆਸਤ ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸੇ ਪੀਰੀ ਓ ਸ਼ੈਖੀ, ਚੁਨਾਂਚਿ ਬਿਸੀਆਰੇ ਅਜ਼ ਸਾਦਹ ਲੌਹਾਨੇ ਹਨੂਦ ਬਲਕਿ ਨਾਦਾਨ ਵ ਸਫੀਹਾਨੇ ਇਸਲਾਮ ਰਾ ਮੁਕੱਯਦ ਅਤਵਾਰੋ ਔਜ਼ਾਏ ਖ਼ੁਦ ਸਾਖ਼ਤਹ ਕੋਸਿ ਪੀਰੀਓ ਵਲਾਇਤ ਰਾ ਬੁਲੰਦ ਆਵਾਜ਼ਹ ਗਰਦਾਨੀਦਹ ਬੂਦ। ਓ ਰਾ ਗੁਰੂ ਮੇ ਗੁਫ਼ਤੰਦ। ਵ ਅਜ਼ ਇਤਰਾਫੋ ਜਵਾਨਬ ਗ਼ੋਲਾਨੋ ਗ਼ੋਲ ਪ੍ਰਸਤਾਨੇ ਬਦ ਰਜੂਅ ਆਵੁਰਦਹ ਇਅ਼ਤਕ਼ਾਦੇ ਤਮਾਮ ਬ-ਓ ਇਜ਼ਹਾਰ ਮੇ ਕਰਦੰਦ। ਅਜ਼ ਸਿਹ ਚਹਾਰ ਪੁਸ਼ਤੇ ਓ ਈਂ ਦੁਕਾਨ ਰਾ ਗਰਮ ਮੇ ਦਾਸ਼ਤੰਦ। ਮੁੱਦਤ ਹਾ ਬਖ਼ਾਤਿਰ ਮੇ ਗੁਜ਼ਸ਼ਤ ਕਿ ਈਂ ਦੁਕਾਨਿ ਬਾਤਿਲ ਰਾ ਬਰ ਤਰਫ ਬਾਇਦ ਸਾਖਤ ਯਾ ਓ ਰਾ ਦਰ ਜਿਰਗਹ ਏ ਅਹਿਲਿ ਇਸਲਾਮ ਦਰ ਬਾਇਦ ਆਵੁਰਦ"।

ਅਰਥਾਤ 'ਗੋਇੰਦਵਾਲ ਵਿਚ ਜੋ ਕਿ ਦਰਯਾਇ ਬਿਆਸ ਦੇ ਕੰਢੇ ਤੇ ਹੈ ਅਰਜਨ ਨਾਮੀ ਇਕ ਹਿੰਦੂ ਪੀਰੀ ਤੇ ਸ਼ੇਖੀ ਦੇ ਭੇਸ ਵਿਚ ਰਹਿੰਦਾ ਸੀ। ਚੁਨਾਂਚਿ ਸਿੱਧੇ ਸਾਦੇ ਹਿੰਦੂਆਂ ਵਿਚ ਬਹੁਤ ਸਾਰੇ ਬਲਕਿ ਮੂਰਖ ਤੇ ਬਿਅਕਲ ਮੁਸਲਮਾਨਾਂ ਨੂੰ ਭੀ ਆਪਣੇ ਰਹਿਤ ਬਹਿਤ ਦਾ ਧਾਰਨੀ ਬਣਾ ਕੇ ਆਪਣੀ ਪੀਰੀ ਤੇ ਗੁਰੂ ਪੁਣੇ ਦਾ ਢੋਲ ਬੜੇ ਜ਼ੋਰ ਸ਼ੋਰ ਨਾਲ ਵਜਾਇਆ ਹੋਇਆ ਸਾਸੁ। ਉਸ ਨੂੰ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਝੂਠ ਦੇ ਪੁਜਾਰੀਆਂ ਦੇ ਟੱਲਿਆਂ ਦੇ ਟੋਲੇ ਉਸ ਵਲ ਆਉਂਦੇ ਤੇ ਉਸ ਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰਖਿਆ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਆਉਂਦੀ ਸੀ ਕਿ ਇਸ ਝੂਠੀ ਦੁਕਾਨ ਨੂੰ ਦੂਰ ਕਰਦਿਆਂ ਯਾ ਉਸ (ਗੁਰੂ ਅਰਜਨ ਸਾਹਿਬ) ਨੂੰ ਦੀਨ ਇਸਲਾਮ ਦੀ ਜਮਾਤ ਵਿਚ ਲੈ ਆਵਾਂ।'

ਇਹ ਉਸ ਦੇ ਆਪਣੇ ਲੇਖ ਤੋਂ ਸਾਬਤ ਹੈ ਕਿ ਪਾਤਸ਼ਾਹ ਦੇ ਦਿਲ ਵਿਚ ਤਅੱਸਬ ਤੇ ਵੈਰ ਪਹਿਲੋਂ ਤੋਂ ਸੀ, 'ਦੂਰ ਕਰ ਦੇਵਾਂ ਅਰਥਾਤ ਮੂਲੋਂ ਮਿਟਾ ਦੇਵਾਂ ਯਾ ਇਸਲਾਮ ਵਿਚ ਦਾਖਲ ਕਰ ਲਵਾਂ' ਉਸ ਦੇ ਜੀ ਵਿਚ ਪਹਿਲੋਂ ਤੋਂ ਹੀ ਆ ਰਹੀ ਸੀ। ਉਸ ਨੂੰ ਬਹੁਤ ਗੁੱਸਾ ਮੁਸਲਮਾਨਾਂ ਦੇ ਸਿੱਖ ਬਣਨੇ ਦਾ ਸੀ। ਇਹ ਜ਼ਾਹਰ ਹੀ ਹੈ ਕਿ ਏਹ ਸੁਣੇ ਸੁਣਾਏ ਖਿਆਲ ਸਨ, ਜੋ ਗ਼ਾਲਬਨ ਚੁਗਲਖ਼ੋਰਾਂ ਦੇ ਪੁਚਾਏ ਹੋਏ ਸਨ। ਆਪੂੰ ਉਸ ਨੇ ਕੋਈ ਖੇਚਲ ਕਰਕੇ ਤਜਰਬਾ ਥੋੜਾ ਕੀਤਾ ਸੀ। ਫੇਰ ਬਾਕੀ ਜੋ ਬੇਅਦਬੀ ਦੇ ਵਾਕ ਪਾਤਸ਼ਾਹ ਨੇ ਲਿਖੇ ਹਨ ਸੋ ਤਅੱਸਬ ਭਰੇ ਦਿਲ ਤੋਂ ਹੋਰ ਆਸ ਹੀ ਕਹਿ ਹੋ ਸਕਦੀ ਹੈ। ਪਾਤਸ਼ਾਹ ਵਲੋਂ ਬੇਅਦਬੀ ਦੇ ਵਾਕ ਪੜ੍ਹਕੇ ਘਬਰਾਉਣਾ ਨਹੀਂ ਚਾਹੀਦਾ, ਇਹ ਵਾਕ ਦਲੀਲ ਹਨ ਉਸ ਦੇ ਦਿਲ ਵਿਚ ਪਹਿਲੇ ਭਰੇ ਕੀਨੇ, ਵੈਰ ਤੇ ਤਅੱਸਬ ਦੀ।

ਫਿਰ ਪਾਤਸ਼ਾਹ ਲਿਖਦਾ ਹੈ ਕਿ:- "ਤਾ ਆਂਕਿ ਦਰ ਈਂ ਅੱਯਾਮ ਖ਼ੁਸਰੋ ਅਜ਼ਾਂ ਰਾਹ ਅ਼ਬੂਰ ਮੇਂ ਨਮਦ। ਈਂ ਮਰਦਕਿ ਮਜਹੂਲ ਇਰਾਦਹ ਕਰਦ ਕਿ ਮੁਲਾਜ਼ਮਤੇ ਓਰਾ ਦਰ ਯਾਬਦ। ਦਰ ਮੰਜ਼ਲੇ ਕਿ ਜਾ ਵ ਮੁਕਾਮਿ ਓ ਬੂਦ ਖ਼ੁਸਰੋ ਰਾ ਨਜ਼ੂਲ ਉਫਤਾਦ, ਆਮਦਹ ਓਰਾ ਦੀਦ, ਵ ਬਾਜ਼ੇ ਮੁਕੱਦਿਮਾਤ ਫ਼ਰਾ ਯਾਫ਼ਤਹ ਬਓ ਰਸਾਨੀਦ ਵਾ ਬਰ ਪਸ਼ਾਨੀਏ ਓ ਅੰਗੁਸ਼ਤੇ ਅਜ਼ ਜ਼ਅਫ਼ਰਾਨ ਕਿ ਬ-ਇਸਤਲਾਹ ਹਿੰਦੂਵਾਨ ਕਸ਼ਕਾ ਗੋਇੰਦ ਕਸ਼ੀਦ ਵਾ ਆਂ ਰਾ ਸ਼ਗੂਨ ਮੇ ਦਾਨੰਦ। ਚੂੰ ਈਂ ਮੁਕੱਦਿਮਾ ਬ-ਮੁਸਾਮਿਅ਼ ਜਾਹੋ ਜਲਾਲ ਮੇ ਰਸਦ ਵ

ਬੁਤਲਾਨਿ ਓਰਾ ਬ ਵਜਹ ਅਕਮਲ ਮੇ ਦਾਨਿਸਤਮ ਅਮਰ ਕਰਦਮ ਕਿ ਓਰਾ ਹਾਜ਼ਿਰ ਸਾਖ਼ਤੰਦ ਵਾ ਮਸਾਕਨੋ ਮਨਾਜ਼ਲੋ ਫਰਜ਼ੰਦਾਨੇ ਓ ਰਾ ਬ-ਮੁਰਤਜ਼ਾ ਖ਼ਾਨ ਇਨਾਇਤ ਨਮੂਦਮ ਵ ਅਸਬਾਬੋ ਅਮਵਾਲੇ ਓਰਾ ਬਕੈਦਿ ਜ਼ਬਤਦਰ ਆਵੁਰਦਹ ਫਰਮੂਦਮ ਕਿ ਓਰਾਬ-ਸਿਆਸਤਬ-ਯਾਸਾ* ਰਾਸਾਨੰਦ।"

ਅਰਥਾਤ 'ਕਿ ਇਨ੍ਹਾਂ ਹੀ ਦਿਨਾਂ ਵਿਚ ਖੁਸਰੋ ਉਸ ਰਸਤੇ ਲੰਘਿਆ। ਇਸ ਪੁਰਸ਼ (ਭਾਵ ਗੁਰੂ ਜੀ ਨੇ) ਇਰਾਦਾ ਕੀਤਾ ਕਿ ਉਸ (ਖੁਸਰੋ) ਨੂੰ ਮਿਲੇ। ਉਸ ਪੜਾ ਉੱਤੇ ਜਿਥੇ ਕਿ ਉਸ ਦੀ ਜਗਾ ਤੇ ਟਿਕਾਣਾ ਸੀ, ਖੁਸਰੋ ਦਾ ਡੇਰਾ ਹੋਇਆ ਦੇਖ ਕੇ ਉਸ ਨੂੰ ਮਿਲਿਆ। ਕਈ ਗੱਲਾਂ ਕੀਤੀਆਂ ਤੇ ਉਸ ਦੇ ਮੱਥੇ ਪਰ ਆਪਣੀ ਉਂਗਲ ਨਾਲ ਕੇਸਰ ਦਾ ਟਿੱਕਾ ਲਾਇਆ ਜਿਸ ਨੂੰ ਕਿ ਹਿੰਦੂ ਤਿਲਕ ਆਖਦੇ ਤੇ ਸ਼ਗਨ ਸਮਝਦੇ ਹਨ। ਜਦ ਏਹ ਖਬਰ ਮੇਰੇ ਕੰਨਾਂ ਵਿਚ ਪਹੁੰਚੀ। ਮੈਂ ਉਸ ਦੇ ਝੂਠ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕਰਨ, ਉਸ ਦੇ ਘਰ ਬਾਰ ਤੇ ਪੁੱਤ੍ਰਾਂ ਨੂੰ ਮੁਰਤਜ਼ਾ ਖਾਂ ਨੂੰ ਬਖਸ਼ ਦਿੱਤਾ ਤੇ ਉਸ ਦੇ ਮਾਲ ਜਾਇਦਾਦ ਨੂੰ ਜ਼ਬਤ ਕਰਕੇ ਮੈਂ ਹੁਕਮ ਕੀਤਾ ਕਿ ਉਸ ਨੂੰ ਕਤਲ ਦੀ ਕਰੜੀ ਸਜ਼ਾ ਦਿਤੀ ਜਾਵੇ।'

ਇਸ ਲਿਖਤ ਤੋਂ ਸਾਬਤ ਹੋਇਆ ਕਿ ਪਾਤਸ਼ਾਹ ਜਿਸ ਦੇ ਦਿਲ ਵਿਚ ਪਹਿਲਾਂ ਮਜ਼ਹਬੀ ਤਅੱਸਬ ਭਰਿਆ ਹੋਇਆ ਸੀ, ਜੋ ਆਪ ਮੰਨਦਾ ਹੈ ਕਿ ਪਹਿਲੋਂ ਤੋਂ ਉਨ੍ਹਾਂ ਦੇ ਝੂਠ ਨੂੰ ਪੂਰੀ ਤਰ੍ਹਾਂ ਜਾਣਦਾ ਸਾਂ, ਗਲ ਸੁਣਦੇ ਸਾਰ ਅੱਗ ਬਗੋਲਾ ਹੋ ਗਿਆ ਹੈ ਤੇ ਜੋ ਪਹਿਲਾਂ ਚਿਤਵਦਾ ਹੁੰਦਾ ਸੀ ਕਿ ਸਮਾਪਤੀ ਕਰ ਦਿਆਂ ਯਾ ਦਾਖਲ ਇਸਲਾਮ ਕਰ ਲਵਾਂ, ਸੋ ਇਸ ਬੇਹੂਦਾ ਦੋਸ਼ ਵਿਚ ਮੌਕਾ ਸਮਝ ਕੇ ਅਤਯਾਚਾਰ ਦਾ ਹੁਕਮ ਦੇ ਦਿੱਤਾ। ਇਹ ਬੀ ਇਸ ਤੋਂ ਸਾਫ ਸਿੱਟਾ ਨਿਕਲ ਰਿਹਾ ਹੈ ਕਿ ਪਾਤਸ਼ਾਹ ਨੇ ਤਹਕੀਕਾਤ ਨਹੀਂ ਕੀਤੀ, ਨਿਆਂ ਨਹੀਂ ਕੀਤਾ ਤੇ ਐਵੇਂ ਸੁਣਕੇ ਹੀ ਆਪਣੇ ਪਹਿਲੇ ਬਣੇ ਤਅੱਸਬ ਵਿਚ ਗੁੱਸਾ ਖਾ ਕੇ ਹੁਕਮ ਦੇ ਦਿੱਤਾ ਹੈ।

ਹੁਣ ਜਦ ਅਸਲੀਅਤ ਦੀ ਖੋਜ ਕਰੀਏ ਤਾਂ ਥਹੁ ਪੈਂਦਾ ਹੈ ਕਿ ਸਤਿਗੁਰੂ ਜੀ ਤੇ ਖੁਸਰੋ ਦਾ ਮੇਲ ਹੋਇਆ ਹੀ ਨਹੀਂ ਹੈ। ਇਹ ਇਕ ਊਜ ਸੀ ਜੋ ਤਅੱਸਬੀ ਮੁਸਲਮਾਨ ਹਾਕਮਾਂ, ਚੰਦੂ ਤੇ ਪ੍ਰਿਥੀਏ ਯਾ ਉਸ ਦੇ ਪਰਵਾਰ ਵਲੋਂ ਘੜੀ ਗਈ ਸੀ। ਉਹ ਖੋਜ ਇਸ ਪ੍ਰਕਾਰ ਹੈ:

ਆਗਰੇ ਤੋਂ ਪਾਤਸ਼ਾਹ ਖੁਸਰੋ ਦੇ ਮਗਰੇ ਮਗਰ ਟੁਰ ਪੈਂਦਾ ਹੈ। ਰਸਤੇ ਵਿਚ ਖੁਸਰੋ ਦੇ ਠਹਿਰਨ, ਕਿਸੇ ਤੋਂ ਮਦਦ ਮਿਲਣ ਤੇ ਅਗੇ ਭੱਜੇ ਜਾਣ ਦੀ ਖ਼ਬਰ ਉਸ ਨੂੰ ਮਿਲਦੀ ਜਾਂਦੀ ਹੈ। ਮਦਦ ਦੇਣਹਾਰਾਂ ਨੂੰ ਸਜ਼ਾਵਾਂ ਦੇਈ ਜਾਂਦਾ ਹੈ। ਚੁਨਾਚਿ ਕਰਨਾਲ ਦੇ ਪਰਗਨੇ ਵਿਚ ਵੜਦਿਆਂ ਉਸ ਨੂੰ ਪਤਾ ਲਗਦਾ ਹੈ ਕਿ ਪੀਰ ਥਾਨੇਸਰੀ ਨੇ ਖੁਸਰੋ ਨੂੰ ਮਦਦ ਦਿੱਤੀ ਹੈ, ਜੈਸਾ ਕਿ ਪਾਤਸ਼ਾਹ ਆਪਣੀ 'ਤੁਜ਼ਕ ਜਹਾਂਗੀਰੀ' ਵਿਚ ਆਪ ਲਿਖਦਾ ਹੈ। "ਸ਼ੇਖ ਨਿਜ਼ਾਮ ਥਾਨੇਸਰੀ ਜੋ ਆਪਣੇ ਸਮੇਂ ਦਾ ਮਸ਼ਹੂਰ ਦੰਭੀ ਹੈ, ਖੁਸਰੋ ਨੂੰ ਮਿਲਿਆ ਤੇ ਉਸ ਨੂੰ ਦੁਆਈਂ ਦੇਕੇ ਠੀਕ ਰਸਤੇ ਤੋਂ ਗੁਮਰਾਹ ਕਰ ਦਿੱਤੋ ਸੁ ਤੇ ਫੇਰ ਹੁਣ ਮੈਨੂੰ ਮਿਲਣ ਆਇਆ। ਚੂੰਕਿ ਮੈਂ ਏਹ ਗੱਲਾਂ ਸੁਣ ਚੁਕਾ ਸਾਂ ਸੋ ਮੈਂ ਉਸ ਨੂੰ ਰਸਤੇ ਦਾ ਖਰਚ ਦੇ ਕੇ ਮੱਕੇ ਨੂੰ ਟੋਰ ਦਿੱਤਾ*।"

---

*'ਯਾਸਾ' ਤੁਰਕੀ ਲਫਜ਼ ਹੈ, ਅਰਥ ਹੈ-ਕਤਲ ਕਰਨਾ, ਲੁੱਟਣਾ, ਬਦਲਾ ਲੈਣਾ।

*ਪਾਤਸ਼ਾਹ ਦੀ ਇਹ ਲਿਖਤ ਬੀ ਦੱਸਦੀ ਹੈ ਕਿ ਇਕ ਮੁਸਲਮਾਨ ਪੀਰ ਨੂੰ ਖੁਸਰੋ ਨੂੰ ਗੁਮਰਾਹ ਕਰਨ ਦੇ ਅਪ੍ਰਾਧ ਵਿਚ ਮੱਕੇ ਜਾਣ ਦੀ ਸਜ਼ਾ ਤੇ ਖਰਚ ਬੀ ਕੋਲੋਂ, ਤੇ ਗੁਰੂ ਜੀ ਨੂੰ ਜਿਨ੍ਹਾਂ ਨੂੰ ਉਹ ਹਿੰਦੂ ਸਮਝ ਰਿਹਾ ਹੈ (ਤੇ

ਫਿਰ ਪਾਤਸ਼ਾਹ ਲਿਖਦਾ ਹੈ ਕਿ ੧੬ ਤ੍ਰੀਕ ਜ਼ੀਉਲਹਜ (ਮੁਤਾਬਕ ੧੫ ਅਪ੍ਰੈਲ) ਨੂੰ ਮੈਂ ਸਰਾਇ ਕਾਜ਼ੀ ਸਾਂ। ੧੭ ਜ਼ੀ: (ਮੁਤਾ: ੧੬ ਅਪ੍ਰੈਲ) ਦੀ ਸਵੇਰੇ ਸੁਲਤਾਨਪੁਰ ਪੁੱਜਾ, ਇਥੇ ਦੁਪਹਿਰ ਤਕ ਰਿਹਾ। ਫੇਰ ਪੁਲ ਤੋਂ ਪਾਰ ਹੋ ਗੋਇੰਦਵਾਲ ਪੁਜਾ। ਏਥੇ ਖਬਰ ਮਿਲੀ ਕਿ ਖੁਸਰੋ ਤੇ ਫਤੇ ਹੋ ਗਈ ਹੈ। ਹੁਣ ਪਾਤਸ਼ਾਹ ਸਹਿਜੇ ਸਹਿਜੇ ਮੁਕਾਮ ਕਰਦਾ ਟੁਰਦਾ ਹੈ। ੨੮ ਜ਼ੀ: ਹੱਜ (੨੭ ਅਪ੍ਰੈਲ) ਨੂੰ ਜੈਪਾਲ ਅੱਪੜਦਾ ਹੈ। ਇਹ ਪਿੰਡ ਲਾਹੌਰੋਂ ੭ ਕੋਹ ਉਰੇ ਹੈ। ੧੭ ਤੋਂ ੨੮, ਗੋਯਾ ਲਗ ਪਗ ੧੨ ਦਿਨ ਮਾਝੇ ਵਿਚ ਪਾਤਸ਼ਾਹ ਰਹਿੰਦਾ ਹੈ ਪਰ ਖੁਸਰੋ ਦੇ ਗੁਰੂ ਸਾਹਿਬ ਨੂੰ ਮਿਲਣ ਦੀ ਗਲ ਪਾਤਸ਼ਾਹ ਦੇ ਕੰਨਾਂ ਤਕ ਨਹੀਂ ਅੱਪੜਦੀ। ਹੋਰ ਖੁਸਰੋ ਦੀਆਂ ਸਾਰੀਆਂ ਖਬਰਾਂ, ਥਾਨੇਸਰੀ ਪੀਰ ਵਰਗੇ ਦੀਆਂ ਖੁਸਰੋ ਨੂੰ ਮਿਲਣ ਦੀਆਂ ਸੋਆਂ ਸਭ ਪਾਤਸ਼ਾਹ ਨੂੰ ਭੱਜਿਆਂ ਜਾਂਦਿਆਂ ਮਿਲਦੀਆਂ ਰਹੀਆਂ। ਹੁਣ ੧੨ ਦਿਨ ਮਾਝੇ ਵਿਚ ਰਹਿਕੇ ਪਾਤਸ਼ਾਹ ਨੂੰ ਕਿਉਂ ਖਬਰ ਨਾ ਮਿਲੀ? ਇਹ ਹੋ ਨਹੀਂ ਸਕਦਾ ਕਿ ਖ਼ੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਖਬਰ ਨਾ ਮਿਲਦੀ। ਪਾਤਸ਼ਾਹ ਦੇ ਸੂੰਹੀਏ ਤੇ ਇਨਾਮ ਲੈਣ ਦੇ ਲਾਲਚੀ ਚੁਗਲ ਖੋਰ ਚੱਪੇ ਚੱਪੇ ਭਰੇ ਪਏ ਸਨ। ਜਿਸ ਦਿਨ ਖੁਸਰੋ ਨੱਸਾ ਹੈ ਉਸੇ ਦਿਨ ਪਾਤਸ਼ਾਹ ਨੇ ਰਾਜਾ ਬਾਸੂ ਨੂੰ ਖੁਸਰੋ ਬਾਬਤ ਖਬਰਾਂ ਲੈਣ ਤੇ ਉਸਨੂੰ ਪਕੜਨ ਲਈ ਮਗਰੇ ਨਸਾਇਆ ਹੈ। ਇਹ ਰਾਜਾ ਬਾਸੂ ਪੰਜਾਬੀ ਸੀ। ਇਸ ਨੂੰ ਬੀ ਗੁਰੂ ਜੀ ਦੀ ਖਬਰ ਨਾ ਮਿਲੀ। ਕਦੇ ਹੋ ਸਕਦਾ ਹੈ ਕਿ ਜੇ ਖੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਸੁਲਤਾਨਪੁਰ, ਗੋਇੰਦਵਾਲ ਤੇ ੧੨ ਦਿਨ ਮਾਝੇ ਵਿਚ ਫਿਰਦਿਆਂ ਕਿਸੇ ਪਾਸਿਓਂ ਖਬਰ ਨਾ ਮਿਲਦੀ।

੨੯ ਜ਼ੀ: ਹਜ (੨੮ ਅਪ੍ਰੈਲ) ਨੂੰ ਪਾਤਸ਼ਾਹ ਜੈਪਾਲ ਤੋਂ ਟੁਰਕੇ ਮਿਰਜ਼ਾ ਕਾਮਰਾਨ ਦੇ ਬਾਗ (ਲਾਹੌਰ ਦੇ ਲਾਗੇ) ਅੱਪੜਦਾ ਹੈ। ਇਥੇ ਖੁਸਰੋ ਦੇ ਹਾਰ ਖਾ ਕੇ ਭੱਜੇ ਜਾਂਦੇ ਦੀ ਸੋਧਰੇ ਦੇ ਪੱਤਣ ਤੇ ਫੜੇ ਜਾਣ ਦੀ ਖਬਰ ਪੁੱਜੀ ਤੇ ਚੌਥੇ ਦਿਨ ਅਰਥਾਤ ੩ ਮੁਹੱਰਮ (੧ ਮਈ) ਨੂੰ ਖੁਸਰੋ ਗ੍ਰਿਫ਼ਤਾਰ ਹੋਇਆ ਪਾਤਸ਼ਾਹ ਦੇ ਪੇਸ਼ ਹੋਇਆ। ਉਸੇ ਵੇਲੇ ਖੁਸਰੋ ਦੇ ਦੋ ਵੱਡੇ ਸਾਥੀ ਗਾਂ ਤੇ ਖੋਤੇ ਦੀ ਖੱਲ ਵਿਚ ਸੀਤੇ ਗਏ। ਕਈ ਸੌ ਖੁਸਰੋ ਦੀ ਫੌਜ ਦੇ ਆਦਮੀ ਜੋ ਗ੍ਰਿਫ਼ਤਾਰ ਸਨ, ਸੂਲੀ ਦਿੱਤੇ ਗਏ*। ਪਾਤਸ਼ਾਹ ੯ ਮੁਹੱਰਮ (੭ ਮਈ) ਤਕ ਕਾਮਰਾਨ ਦੇ ਬਾਗ ਵਿਚ ਰਿਹਾ। ਜੋ ਜੋ ਲੋਕ ਅਪ੍ਰਾਧੀ ਸਮਝੇ ਗਏ ਸਜ਼ਾਵਾਂ ਪਾ ਗਏ। ਜਿਨ੍ਹਾਂ ਖਿਦਮਤਾਂ ਕੀਤੀਆਂ ਸਨ, ਇਨਾਮ ਪਾ ਗਏ ਤੇ ਇਸ ਦਿਨ ਪਾਤਸ਼ਾਹ ਲਾਹੌਰ ਸ਼ਹਿਰ ਦਾਖਲ ਹੋਇਆ। ਗੋਇਆ ਇਸ ਤਾਰੀਖ ਖੁਸਰੋ ਦਾ ਮਾਲਾ ਮੁੱਕ ਚੁਕ ਗਿਆ, ਦੋਸ਼ੀ ਚੰਡੇ ਗਏ, ਸਹਾਯਕ ਇਨਾਮੇ ਗਏ। ਪਰ ਗੁਰੂ ਸਾਹਿਬ ਦੇ ਖੁਸਰੋ ਨੂੰ ਮਿਲਣ ਦੀ ਗਲ ਅਜੇ ਬੀ ਪਾਤਸ਼ਾਹ ਨੂੰ ਨਹੀਂ ਸੁਣਾਈ ਦੇਂਦੀ, ਕੈਸਾ ਅਚਰਜ ਹੈ। ਹੋਰ ਸੋਚ ਵਾਲੀ ਗਲ ਹੈ, ਹੁਣ ਤਾਂ ਦੋਸ਼ੀ ਸਾਰੇ ਗ੍ਰਿਫ਼ਤਾਰ ਹੋ ਗਏ ਸਨ ਉਨ੍ਹਾਂ ਤੋਂ ਪਾਤਸ਼ਾਹ ਦੇ ਪੱਖੀ ਅਹਿਲਕਾਰਾਂ ਨੇ ਤਸੀਹੇ ਦੇ ਦੇ ਕੇ ਯਾ ਲਾਲਚ ਪੇਸ਼ ਕਰ ਕਰਕੇ ਖੁਸਰੋ ਦੇ ਪੱਖੀਆਂ ਦੇ ਵੇਰਵੇ ਜ਼ਰੂਰ ਪੁੱਛੇ ਹੋਣਗੇ, ਪਰ ਕਿਤੋਂ ਕੋਈ ਗੱਲ ਸਤਿਗੁਰਾਂ ਦੇ ਮਿਲਣ ਦੀ ਇਨ੍ਹਾਂ ਤੋਂ ਬੀ ਨਾ ਮਿਲੀ, ਜੋ ਸਾਰੇ ਖੁਸਰੋ ਦੇ ਨਾਲ ਸਨ। ਜੇ ਗੁਰੂ ਜੀ ਨੂੰ ਖੁਸਰੋ ਮਿਲਿਆ ਹੁੰਦਾ

---

ਤਹਕੀਕਾਤ ਬੀ ਨਹੀਂ ਕਰਦਾ) ਜਾਇਦਾਦ ਜ਼ਬਤ ਤੇ ਕਤਲ ਦਾ ਹੁਕਮ ਦੇਂਦਾ ਹੈ। ਇਸਤੋਂ ਬੀ ਸਾਬਤ ਹੋ ਗਿਆ ਹੈ ਕਿ ਗੁਰੂ ਜੀ ਦੀ ਸ਼ਹਾਦਤ ਦਾ ਗੁੱਝਾ ਕਾਰਣ ਪਾਤਸ਼ਾਹ ਦਾ ਇਸਲਾਮੀ ਤਅੱਸਬ ਹੈਸੀ ਤੇ ਉਤੋਂ ਖੁਸਰੋ ਦੀ ਸੁਣੀ ਗੱਲ ਦਾ ਗੁੱਸਾ ਬਹਾਨਾ ਬਣ ਗਿਆ ਸੀ।

*ਐਲਫਿਨਸਟੋਨ ੭੦੦ ਲਿਖਦਾ ਹੈ।

ਤਾਂ ਸਭ ਨੂੰ ਪਤਾ ਹੁੰਦਾ। ਹੁਣ ਹੋਰ ਦੇਖੋ ੯ ਤੋਂ ਬਾਦ ੨੨ ਤਾਰੀਖ ਤੱਕ ੧੩ ਦਿਨ ਹੋਰ ਬੀਤ ਜਾਂਦੇ ਹਨ। ਗੋਯਾ ਮਾਮਲੇ ਮਿਟ ਚੁਕੇ ਨੂੰ ੧੩ ਕੁ ਦਿਨ ਹੋਰ ਉਪਰ ਲੰਘ ਗਏ ਹਨ। ੨੨ ਤਾਰੀਖ ਮੁਹੱਰਮ (੨੦ ਮਈ) ਤੋਂ ਬਾਦ ਕਿਸੇ ਦਿਨ+ ਪਾਤਸ਼ਾਹ ਨੂੰ ਗੁਰੂ ਸਾਹਿਬ ਬਾਬਤ ਅਚਾਨਕ ਖਬਰ ਮਿਲਦੀ ਹੈ। ਹੁਣ ਵੀਚਾਰ ਕਰ ਲਓ ਕਿ ਵਾਕਿਅਤ ਦੀਆਂ ਤਾਰੀਖਾਂ ਦੀ ਘੋਖ ਸਾਬਤ ਕਰਦੀ ਹੈ ਕਿ ਜੇ ਕਦੇ ਗੁਰੂ ਸਾਹਿਬ ਦੇ ਮਿਲਣ ਦੀ ਗਲ ਅਮਰ ਵਾਕਿਆ ਹੁੰਦੀ ਤਾਂ ਪਾਤਸ਼ਾਹ ਨੂੰ ਜ਼ਰੂਰ ਵੇਲੇ ਸਿਰ ਖ਼ਬਰ ਮਿਲ ਜਾਂਦੀ। ਸਾਰੇ ਮਾਮਲੇ ਦੇ ਮੁੱਕ ਚੁਕਣ ਦੇ ਬੀ ੧੩ ਦਿਨ ਮਗਰੋਂ ਅਚਾਨਕ ਇਹ ਖਬਰ ਪਾਤਸ਼ਾਹ ਤੱਕ ਅਪੜਾਈ ਜਾਣੀ ਵਿਦ੍ਰੋਹੀਆਂ ਦਾ ਕੰਮ ਹੈ ਜਿਨ੍ਹਾਂ ਨੂੰ ਚੇਤਾ ਆਇਆ ਹੈ ਕਿ ਪਾਤਸ਼ਾਹ ਦੇ ਗੁੱਸੇ ਚੜ੍ਹੇ ਤੋਂ ਲਾਭ ਅਸਾਂ ਕਿਉਂ ਨਾ ਲਿਆ। ਬੱਸ ਉਜ ਘੜੀ ਤੇ ਤਅੱਸਬ ਭਰੇ ਅਫਸਰਾਂ ਦੇ ਰਾਹੀਂ ਪੁਚਾਈ। ਪਾਤਸ਼ਾਹ ਆਪ ਮੰਨਦਾ ਹੈ ਕਿ ਓਹ ਅਗੇ ਹੀ ਤਅੱਸਬ ਦੀ ਅੱਗ ਨਾਲ ਗੁਰੂ ਸਾਹਿਬ ਦੇ ਵਿਰੁੱਧ ਸੀ, ਮਾਰ ਦੇਣ ਯਾ ਮੁਸਲਮਾਨ ਕਰ ਲੈਣ ਦਾ ਸੰਕਲਪ ਰੱਖਦਾ ਸੀ। ਝਟ ਵਹਿਸ਼ੀਆਨਾ ਸਜ਼ਾ ਦੇ ਦਿੱਤੀ।

ਹੁਣ ਇਸ ਵਿਚਾਰ ਨਾਲ ਇਕ ਹੋਰ ਵਿਚਾਰ ਰਲਾਉਣੀ ਹੈ ਤੇ ਫਿਰ ਹੋਰ ਸਫੁਟ ਸਹੀ ਹੋ ਜਾਣਾ ਹੈ ਕਿ ਗੁਰੂ ਸਾਹਿਬ ਜੀ ਦਾ ਕੋਈ ਤਅੱਲਕ ਖੁਸਰੋ ਦੇ ਮਾਮਲੇ ਨਾਲ ਨਹੀਂ ਸੀ।

ਚਿਰ ਮਗਰੋਂ ਜਦੋਂ ਪਾਤਸ਼ਾਹ ਨੇ ਚੰਦੂ ਨੂੰ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿਤਾ ਹੈ* ਕਿ ਜੋ ਸਜ਼ਾ ਚਾਹੋ ਦਿਓ+ ਤਦੋਂ ਪਾਤਸ਼ਾਹ ਨੂੰ ਗੁਰੂ ਅਰਜਨ ਦੇਵ ਜੀ ਦੀ ਨਿਰਦੋਸ਼ਤਾ ਸਾਬਤ ਹੋ ਗਈ ਹੋਊ ਤਾਂ ਹੀ ਚੰਦੂ ਨੂੰ ਦੋਸ਼ੀ ਸਮਝ ਕੇ ਹਵਾਲੇ ਕੀਤਾ ਹੋਊ ਨਾ। ਯਾਦ ਰਹੇ ਕਿ ਇਹ ਉਸ ਸਮੇਂ ਦਾ ਇਕ ਰਿਵਾਜ ਹੈਸੀ ਕਿ ਦੋਸ਼ੀ ਨੂੰ ਜਿਨ੍ਹਾਂ ਦਾ ਉਹ ਅਪਰਾਧੀ ਹੋਵੇ, ਉਨ੍ਹਾਂ ਦੇ ਹਵਾਲੇ ਕਰ ਦੇਂਦੇ ਸਨ, ਅਰ ਅਕਸਰ ਤਦੋਂ ਜਦ ਬਹੁਤ ਵੱਡਾ ਤੇ ਅਤਿ ਪਾਪ ਹੋਯਾ ਹੋਵੇ।

ਸੋ ਚੰਦੂ ਨੂੰ ਛੇਵੇਂ ਗੁਰਾਂ ਦੇ ਹਵਾਲੇ ਕਰ ਦੇਣਾ ਕਿ ਜੋ ਦੰਡ ਮਰਜ਼ੀ ਹੈ ਦੇ ਲਓ ਪੱਕੀ ਦਲੀਲ ਹੈ ਇਸ ਗੱਲ ਦੀ ਕਿ ਪਾਤਸ਼ਾਹ ਨੂੰ ਸਾਬਤ ਹੋ ਗਿਆ ਕਿ ਗੁਰੂ ਅਰਜਨ ਦੇਵ ਜੀ ਨਿਰਦੋਸ਼ ਸਨ, ਤੇ ਇਸ ਨੇ ਮੇਰੇ ਪਾਸ ਕੂੜ ਮਾਰਿਆ ਤੇ ਝੂਠੀਆਂ ਉਜਾਂ ਦਿਤੀਆਂ ਤੇ ਮੈਥੋਂ ਗਲਤੀ ਕਰਵਾਈ ਸੀ++ ਤੇ ਪਿੱਛੋਂ ਵਹਿਸ਼ੀਆਨਾ ਤਸੀਹੇ ਦਿਤੇ ਸਨ। ਮਾਮਲਾ ਹੋਰ ਖੋਜ ਦਾ ਮੁਥਾਜ ਹੈ। ਪਰ ਇਹ ਟੋਲ ਇਹ ਗੱਲ ਤਾਂ ਸਪਸ਼ਟ ਕਰਕੇ ਦੱਸ ਦੇਂਦੀ ਹੈ ਕਿ ਸਤਿਗੁਰ ਜੀ ਦਾ ਕੋਈ ਸੰਬੰਧ ਖੁਸਰੋ ਨਾਲ ਨਹੀਂ ਪਿਆ। ਐਤਨੇ ਸਾਰੇ ਦਿਨ ਪਾਤਸ਼ਾਹ ਦੇ ਗੋਇੰਦਵਾਲੋਂ ਲੰਘ ਜਾਣ ਮਗਰੋਂ ਗੁਰਦ੍ਰੋਹੀਆਂ ਨੇ ਘਾੜਤ ਘੜੀ ਤੇ ਪਾਤਸ਼ਾਹ ਦੇ ਕੱਚੇ ਦਿਲ ਨੂੰ ਜ਼ਹਿਰ ਆਲੂਦ ਕਰਕੇ ਸਾਕਾ ਵਰਤਾਇਆ।

ਬਹੁਤ ਲੋਕਾਂ ਦਾ ਹੁਣ ਤਕ ਖਿਆਲ ਹੈ ਕਿ ਜਹਾਂਗੀਰ ਬੜਾ ਨਰਮ ਦਿਲ ਤੇ ਨਿਆਇਕਾਰੀ ਸੀ। ਉਹ ਆਪ ਬੀ ਲਿਖਦਾ ਹੈ ਕਿ ਮਚੇ ਜੰਗ ਤੇ ਸ਼ਿਕਾਰ ਬਿਨਾਂ ਕਿਸੇ ਦੀ ਜਾਨ ਨਹੀਂ ਲੈਣੀ

---

+ਗੁਰੂ ਸਾਹਿਬ ਦੀ ਸ਼ਹਾਦਤ ੨੯ ਮਈ ਨੂੰ ਹੈ, ਤ੍ਰੈ ਚਾਰ ਦਿਨ ਦੇ ਤਸਦੀਹੇ ਹਨ। ਇਕ ਅੱਧ ਦਿਨ ਪਹਿਲੇ ਖਬਰ ਮਿਲੀ ਹੋਸੀ। ਸੋ ੨੪ ਯਾ ੨੫ ਮਈ ਦੇ ਕਰੀਬ ਖਬਰ ਮਿਲੀ ਸਮਝੋ।

*ਬਾਦਸ਼ਾਹ ਬਾਜੂਏ ਦੀਵਾਨ ਹਵਾਲਾ ਨਮੂਦ। [ਉਮਦਹਤੁੱਤਵਾਰੀਖ]

+ਤਾ:-ਪੰਜਾਬ-ਕਨ੍ਹੱਯਾ ਨਾਲ।

++ਇਸ ਨੇ ਜਹਾਂਗੀਰ ਬਾਦਸ਼ਾਹ ਕੇ ਹਜ਼ੂਰ ਮੇ ਗੁਰੂ ਜੀ ਕੀ ਨਿਸਬਤ ਬਹੁਤ ਸੀ ਬਦਗੋਈਆਂ ਵ ਗੰਮਾਜ਼ੀਆਂ ਕੀਂ, ਯਹਾਂ ਤਕ ਕਿ ਬਾਦਸ਼ਾਹ ਕਾ ਮਿਜ਼ਾਜ ਗੁਰੂ ਜੀ ਕੀ ਤਰਫ ਸੇ ਬਰਹਮ ਹੋ ਕਰ ਗੁਰੂ ਜੀ ਕੀ ਤਲਬੀ ਬਮਕਾਮ ਲਾਹੌਰ ਹੋਈ। [ਤਾਰੀਖੇ ਪੰਜਾਬ ਲਿਖਤ ਰਾ: ਸਾ: ਕੰਨ੍ਹਯਾ ਲਾਲ]

ਚਾਹੀਦੀ। ਪਰ ਉਸ ਦੀਆਂ ਬੇ-ਰਹਿਮੀਆਂ ਸਖ਼ਤ ਜ਼ਾਲਮਾਨਾਂ ਸਨ। ਉਸ ਦੀ ਨਰਮੀ ਨਿਆਂ ਤੇ ਅਤਯਾਚਾਰ ਸਾਰੇ ਇਕੱਠੇ ਉਸ ਵਿਚ ਸੇ। ਤੌਜ਼ਕਿ ਜਹਾਂਗੀਰੀ ਦਾ ਮੁਤਰੱਜਮ 'ਰਾਜਰਸ' ਕਹਿੰਦਾ ਹੈ "ਜਹਾਂਗੀਰ ਅਜੀਬ ਮਿਲਗੋਭਾ ਸੀ, ਉਹ ਖੜਾ ਹੋ ਕੇ ਆਪਣੇ ਸਾਹਮਣੇ ਜਿਉਂਦਿਆਂ ਮਨੁੱਖਾਂ ਦੀਆਂ ਖੱਲਾਂ ਲੁਹਾਉਂਦਾ ਤੇ ਵੇਖ ਸਕਦਾ ਸੀ। ਤੇ ਜੀਕੂੰ ਇਹ (ਜਹਾਂਗੀਰ) ਆਪ ਦੱਸਦਾ ਹੈ ਕਿ ਇਕ ਆਦਮੀ ਨੂੰ ਮੈਂ ਜਾਨੋਂ ਮਰਵਾ ਦਿੱਤਾ ਤੇ ਦੋਹਾਂ ਦੀਆਂ ਸੜ੍ਹਾਂ ਵਢਾ ਦਿੱਤੀਆਂ ਕਿਉਂਕਿ ਉਹ ਬੇ-ਮੌਕਿਆ ਪਾਤਸ਼ਾਹ ਦੇ ਸਾਹਮਣੇ ਕਿਉਂ ਆ ਖੜੋਤੇ ਯਾ ਮੇਰੇ ਸ਼ਿਕਾਰ ਨੂੰ ਕਿਉਂ ਡਰਾ ਦਿਤਾ। ਫਿਰ ਉਹ ਨਿਆਂ ਦਾ ਯਾਰ ਤੇ ਵੀਰਵਾਰ ਦੀਆਂ ਸ਼ਾਮਾਂ ਉੱਚੀਆਂ ਗੁਫਤਗੂਆਂ ਵਿਚ ਖਰਚ ਕਰ ਸਕਦਾ ਸੀ। ਉਹ (ਜਹਾਂਗੀਰ) ਅੱਬੁਲ ਫਜ਼ਲ ਨੂੰ ਕਤਲ ਕਰਵਾ ਸਕਦਾ ਸੀ ਤੇ ਬਿਨਾ ਪਛਤਾਵੇ ਦੇ ਇਸ ਕਰਤੂਤ ਨੂੰ ਮੰਨਦਾ ਸੀ। ਫੇਰ ਉਹ ਹਾਥੀਆਂ ਨੂੰ ਪਾਲਾ ਲਗਦਾ ਵੇਖਕੇ ਠੰਢੇ ਪਾਣੀ ਦੀ ਥਾਂ ਗਰਮ ਨਾਲ ਨੁਹਾਉਣ ਦਾ ਹੁਕਮ ਦੇ ਸਕਦਾ ਸੀ। ਹਿੰਦੂ ਫਕੀਰਾਂ ਨਾਲ ਗੱਲ ਕਰਦਾ ਸੀ, ਪਰ ਉਹਨਾਂ ਦੇ ਅਵਤਾਰਾਂ ਤੋਂ ਨਫਰਤ ਸੀ, ਤੇ ਵਿਸ਼ਨੂੰ ਦੀ ਬ੍ਰਾਹ ਅਵਤਾਰ ਦੀ ਮੂਰਤੀ ਤੋੜ ਕੇ ਪੁਸ਼ਕਰ ਵਿਚ ਸੁਟਵਾ ਦਿਤੀ ਸਾਸੁ।"

ਐਲਫਿਨਸਟਨ ਲਿਖਦਾ ਹੈ:-"ਖੁਸਰੋ ਦੇ ਖ਼ਾਸ ਸਲਾਹਕਾਰ ਤੇ ਉਸ ਦੇ ਮਗਰ ਲੱਗਣ ਵਾਲੇ ਜੋ ਪਾਤਸ਼ਾਹ ਦੇ ਹੱਥ ਆਏ, ਉਸ ਨੂੰ ਉਹਨਾਂ ਪਰ ਆਪਣੇ ਆਚਰਨ ਦਾ ਵਹਿਸ਼ੀਪਨਾ ਜ਼ਾਹਰ ਕਰਨ ਦਾ ਪੂਰਾ ਮੌਕਾ ਮਿਲਿਆ। ਸੱਤ ਸੌ ਕੈਦੀ ਲਾਹੌਰ ਦੇ ਦਰਵਾਜ਼ੇ ਤੋਂ ਬਾਹਰ ਕਤਾਰ ਵਿਚ (Impale) ਕੀਤੇ ਗਏ, ਅਰਥਾਤ ਸੂਲੀ ਚਾੜ੍ਹੇ ਗਏ, ਉਹ (ਜਹਾਂਗੀਰ) ਆਪਣੀ ਤੌਜ਼ਕ ਵਿਚ ਉਹਨਾਂ ਦੀਆਂ ਭਿਆਨਕ ਜਾਨਕਨੀ ਦੀਆਂ ਪੀੜਾਂ ਨੂੰ ਖੁਸ਼ ਹੋ ਹੋ ਲਿਖਦਾ ਹੈ। ਆਪਣੇ ਵਹਿਸ਼ੀਪਨੇ ਨੂੰ ਪੂਰਾ ਕਰਨ ਲਈ ਪਾਤਸ਼ਾਹ ਨੇ ਖੁਸਰੋ ਨੂੰ ਹਾਥੀ ਤੇ ਚੜ੍ਹਾ ਕੇ ਇਨ੍ਹਾਂ ਲੋਕਾਂ ਦੇ ਵਿਚ ਦੀ ਲੰਘਾਇਆ, ਜਦੋਂ ਨਕੀਬ ਕਹਿ ਰਿਹਾ ਸੀ ਕਿ ਲੈ ਬੱਚੂ ਆਪਣੇ ਨੌਕਰਾਂ ਦੀਆਂ ਸਲਾਮਾਂ" ਆਦਿ।

ਗੁਰੂ ਜੀ ਪਰ ਊਜਾਂ ਥੱਪਣ ਬਾਬਤ ਮੈਕਾਲਫ ਨੇ ਐਉਂ ਦੱਸਿਆ ਹੈ:

ਪੰਡਤਾਂ ਤੇ ਕਾਜ਼ੀਆਂ ਨੂੰ ਬੀ (ਇਹ) ਸਮਾਂ ਚੰਗਾ ਲੱਭਾ ਕਿ ਗੁਰੂ (ਜੀ ਤੇ) ਲਾਏ ਗਏ ਪੁਰਾਣੇ ਦੋਸ਼ਾਂ ਨੂੰ, ਕਿ (ਉਨ੍ਹਾਂ ਨੇ ਇਕ) ਪੁਸਤਕ ਰਚੀ ਹੈ ਜਿਸ ਵਿਚ ਹਿੰਦੂਆਂ ਦੀਆਂ ਰਸਮਾਂ ਪੂਜਾ ਤੇ ਮੁਸਲਮਾਨਾਂ ਦੇ ਨਮਾਜ਼ ਰੋਜ਼ਿਆਂ ਨੂੰ ਨਿੰਦਿਆ ਹੈ, ਨਵੇਂ ਸਿਰ ਫੇਰ ਚੱਕਿਆ। ਇਸ ਤਰ੍ਹਾਂ ਦੇ ਦੋਸ਼ ਲਾ ਕੇ* ਚੰਦੂ ਨੇ ਪਾਤਸ਼ਾਹ ਨੂੰ ਗੁਰੂ ਅਰਜਨ (ਜੀ) ਦੇ ਬੁਲਾ ਭੇਜਣ

---

*ਉਮਦਹ ਤੁੱ ਤਵਾਰੀਖ ਵਿਚ ਗੁਰੂ ਜੀ ਪਰ ਊਜਾਂ ਥੱਪਣ ਦਾ ਜ਼ਿਕਰ ਇਸ ਪ੍ਰਕਾਰ ਹੈ:-

(ਦੀਵਾਨ ਚੰਦੂ) ਦਰ ਖ਼ਿਦਮਤੇ ਬਾਦਸ਼ਾਹ ਜਹਾਂਗੀਰ ਮੁਨਕਸ਼ਫ ਨਮੂਦ ਕਿ ਸ਼ਖਸੇ ਬਇਸਮ ਗੁਰੂ ਅਰਜਨ ਨਾਮ ਬਾਇਸ ਬਰ ਈਜਾਦ ਵ ਤਕਵੀਨੇ ਫਿਰਕਾ ਸਾਲਸ ਅਜ਼ਮਿਯਾਨੇ ਹਨੂਦ ਵ ਮੁਸਲਮਾਨੀ ਗਰਦੀਦਹ ਅਕਸਰੇ ਸੁਨਨ ਦਲਾਇਲੇ ਇਸਲਾਮ ਵਾ ਮਹਵ ਵ ਮਨਸੀ ਗਰਦਾਨੀਦਹ ਵ ਕੁਵਾਇਮ ਵ ਆਸਾਸ ਅਰਕਾਨ ਮੁਸਲਮਾਨੀ ਤਫ਼ਾਵਤ ਵ ਖਲਲੇ ਅਜ਼ੀਮ ਰਾਹਯਾਬ ਗਸ਼ਤਹ ਵ ਹਰ ਰੋਜ਼ ਚੰਦੇ ਅਜ਼ ਹਨੂਦਾਨ ਵਗ਼ੈਰਾ ਰਬਕਹ ਇਤਾਇਤ ਵ ਇਨਕਯਾਦੇ ਗੁਰੂ ਮੌਸੂਫ ਦਰ ਰਕਬਾ ਜਾਨ ਮੇ ਅੰਦਾਜ਼ੰਦ, ਅਗਰ ਹਜ਼ਰਤ ਖ਼ੁਦ ਬਦੌਲਤ ਤਦਾਰਕੇ ਈਂ ਮਅਨੀ ਨਮੂਦੰਦ ਫੀਹਾ ਦਰ ਸੂਰਤੇ ਬਾਅਦ ਅਜ਼ ਮੁਰੂਰ ਮੁੱਦਤੇ ਕਲੀਲ ਦਰ ਅਰਾਕੀਨੇ ਸਲਤਨਤ ਵ ਅਸਾਤੀਨੇ ਖਿਲਾਫ਼ਤ ਜਹਾਂ ਬਾਨੀ ਇਨਹਦਾਮ ਵ ਇਨਅਦਾਮ ਰੌਣਕ ਬਰੂਜ਼ ਖ਼ਾਹਦ, ਬੰਦਹ, ਮਹਜ਼ ਅਜ਼ ਰਾਹੈ ਖੈਰ ਅੰਦੇਸ਼ੀ ਦਰ ਤਰੀਕੇ ਗ਼ੁਲਾਮੀ ਗੁਜਾਰਸ਼ ਈ ਮੁਕੱਦਮਹ ਨਮੂਦਾ ਅਸਤ।...... ਪਾਦਸ਼ਾਹ ਅਜ਼ ਰਾਹੋ ਜ਼ਹੂਲਤ ਵ ਗ਼ਫਲਤੇ ਇਨਸਾਨੀ ਕਿ ਅਜ਼ ਸਮੂ ਦਰਜਾ ਵ ਅਲੁਵ ਮਰਤਬਾ ਈਂ ਕੁਬਾ ਆਲੀਆ ਫੁਕਰਾ ਵ ਮੁਤਲਅ ਨਬੂਦ ਬਾਮਆਲ ਨਜ਼ਰ ਦਰੀ ਮੁਕੱਦਮਾ ਤਫ਼ਹਸ ਵ ਤਜਸਸ ਨ ਨਮੂਦਹ ਬਰ ਜ਼ੁਬਾਂ ਆਵੁਰਦ ਕਿ ਹੋਰ

ਲਈ ਪ੍ਰੇਰਿਆ ਚੰਦੂ ਦਾ ਦਿਲ ਹੁਣ ਪ੍ਰਸੰਨ ਸੀ, ਉਹ ਜਾਣਦਾ ਸੀ ਕਿ ਆਖ਼ਰ ਬਦਲਾ ਲੈਣ ਦਾ ਸਮਾਂ ਉਸ ਨੂੰ ਮਿਲ ਹੀ ਪਿਆ।

ਇਕ ਅਚਰਜ ਗੱਲ ਹੈ ਕਿ ਪਾਤਸ਼ਾਹ ਲਿਖਦਾ ਹੈ ਕਿ ਮੈਂ ਮਾਰ ਦੇਣ ਦਾ ਹੁਕਮ ਦਿੱਤਾ ਹੈ ਤੇ ਦਬਿਸਤਾਨ ਲਿਖਦਾ ਹੈ ਕਿ ਭਾਰੀ ਜੁਰਮਾਨਾ ਕੀਤਾ। ਕਵਿ ਜੀ ਜੁਰਮਾਨਾ ਤਾਂ ਲਿਖਦੇ ਹਨ, ਪਰ ਪਾਤਸ਼ਾਹ ਵਲੋਂ ਬੇਅਦਬੀ ਤੇ ਮਾਰਨ ਦੇ ਹੁਕਮ ਦਾ ਪਤਾ ਨਹੀਂ ਲਿਖਦੇ। ਇਸ ਦਾ ਕਾਰਨ ਇਹੋ ਜਾਪਦਾ ਹੈ ਕਿ ਜਦ ਪਾਤਸ਼ਾਹ ਨੇ ਚੰਦੂ ਨੂੰ ਦੋਸ਼ੀ ਠਹਿਰਾਇਆ ਤੇ ਸਜ਼ਾ ਲਈ ਗੁਰਾਂ ਦੇ ਹਵਾਲੇ ਕਰ ਦਿੱਤਾ ਤਾਂ ਪਾਤਸ਼ਾਹ ਨੇ ਲੋਕਾਂ ਵਿਚ ਆਪਣੀ ਨਿਰਦੋਸ਼ਤਾ ਦਾ ਸਿੱਕਾ ਬਿਠਾ ਲਿਆ। ਇਹੋ ਖਿਆਲ ਆਮ ਪ੍ਰਚੁਰ ਹੋ ਗਿਆ ਤੇ ਸਰਬ ਸਧਾਰਣ ਦੇ ਸੀਨੇ ਬਸੀਨੇ ਟੁਰਿਆ ਆਇਆ। ਇਥੋਂ ਤਾਈਂ ਇਹ ਗੱਲ ਹੈ ਕਿ ਪਾਤਸ਼ਾਹ ਵਲੋਂ ਕਤਲ ਕਰ ਦੇਣ ਦਾ ਹੁਕਮ ਦਾ ਪਤਾ ਫਾਰਸੀ ਉਰਦੂ ਦੇ ਇਤਿਹਾਸਕਾਰਾਂ ਨੂੰ ਬੀ ਥਹੁ ਨਹੀਂ ਪਿਆ।

ਬਾਕੀ ਰਹੀ ਇਡੇ ਕਰੜੇ, ਤਸੀਹਿਆਂ ਵਿਚ ਜੋ ਭਾਈ ਸੰਤੋਖ ਸਿੰਘ ਜੀ ਨੇ ਵਰਣਨ ਕੀਤੇ ਹਨ, ਸਤਿਗੁਰੂ ਅਰਜਨ ਦੇਵ ਜੀ ਦੀ ਬ੍ਰਿਤੀ ਕਿਸ ਪ੍ਰਕਾਰ ਦੀ ਰਹੀ? ਇਸ ਦੀ ਉਗਾਹੀ ਉਨ੍ਹਾਂ ਦੇ ਪਰਮ ਨਿਕਟ ਵਰਤੀ, ਸੱਚੇ ਮਹਾਂ ਪੁਰਖ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਪਾਸ ਰਹੇ ਸਿੱਖਾਂ ਤੋਂ ਅੱਖੀਂ ਡਿੱਠੀ ਸੁਣਕੇ ਇਉਂ ਦਿੱਤੀ ਹੈ:

ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ ।
ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ ।
ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ ।
ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ ।
ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ ।
ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ ।

---

ਕਿਸਮ ਕਿ ਮੁਨਾਸਬ ਬੁਦਹ ਬਸਜਾਏ ਬਾਇਦ ਰਸਾਨੀਦ। ਦੀਵਾਨ ਜ਼ਲਾਲਤ ਅਕਤਰਾਨ ਜ਼ਹੂਰੇ ਈਂ ਹੁਕਮ ਬਾਦਸ਼ਾਹੀ ਅਜ਼ ਤਾਈਦਾਤੇ ਏਸ਼ਦ ਬੈਚੂੰ ਤਸੱਵਰੀਦਹ ਵ ਦਰ ਇਨਹਮਾਕ ਵ ਇਨਮਹਾਕੇ ਖੇਸ਼ ਨਜ਼ਰ ਨ ਕਰਦਹ ਆਂ ਚੁਨਾਂ ਮਕੱਦਮਾ ਨਾ ਸ਼ਾਇਸਤਹ ਨੁਮਾਇਆਂ ਕਰਦ ਕਿ ਕਲਮ ਦਰ ਤਹਿਰੀਕੇ ਆ ਖ਼ੂੰ ਫਿਸ਼ਾਂ ਵ ਦੀਦਹ ਗਿਰਿਯਾਂ ਵ ਦਿਲ ਬਿਰਿਯਾਂ ਵ ਜਾਨ ਹੈਰਾਂ ਮੇ ਬਾਸ਼ਦ। [ਦਫਤਰ ਅੱਵਲ ਪੰਨਾ ੩੪]

(ਦੀਵਾਨ ਚੰਦੂ ਨੇ) ਜਹਾਂਗੀਰ ਬਾਦਸ਼ਾਹ ਦੀ ਖਿਦਮਤ ਵਿਚ ਦੱਸਿਓ ਸੁ ਕਿ ਗੁਰੂ ਅਰਜਨ ਨਾਮ ਦੇ ਇਕ ਆਦਮੀ ਨੇ ਹਿੰਦੂ ਤੇ ਮੁਸਲਮਾਨਾਂ ਵਿਚ ਇਕ ਤੀਜਾ ਫਿਰਕਾ ਬਣਾਇਆ ਹੈ। ਇਸਲਾਮ ਦੇ ਕਈ ਤਰੀਕਿਆਂ ਨੂੰ ਮਿਟਾਕੇ ਇਸਲਾਮੀ ਰੁਕਨਾਂ ਵਿਚ ਭਾਰੀ ਵਿਰੋਧ ਤੇ ਖਲਲ ਪਾ ਦਿਤੇ ਗਏ ਹਨ। ਹਰ ਰੋਜ਼ ਕੁਛ ਹਿੰਦੂ ਆਦਿਕਾਂ ਵਿਚੋਂ ਉਪ੍ਰੋਕਤ ਗੁਰੂ ਜੀ ਤਾਬਿਆਦਾਰੀ ਦੀ ਰਸੀ ਆਪਣੀ ਜਾਨ ਦੀ ਗਰਦਨ ਵਿਚ ਪਾ ਰਹੇ ਹਨ (ਅਰਥਾਤ ਸਿੱਖ ਬਣ ਰਹੇ ਹਨ)। ਜੇ ਕੋਈ ਹਜ਼ੂਰ ਆਪ ਇਹਦਾ ਬੰਦੋਬਸਤ ਕਰਨ ਤਾਂ ਚੰਗਾ ਹੈ ਨਹੀਂ ਤਾਂ ਇਸ ਤੋਂ ਪਿਛੋਂ ਥੋੜਾ ਸਮਾਂ ਗੁਜ਼ਰ ਜਾਣ ਤੇ ਸਲਤਨਤ ਤੇ ਇਸਲਾਮ ਦਾ ਥੰਮ ਗਿਰ ਜਾਏਗਾ। ਮੈਂ ਗ਼ੁਲਾਮ ਹੋਣ ਕਰਕੇ ਸਿਰਫ ਸ਼ੁਭਚਿੰਤਕਤਾ ਤੋਂ ਇਸ ਮਾਮਲੇ ਬਾਬਤ ਬੇਨਤੀ ਕੀਤੀ ਹੈ।...... ਬਾਦਸ਼ਾਹ ਨੇ ਮਨੁੱਖੀ ਭੁੱਲ ਜਾਣ ਦੇ ਸੁਭਾਵ ਤੇ ਬੇ-ਪ੍ਰਵਾਹੀ ਤੋਂ ਕਿ ਗੁਰੂਆਂ ਦੇ ਇਸ ਉੱਚੇ ਦਰਜੇ, ਵਡੇ ਮਰਤਬੇ ਵਾਲੇ ਫਕੀਰਾਂ ਦੇ ਸਿਰਤਾਜਾਂ ਦੇ ਹਾਲ ਤੋਂ ਵਾਕਫ ਨਹੀਂ ਸੀ, ਦੂਰ ਦੀ ਨਜ਼ਰ ਨਾਲ ਇਸ ਗੱਲ ਦੀ ਖੋਜ ਪੜਤਾਲ ਕੀਤੇ ਬਿਨਾਂ ਕਹਿ ਦਿੱਤਾ ਕਿ ਜਿਸ ਤਰ੍ਹਾਂ ਦੀ ਸਜ਼ਾ ਮੁਨਾਸਬ ਹੋਵੇ ਦਿੱਤੀ ਜਾਏ। ਗੁਮਰਾਹ ਹੋਏ ਹੋਏ ਦੀਵਾਨ ਨੇ ਬਾਦਸ਼ਾਹ ਦੇ ਵਲੋਂ ਦਿੱਤੇ ਗਏ ਇਸ ਹੁਕਮ ਨੂੰ ਗ਼ੈਬੀ ਮਦਦ ਜਾਣਿਆ, ਆਪਣੀ ਬਾਬਤ ਲੰਮੀ ਸੋਚ ਤੋਂ ਕੰਮ ਨਾ ਲੈਕੇ ਇਸ ਤਰ੍ਹਾਂ ਦੀ ਅਯੋਗ ਬਣਤਰ ਬਣਾਈ ਕਿ ਉਸ ਨੂੰ ਲਿਖਣ ਲਗਿਆਂ ਲਿਖਣ ਰੱਤ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਤੇ ਜਾਨ ਹੈਰਾਨ ਹੋ ਜਾਂਦੀ ਹੈ।

ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥
ਪਾਰਬ੍ਰਹਮੁ ਪੂਰਨ ਬ੍ਰਹਮਿ ਸਤਿਗੁਰ ਆਪੇ ਆਪੁ ਉਪਾਇਆ ।
ਗੁਰੁ ਗੋਬਿੰਦੁ ਗੋਵਿੰਦੁ ਗੁਰੁ ਜੋਤਿ ਇਕ ਦੁਇ ਨਾਵ ਧਰਾਇਆ ।

(ਭਾ. ਗੁਰਦਾਸ ਜੀ: ਵਾਰ ੨੪ ਪਉੜੀ ੨੩)

ਅਰਥ: ਗੁਰੂ ਅਰਜਨ ਦੇਵ ਜੀ (ਤੱਤੇ ਰੇਤਿਆਂ ਵਿਚ ਬੈਠੇ ਅੰਦਰੋਂ) ਰਹਿੰਦੇ ਰਹੇ ਹਨ ਗੁਰੂ ਰੂਪੀ ਸਮੁੰਦਰ ਵਿਚ, ਜਿਵੇਂ ਮੱਛੀ (ਪਾਣੀ ਵਿਚ) ਲੀਨ ਰਹਿੰਦੀ (ਨਿਰਵਾਣ ਰਹਿੰਦੀ) ਹੈ, (ਤਿਵੇਂ ਆਪ ਕਸ਼ਟਾਂ ਵਿਚ) ਨਿਰਬਾਣ ਰਹੇ। (ਵਾਹਿਗੁਰੂ ਜੀ ਦਾ ਉਸ ਵੇਲੇ ਦਰਸ਼ਨ ਉਹਨਾਂ ਤੇ ਸਾਖਯਾਤਕਾਰ ਹੋ ਰਿਹਾ ਸੀ ਉਸ) ਦਰਸ਼ਨ ਨੂੰ ਦੇਖ ਕੇ ਪਤੰਗੇ ਵਾਂਙੂ ਉਹਨਾਂ ਦੀ ਜੋਤ ਵਿਚ ਸਮਾ ਗਈ। ਹਾਂ (ਬੜੀ ਕਠਨ) ਭੀੜਾ ਉਹਨਾਂ ਤੇ ਪਈ ਸੀ, ਪਰ ਸਬਦ ਸੁਰਤ ਵਿਚ ਲਿਵ ਲਗੀ ਰਹੀ ਮ੍ਰਿਗ ਵਾਂਙੂ, ਹੋਰ ਕੋਈ ਫੁਰਨਾਂ ਉਹਨਾਂ ਦੇ ਚਿੱਤ ਵਿਚ ਨਹੀਂ ਆਯਾ (ਚਲਾਣੇ ਤੋਂ ਪਹਿਲੀ ਰਾਤ ਬੜੀ ਹੀ ਕਸ਼ਟ ਭਰੀ ਸੀ, ਪਰ ਭਾਈ ਜੀ ਦੱਸਦੇ ਹਨ ਕਿ ਗੁਰੂ ਜੀ ਦੀ ਉਹ) ਰਾਤ (ਭੀ) ਭਵਰ ਦੀ ਤਰ੍ਹਾਂ ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਮਿਲੇ ਰਹਿਕੇ ਸੁੱਖਾਂ ਦੇ ਡੱਬੇ ਵਿਚ (ਬੈਠਿਆਂ) ਬੀਤੀ (ਭਾਵ ਗੁਰੂ ਜੀ ਦੀ ਬ੍ਰਿਤੀ ਘਬਰਾ ਵਿਚ ਨਹੀਂ ਗਈ, ਸਹਜਾਨੰਦ ਵਿਚ ਹੀ ਰਹੇ)। (ਅੰਤਮ ਸ੍ਵਾਸਾਂ ਤਕ ਬੀ) ਬਾਂਬੀਹੇ ਦੀ ਤਰ੍ਹਾਂ ਪੁਕਾਰਕੇ (ਸ਼ਬਦ ਦਾ) ਵੱਖਯਾਨ ਕਰਦੇ ਰਹੇ। ਗੁਰਮੁਖ (ਗੁਰ ਅਰਜਨ ਨੇ) ਸੁਖ ਰੂਪੀ ਫਲ, ਪ੍ਰੇਮ ਰਸ, ਸਹਜ ਸਮਾਧਿ ਤੇ ਸਾਧ ਸੰਗਤ ਹੀ ਜਾਣੀ ਸੀ। (ਮੈਂ) ਗੁਰੂ ਅਰਜਨ ਜੀ ਤੋਂ ਕੁਰਬਾਨ ਹਾਂ (ਜਿਨ੍ਹਾਂ ਦੀ ਇਹ ਅਚਰਜ ਕਰਨੀ ਸੀ।)